ਵਰਿਆਮ

ਤੇਤਵਾਂ ਸਾਲ

ਅਕਤੂਬਰ ੨੦੦੯



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪ੍ਰਸਿਧ ਲੇਖਕ ਪੱਤਰਕਾਰ ਪ੍ਰੋ. ਤਾਰਾ ਸਿੰਘ ਅਨਜਾਣ ਜੀ ਨੂੰ ਸ਼ਹੀਦ ਲਹਿਣਾ ਸਿੰਘ
ਯਾਦਗਾਰੀ ਪੁਰਸਕਾਰ ਪ੍ਰਦਾਨ ਕਰਦੇ ਹੋਏ। (ਸ੍ਰੀ ਭੈਣੀ ਸਾਹਿਬ ੧੫ ਸੰਤਬਰ ੨੦੦੮)
ਨਾਲ ਖੜੇ ਦਿਸ ਰਹੇ ਹਨ ਸੰਤ ਰਛਪਾਲ ਸਿੰਘ, ਸੰਤ ਜੁਗਿੰਦਰ ਸਿੰਘ,
ਸੰਤ ਸੁਲੱਖਣ ਸਿੰਘ ਭੱਟੀ ਅਤੇ ਸੰਤ ਜਸਬੀਰ ਸਿੰਘ

੨੦ ਰੁਪਏ



ਪ੍ਰੋ. ਤਾਰਾ ਸਿੰਘ ਅਨਜਾਣ—ਬੀਬੀ ਜਸਪਾਲ ਕੌਰ ਸਨਮਾਨ ਚਿੰਨ੍ਹ ਸਹਿਤ।
ਪਰਿਵਾਰ ਦੇ ਜੀਅ ਅਤੇ ਸੰਤ ਸੁਲੱਖਣ ਸਿੰਘ ਭੱਟੀ ਨਾਲ ਹਨ।



ਪ੍ਰੋ. ਤਾਰਾ ਸਿੰਘ ਅਨਜਾਣ—ਬੀਬੀ ਜਸਪਾਲ ਕੌਰ ਪਰਿਵਾਰਕ ਮੈਂਬਰਾਂ ਅਤੇ ਵਧਾਈਆਂ ਦਿੰਦੇ ਅਹਿਮ ਸੱਜਣਾਂ ਨਾਲ। ਸ. ਹਰਵਿੰਦਰ ਸਿੰਘ ਹੰਸਪਾਲ, ਸ. ਸੁਲੱਖਣ ਸਿੰਘ ਭੱਟੀ, ਜਗਦੀਸ਼ ਸਿੰਘ ਵਰਿਆਮ, ਮਾਸਟਰ ਅਮਰੀਕ ਸਿੰਘ, ਸ. ਸਾਧੂ ਸਿੰਘ ਕਿਸਾਨ ਅਤੇ ਸ. ਜਸਬੀਰ ਸਿੰਘ ਸਿੰਘ ਨਾਲ ਖੜ੍ਹੇ ਹਨ।

ਵਰਿਆਮ

ਅਕਤੂਬਰ - ੨੦੦੮

ਜਿਲਦ-੩੩

ਅੰਕ- ੧੨

ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'

ਦਫਤਰ ਦਾ ਪਤਾ:	Office Address :
ਮਾਸਿਕ ਵਰਿਆਮ	Monthly WARIAM
ਲਾਡੋਵਾਲੀ ਰੋਡ	
(ਸਾਹਮਣੇ ਸੈਂਟਰਲ ਟਾਊਨ)	Ladowali Road.
ਜਲੰਧਰ- ੧੪੪੦੦੧	Opp. Central Town,
	Jalandhar-144001
ਫੋਨ-:੦੧੮੧- ੨੨੨੨੫੪੩	Ph. :0181-2222543 (O)
ਘਰ : ੦੧੮੧-੨੪੫੬੨੮੯	0181-2456289 (R)

e-mail 'monthlywariam@yahoo.com'

ਵਰਿਆਮ ਦੇ ਦਰ

ਇਹ ਅੰਕ	੨੦-੦੦
ਸਲਾਨਾ ਚੰਦਾ	੨੦੦-੦੦
ਪੰਜ ਸਾਲ ਲਈ	੮੦੦-੦੦
ਜੀਵਨ ਮੈਂਬਰ	੨੦੦੦-੦੦
ਵਿਦੇਸ਼ ਲਈ	੩੦ ਪੌਂਡ ਜਾਂ ੪੦ ਡਾਲਰ ਅਮਰੀਕੀ
ਹਵਾਈ ਡਾਕ ਰਾਹੀਂ	(ਸਾਲਾਨਾ)

ਚੈਕ ਡਰਾਫਟ Monthly Wariam ਜਾਂ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।

ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਤਤਕਰਾ

ਪ੍ਰੋ ਤਾਰਾ ਸਿੰਘ ਅਨਜਾਣ

੧੫ ਸਤੰਬਰ ੨੦੦੯ ਨੂੰ ਸ੍ਰੀ ਭੈਣੀ ਸਾਹਿਬ ਵਿਚ ਚੱਲ ਰਹੇ ਸਾਲਾਨਾ ਜੱਪ ਪਰਯੋਗ ਸਮਾਗਮ ਸਮੇਂ ਪ੍ਰੋ ਤਾਰਾ ਸਿੰਘ ਅਨਜਾਣ ਜੀ ਅਤੇ ਸ੍ਰੀਮਤੀ ਅਨਜਾਣ ਬੀਬੀ ਜਸਪਾਲ ਕੌਰ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਾਵਨ ਕਰ ਕਮਲਾਂ ਅਤੇ ਅਮ੍ਰਿਤ ਦ੍ਰਿਸ਼ਟੀ ਨਾਲ ਸਨਮਾਨਤ ਕੀਤਾ ਗਿਆ। ੧੫ ਸਤੰਬਰ, ਅਮ੍ਰਿਤਸਰ ਵਿਚ ਸ਼ਹੀਦ ਹੋਣ ਵਾਲੇ ਚਾਰ ਸਿੰਘਾਂ ਦਾ ਸ਼ਹੀਦੀ ਦਿਵਸ ਹੈ। ਇਹਨਾਂ ਸ਼ਹੀਦਾਂ ਵਿਚੋਂ ਇਕ ਸ. ਲਹਿਣਾ ਜੀ ਸਨ ਜਿਨ੍ਹਾਂ ਦੇ ਵੰਸ਼ਜ ਦਿਲੀ ਵਿਚ ਰਹਿੰਦੇ ਹਨ। ਸ਼ਹੀਦ ਲਹਿਣਾ ਸਿੰਘ ਦੀ ਸਿਮ੍ਰਤੀ ਵਿਚ ਇਕ ਤਾਂ ਉਹ ਸ਼ਹੀਦੀ ਮੇਲੇ ਦੀ ਮੇਜ਼ਬਾਨੀ ਕਰਦੇ ਹਨ ਅਤੇ ਦੂਜਾ ਉਹ ਪਿਛਲੇ ਪੰਜ ਸਾਲਾਂ ਤੋਂ ਕਿਸੇ ਉਘੀ ਸ਼ਖਸੀਅਤ ਨੂੰ ਸਨਮਾਨਤ ਵੀ ਕਰਦੇ ਹਨ। ਸੰਤ ਸੁਲੱਖਣ ਸਿੰਘ ਭੱਟੀ ਇਸ ਸਨਮਾਨ ਨਾਲ ਆਪਣੇ ਪਿਤਾ ਸੰਤ ਮਾਨ ਸਿੰਘ ਅਤੇ ਮਾਤਾ ਧੰਨ ਕੌਰ ਨੂੰ ਵੀ ਯਾਦ ਕਰਦੇ ਹਨ।

ਪ੍ਰੋ ਤਾਰਾ ਸਿੰਘ ਅਨਜਾਣ ਕਿਸੇ ਜਾਣ ਪਛਾਣ ਦੇ ਮੁਹਤਾਜ ਨਹੀਂ। ਉਹ ਨਾਮਧਾਰੀ ਦਰਬਾਰ ਦੇ ਆਫੀਸ਼ੀਅਲ ਪੱਤਰ ਸਤਿਜੁਗ ਦੇ ਕਾਰਜਕਾਰੀ ਆਨਰੇਰੀ ਸੰਪਾਦਕ ਦੀ ਸੇਵਾ ਨਿਭਾ ਰਹੇ ਹਨ ਅਤੇ ਹਰ ਹਫਤੇ ਉਹਨਾਂ ਦੁਆਰਾ ਲਿਖਿਆ ਸੰਪਾਦਕੀ ਵੱਖ-ਵੱਖ ਮਸਲਿਆਂ ਨੂੰ ਛੋਹੰਦਾ ਪਾਠਕਾਂ ਵਿਚ ਬੜੀ ਦਿਲਚਸਪੀ ਨਾਲ ਪੜ੍ਹਿਆ ਜਾਂਦਾ ਹੈ। ਅਨਜਾਣ ਜੀ ਪੁਸਤਕ ਲੇਖਕ ਵਜੋਂ ਵੀ ਸਥਾਪਤ ਹਨ। ਅਜ ਤੱਕ ਉਹ ਦੋ ਦਰਜਨ ਤੋਂ ਵੱਧ ਪੁਸਤਕਾਂ ਲਿਖ ਚੁੱਕੇ ਹਨ ਜਿਹਨਾਂ ਵਿਚੋਂ ਕਈ ਪੁਸਤਕਾਂ ਸੀ. ਬੀ.ਐਸ. ਈ. ਦੇ ਸਕੂਲਾਂ ਦੇ ਕੋਰਸ ਵਿਚ ਲਗੀਆਂ ਹੋਈਆਂ ਹਨ। ਹੁਣੇ-ਹੁਣੇ ਹੀ ਭਾਰਤ ਸਰਕਾਰ ਦੇ ਪ੍ਰਕਾਸ਼ਨ ਵਿਭਾਗ ਵੱਲੋਂ ਉਹਨਾਂ ਦੀ ਇਤਿਹਾਸਕ ਪੁਸਤਕ "ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ" ਪ੍ਰਕਾਸ਼ਤ ਹੋਈ ਹੈ। ਉਹਨਾਂ ਆਪਣੇ ਜੀਵਨ ਦਾ ਬਹੁਤਾ ਸਮਾਂ ਅਧਿਆਪਨ ਵਿਚ ਬਤੀਤ ਕੀਤਾ ਹੈ ਅਤੇ ਉਹ ਅਧਿਆਪਕਾਂ ਦੇ ਅਧਿਆਪਕ ਵੀ ਰਹੇ ਹਨ। ਦਿੱਲੀ ਵਿੱਚ ਪੰਜਾਬੀ ਨੂੰ ਉੱਚ ਅਸਥਾਨ ਦਿਵਾਉਣ ਵਿਚ ਉਹਨਾਂ ਉਘਾ ਸੰਘਰਸ਼ ਕੀਤਾ ਹੈ ਅਤੇ ਦਿੱਲੀ ਦੇ ਲੇਖਕ ਅਤੇ ਅਧਿਆਪਕ ਵਰਗ ਦੇ ਉਹ ਨੇਤਾ ਮੰਨੇ ਜਾਂਦੇ ਹਨ। ਉਹ ਨਾਮਧਾਰੀ ਰਹੁ ਰੀਤਾਂ, ਵਿਸ਼ਵਾਸਾਂ ਦੇ ਵੀ ਪੱਕੇ ਧਾਰਨੀ ਹਨ। ਇਕ ਵਾਰ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਹਨਾਂ ਨੂੰ ਕਿਹਾ ਕਿ ਉਹ ਸ੍ਰੀ ਭੈਣੀ ਸਾਹਿਬ ਵਿਚ ਰਹਿ ਰਹੇ ਉਘੇ ਲੇਖਕ ਪ੍ਰੀਤਮ ਸਿੰਘ ਕਵੀ (ਜੋ ਬਿਰਧ ਅਤੇ ਬੀਮਾਰ ਅਵਸਥਾ ਵਿਚ ਸਨ) ਨੂੰ ਮਿਲ ਕੇ ਜਾਇਆ ਕਰਨ। ਅਨਜਾਣ ਜੀ ਹਰ ਹਫਤੇ ਦਿੱਲੀ ਤੋਂ ਭੈਣੀ ਸਾਹਿਬ ਇਸੇ ਕੰਮ ਹੀ ਆਇਆ ਕਰਦੇ ਸਨ। ਹੁਣ ਵੀ ਪੰਥਕ ਕਾਰਜਾਂ ਵਿਚ ਉਹ ਸਰਗਰਮੀ ਨਾਲ ਯੋਗਦਾਨ ਪਾਉਂਦੇ ਅਕਸਰ ਸ੍ਰੀ ਭੈਣੀ ਸਾਹਿਬ ਆਉਂਦੇ ਰਹਿੰਦੇ ਹਨ। ਜਦੋਂ ੧੯੯੭ ਵਿਚ ਅਮਰੀਕਾ ਦੇ ਸ਼ਹਿਰ ਮਿਲਵਾਇਕੀ ਵਿਚ ਵਿਸ਼ਵ ਪੰਜਾਬੀ ਕਾਨਫਰੰਸ ਤੇ ਗਏ ਤਾਂ ਉਹ ਆਪਣਾ ਭੋਜਨ ਨਾਲ ਲੈ ਕੇ ਜਹਾਜ਼ ਵਿਚ ਸਵਾਰ ਹੋਏ ਅਤੇ ਇਹ ਭੋਜਨ ਜਦੋਂ ਜਹਾਜ਼ ਵਿਚਲੇ ਡੈਲੀਗੇਟਾਂ ਨੇ ਛੱਕ ਲਿਆ ਤਾਂ ਉਹਨਾਂ ਇਸੇ ਤੇ ਖੁਸ਼ੀ ਹੀ ਮਣਾਈ। ਅਮਰੀਕਾ ਵਿਚ ਵੀ ਉਹਨਾਂ ਬਾਹਰ ਦੇ ਖਾਣੇ ਤੋਂ ਕਿੰਨੇ ਦਿਨ ਪਰਹੇਜ਼ ਰਖਿਆ ਅਤੇ ਉਹਨਾਂ ਦੇ ਘਰ ਦੀਆਂ ਬਣੀਆਂ ਪਿੰਨੀਆਂ ਵਾਲੇ ਡੱਬੇ ਚੋਂ ਵੀ ਡੇਲੀਗੇਟ ਸੁਆਦ ਲੈਂਦੇ ਰਹੇ। ਆਖਰ ਬਹੁਤ ਦਿਨਾਂ ਬਾਦ ਉਥੋਂ ਦੇ ਇਕ ਸਿਖ ਪਰਿਵਾਰ ਨੂੰ ਪਤਾ ਲਗਾ ਤਾਂ ਉਹਨਾਂ ਘਰ ਸੱਦ ਕੇ ਸ਼ੁੱਧ ਵੈਸ਼ਨੋ ਦਾਲ ਪ੍ਰਸ਼ਾਦੇ ਨਾਲ ਸੇਵਾ ਕੀਤੀ। ਇਹ ਗੱਲ ਉਹਨਾਂ ਦੇ ਸਿਰੜ ਦੇ ਮਿਸਾਲ ਵਜੋਂ ਲਿਖੀ ਹੈ। ਉਹ ਹਸਮੁਖ ਅਤੇ ਵਿਅੰਗ ਮਈ ਸੁਭਾਅ ਦੇ ਮਾਲਕ ਹਨ ਅਤੇ ਬਹੁਤ ਮਿਹਨਤੀ ਪੁਰਖ ਹਨ। ਉਹ ਯਾਰਾਂ ਦੇ ਯਾਰ ਹਨ। ਨਾਮਧਾਰੀ ਦਰਬਾਰ ਦੇ ਪ੍ਰਧਾਨ ਸਾਬਕਾ ਐਮ.ਪੀ. ਅਤੇ ਸਤਿਜੁਗ ਦੇ ਮੁੱਖ ਸੰਪਾਦਕ ਸ. ਹਰਵਿੰਦਰ ਸਿੰਘ ਹੰਸਪਾਲ ਜੀ ਦੀ ਉਹ ਪੱਕੀ ਭ੍ਰੋਸੇਮੰਦ ਧਿਰ ਹਨ। ਅਨਜਾਣ ਜੀ ਸਫਲ ਕਵੀ ਅਤੇ ਬੁਲਾਰੇ ਵੀ ਹਨ ਅਤੇ ਪਰਿਵਾਰਕ ਜੀਵਨ ਵਿਚ ਉਹ ਸਫਲ ਤੇ ਸੰਤੁਸ਼ਟ ਮੂਰਤ ਹਨ। ਅਪਣੀ ਜੀਵਨ ਸਾਥਣ ਸ੍ਰੀਮਤੀ ਜਸਪਾਲ ਕੌਰ ਨਾਲ ਵੀ ਮੁਕੰਮਲ ਤੌਰ ਤੇ ਇਕ ਸੁਰ ਹਨ। ਬੀਬੀ ਜਸਪਾਲ ਕੌਰ ਨੇ ਸਾਰੀ ਉਮਰ ਅਧਿਆਪਣ ਦਾ ਕਾਰਜ ਕੀਤਾ ਹੈ। ਉਹ ਲੇਖਿਕਾ ਵੀ ਹਨ ਅਤੇ ਸ਼ਹੀਦ ਬਾਬਾ ਲਹਿਣਾ ਸਿੰਘ ਅਤੇ ਸੰਤ ਨਿਧਾਨ ਸਿੰਘ ਆਲਿਮ ਹੋਰਾਂ ਦੀਆਂ ਪੁਸਤਕਾਂ ਦਾ ਉਹਨਾਂ ਸੁੰਦਰ ਅਨੁਵਾਦ ਕੀਤਾ ਹੈ।

ਸ੍ਰੀ ਭੈਣੀ ਸਾਹਿਬ ਵਿਚ ਪ੍ਰੋ. ਅਨਜਾਣ ਜੀ ਅਤੇ ਸ੍ਰੀਮਤੀ ਜਸਪਾਲ ਕੌਰ ਦੋਹਾਂ ਨੂੰ ਸਾਂਝੇ ਤੌਰ ਤੇ ਸਨਮਾਨਿਤ ਕੀਤਾ ਗਿਆ। ਸਾਂਝਾ ਮੋਮੈਂਟੋ ਦੇ ਕੇ ਦੋਹਾਂ ਜੀਆਂ ਨੂੰ ਵੱਖ-ਵੱਖ ਸ਼ਾਲ ਅਤੇ ਸਨਮਾਨ ਰਾਸ਼ੀ ਨਾਲ ਸਨਮਾਨਤ ਕੀਤਾ ਗਿਆ।

ਅਨਜਾਣ ਜੀ ਅਨੇਕ ਸਿਫਤਾਂ ਦੇ ਮਾਲਕ ਹਨ। ਕੁਝ ਦਿਸਦੀਆਂ ਅਤੇ ਕੁਝ ਗੁੱਝੀਆਂ। ਜਿਸ ਸਿਦਕ ਦਿਲੀ ਨਾਲ ਬਗੈਰ ਕੁਝ ਜਤਾਏ ਬੀਬੀ ਜੀ ਦੀ ਬੀਮਾਰੀ ਦਾ ਸਮਰਪਣ ਭਾਵਨਾ ਨਾਲ ਉਹ ਮੁਕਾਬਲਾ ਕਰਦੇ ਹੋਏ ਸਹਿਯੋਗ ਦੇ ਰਹੇ ਹਨ ਅਤੇ ਆਪਣੇ ਸਰੀਰ ਵੱਲ ਵੀ ਬੇਪਰਵਾਹ ਹਨ ਉਹ ਭਾਰੀ ਹੈਰਾਨੀ ਅਤੇ ਪਰਸੰਨਤਾ ਵਾਲਾ ਕਾਰਜ ਹੈ।

ਅਨਜਾਣ ਜੀ ਨੂੰ ਸਨਮਾਨ ਤਾਂ ਹੋਰ ਵੀ ਮਿਲੇ ਹੋਣਗੇ ਪੁਰ ਸ੍ਰੀ ਸਤਿਗੁਰੂ ਜੀ ਦੇ ਪਾਵਨ ਕਰ ਕਮਲਾਂ ਦੁਆਰਾ ਪਰਾਪਤ ਸਨਮਾਨ ਨਿਸਚਿਤ ਹੀ ਉਹਨਾਂ ਵਾਸਤੇ ਸਿਰਮੌਰ ਪ੍ਰਾਪਤੀ ਹੈ। ਅਨਜਾਣ ਜੀ ਦੇ ਨਾਲ ਹੀ ਸਨਮਾਨ ਦੀ ਚੋਣ ਅਤੇ ਪ੍ਰਬੰਧ ਕਰਨ ਵਾਲੇ ਸਜਣ ਵੀ ਵਧਾਈ ਅਤੇ ਧੰਨਵਾਦ ਦੇ ਪਾਤਰ ਹਨ।

—ਜਗਦੀਸ਼ ਸਿੰਘ ਵਰਿਆਮ

ਪੰਜਾਬੀ ਭਾਸ਼ਾ ਦੇ ਸਹੀ ਸਥਾਨ ਲਈ ਬਿਲ ਪਾਸ

ਆਖਰ ਪੰਜਬੀ ਭਾਸ਼ਾ ਵਾਸਤੇ ੧੦ ਸਤੰਬਰ ੨੦੦੮ ਦਾ ਦਿਨ ਇਤਿਹਾਸਕ ਹੋ ਨਿਬੜਿਆ ਹੈ। ਕੁਫਰ ਟੁੱਟਾ ਖੁਦਾ ਖੁਦਾ ਕਰ ਕੇ। ਪੰਜਾਬ ਅਸੰਬਲੀ ਨੇ ਸਾਰੀਆਂ ਰਾਜਸੀ ਪਾਰਟੀਆਂ ਦੇ ਸਹਿਯੋਗ ਨਾਲ ਸਰਬ ਸੰਮਤੀ ਨਾਲ ਦੋ ਬਿਲ ਪਾਸ ਕਰ ਦਿਤੇ ਹਨ ਜਿਨ੍ਹਾਂ ਸਦਕਾ ਪੰਜਾਬ ਦੇ ਸਾਰੇ ਸਕੂਲਾਂ 'ਚ ਦਸਵੀਂ ਤਕ ਪੰਜਾਬੀ ਪੜ੍ਹਾਉਣੀ ਲਾਜ਼ਮੀ ਕਰ ਦਿੱਤੀ ਗਈ ਹੈ। ਸਰਕਾਰੇ ਦਰਬਾਰੇ ਅਤੇ ਅਦਾਲਤਾਂ ਵਿਚ ਵੀ ਹੋਵੇਗਾ ਪੰਜਾਬੀ ਵਿਚ ਹੀ ਕੰਮ। ਪੰਜਾਬੀ ਵਿਚ ਕੰਮ ਨਾ ਕਰਨ ਵਾਲੇ ਅਧਿਕਾਰੀਆਂ ਲਈ ਸਜ਼ਾ ਦਾ ਪਰਬੰਧ ਵੀ ਹੋਵੇਗਾ। ਪੰਜਾਬੀ ਨੂੰ ਨਜ਼ਰ ਅੰਦਾਜ਼ ਕਰਨ ਵਾਲੇ ਸਕੂਲਾਂ ਨੂੰ ਸਰਕਾਰ ਬੰਦ ਵੀ ਕਰ ਸਕੇਗੀ। ਦਫਤਰਾਂ ਵਿਚ ਪੰਜਾਬੀ ਯਕੀਨੀ ਬਨਾਉਣ ਲਈ ਸੂਬਾ ਅਤੇ ਜ਼ਿਲ੍ਹਾ ਪੱਧਰੀ ਨਿਗਰਨ ਕਮੇਟੀਆਂ ਗਠਿਤ ਹੋਣਗੀਆਂ।

ਪੰਜਾਬ ਵਿਧਾਨ ਸਭਾ ਇਹ ਜੁੱਗਤ ਵਾਲਾ ਕੰਮ ਕਰਨ ਵਾਸਤੇ ਵਧਾਈ ਦੀ ਪਾਤਰ ਹੈ। ਪਿਛਲੇ ਕੁਝ ਸਮੇਂ ਤੋਂ ਲਗ ਰਿਹਾ ਸੀ ਕਿ ਪੰਜਾਬੀ ਭਾਸ਼ਾ ਦੀ ਦੁਰਗਤੀ ਵਾਸਤੇ ਇਕ ਮਿੱਥਿਆ ਪ੍ਰੋਗਰਾਮ ਚਲ ਰਿਹਾ ਹੈ। ਪੰਜਾਬੀ ਭਾਸ਼ਾ ਵਾਸਤੇ ਲੜ੍ਹਾਈ ਲੜ੍ਹਨ ਵਾਲੀਆਂ ਪਾਰਟੀਆਂ ਹਕੂਮਤ ਵਿਚ ਆਉਣ ਤੇ ਅਜਿਹੇ ਫੈਸਲੇ ਕਰਨ ਲਗੀਆਂ ਜਿਸ ਨਾਲ ਸਭ ਤੋਂ ਪਹਿਲਾ ਸ਼ਿਕਾਰ ਖੁਦ ਪੰਜਾਬੀ ਹੀ ਹੋ ਗਈ। ਅੰਗਰੇਜ਼ੀ ਸਕੂਲਾਂ ਅਤੇ ਸਭਿਆਚਾਰ ਦਾ ਬੋਲ ਬਾਲ ਹੋ ਗਿਆ। ਕਈ ਸਕੂਲਾਂ ਵਿਚ ਬੱਚਿਆਂ ਨੂੰ ਪੰਜਾਬੀ 'ਚ ਗੱਲ ਕਰਨ ਲਈ ਸਜ਼ਾਵਾਂ ਵੀ ਦਿੱਤੀਆਂ। ਕਹਾਣੀ ਵਿਸਥਾਰ ਵਾਲੀ ਹੈ ਅਤੇ ਪੰਜਾਬੀ ਲਈ ਸੰਘਰਸ਼ ਦੀ ਗਾਥਾ ਵੀ ਲੰਬੀ ਹੈ। ਪੈਰ-ਪੈਰ ਤੇ ਵਾਅਦਾ ਸ਼ਿਕਣੀ ਹੋਈ। ਪੰਜਾਬੀ ਲੇਖਕਾਂ ਨੇ ਨਿਮਾਣਾ ਜਿਹਾ ਸੰਘਰਸ਼ ਵਿਢੀ ਰੱਖਿਆ। ਘਰੋਂ ਝੋਲੇ ਚੁੱਕ ਕੇ ਚੰਡੀਗੜ੍ਹ ਦੀਆਂ ਸੜਕਾਂ ਤੇ ਮਾਰਚ ਕਰਦੇ ਅਤੇ ਮੈਮੋਰੈਂਡਮ ਦਿੰਦੇ ਰਹੇ। ਕਦੇ ਕਦਾਈ ਥਾਣੇ ਵਿਚ ਵੀ ਵਿਸ਼ਰਾਮ ਕਰਨਾ ਪਿਆ। ਬਜ਼ੁਰਗ ਲੇਖਕਾਂ ਨੂੰ ਵੀ ਪੁਲਿਸ ਨੇ ਝੰਜੋੜਿਆ।... ਖੈਰ ਬਿਲ ਪਾਸ ਹੋ ਗਏ ਹਨ ਪਰ ਧਿਆਨ ਦੇਣ ਵਾਲੀ ਗੱਲ ਹੈ ਕਿ ਅਫਸਰਸ਼ਾਹੀ ਬਹੁਤ ਸ਼ਾਤਰ ਹੈ। ਐਸੀਆਂ ਧਿਰਾਂ ਵੀ ਹਨ ਜੋ ਮਨੋ ਪੰਜਾਬੀ ਦੀ ਸਰਦਾਰੀ ਤੇ ਖੁਸ਼ ਨਹੀਂ। ਤਜਰਬਾ ਦਸਦਾ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਇਹ ਧਿਰਾਂ ਰੋੜਾ ਅਟਕਾਉਣ ਦਾ ਜਤਨ ਕਰਨਗੀਆਂ। ਪੰਜਾਬੀ ਦੇ ਮੁਦਈਆਂ, ਲੇਖਕਾਂ ਅਤੇ ਪੰਜਾਬੀ ਪਿਆਰਿਆਂ ਨੂੰ ਚੌਕੰਨਾ ਹੋਣਾ ਪਵੇਗਾ।

ਸਰਕਾਰ ਵੱਲੋਂ ਜੋ ਚਾਹੀਦਾ ਸੀ ਉਹ ਕੁਝ ਹੱਦ ਤੱਕ ਹੋ ਗਿਆ ਹੈ ਪਰ ਇਸ ਗੱਲ ਤੇ ਪਹਿਰਾ ਲੋਕਾਂ ਨੂੰ ਹੀ ਦੇਣਾ ਪਵੇਗਾ। ਜਾਗਦੇ ਰਹਿਣਾ ਪਵੇਗਾ। ਆਮ ਲੋਕਾਂ ਨੂੰ ਵੀ ਗ਼ਫਲਤ ਤੋਂ ਜਾਗਣਾ ਪਵੇਗਾ। ਅਜੇ ਵੀ ਸ਼ਾਦੀ ਕਾਰਡਾਂ ਅਤੇ ਹੋਰ ਸਮਾਗਮਾਂ ਵਿਚ ਪੰਜਾਬੀ ਨੂੰ ਕੋਈ ਥਾਂ ਨਹੀਂ। ਇਹ ਥਾਂ ਸਿਰਾਂ ਵਿਚ ਪਹਿਲਾਂ ਬਣੇਗੀ ਫੇਰ ਅਗੇ ਗੱਲ ਵਧੇਗੀ। ਪਰ ਫੇਰ ਵੀ ਦੇਰ ਆਇਦ ਦਰੁਸਤ ਆਇਦ।

ਪੰਜਾਬ ਵਿਧਾਨ ਸਭਾ, ਸਭ ਪਾਰਟੀਆਂ, ਮੁਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ, ਡਾ. ਉਪਿੰਦਰ ਜੀਤ ਕੌਰ ਸਿੱਖਿਆ ਤੇ ਭਾਸ਼ਾ ਮੰਤਰੀ ਸਭ ਵਧਾਈ ਦੇ ਪਾਤਰ ਹਨ। ਸ਼ਾਲਾ ਪੰਜਾਬੀ ਵਧੇ ਫੁੱਲੇ।

— ਜਗਦੀਸ਼ ਸਿੰਘ ਵਰਿਆਮ

ਰਾਜ ਪ੍ਰਬੰਧ ਦਾ ਕੰਮ-ਕਾਜ ਪੰਜਾਬੀ 'ਚ ਹੋਵੇ-ਡਾ. ਉਪਿੰਦਰਜੀਤ ਕੌਰ

ਪੰਜਾਬ ਦੀ ਸਿੱਖਿਆ ਤੇ ਭਾਸ਼ਾ ਮੰਤਰੀ ਡਾ. ਉਪਿੰਦਰਜੀਤ ਕੌਰ ਨੇ ਰਾਜ ਦੇ ਸਮੂਹ ਵਿਦਿਅਕ ਅਦਾਰਿਆਂ, ਵਿਭਾਗਾਂ, ਬੋਰਡਾਂ, ਕਾਰਪੋਰੇਸ਼ਨਾਂ ਤੇ ਹੇਠਲੀਆਂ ਅਦਾਲਤਾਂ ਨੂੰ ਕਿਹਾ ਹੈ ਕਿ ਪੰਜਾਬ ਸਰਕਾਰ ਵਲੋਂ ਰਾਜ ਪ੍ਰਬੰਧ ਦੀ ਭਾਸ਼ਾ ਪੰਜਾਬੀ ਲਾਜ਼ਮੀ ਕਰਨ ਲਈ ਸੋਧੇ ਹੋਏ ਪੰਜਾਬੀ ਭਾਸ਼ਾ ਕਾਨੂੰਨ ਤਹਿਤ ਉਹ ਆਪਣਾ ਸਮੁੱਚਾ ਕੰਮ-ਕਾਜ ਪੰਜਾਬੀ ਵਿਚ ਹੀ ਕਰਨ ਅਤੇ ਨੋਟਿਸ ਬੋਰਡਾਂ, ਮੀਲ ਪੱਥਰਾਂ, ਦਿਸ਼ਾ ਬੋਰਡਾਂ, ਨਾਮ ਪੱਤਰੀਆਂ, ਫਾਰਮ, ਅਰਜ਼ੀਆਂ ਤੇ ਹੋਰ ਸਮੱਗਰੀ ਪੰਜਾਬੀ ਵਿਚ ਹੀ ਛਪਵਾਉਣ। ਭਾਸ਼ਾ ਮੰਤਰੀ ਨੇ ਚਿਤਾਵਨੀ ਦਿੱਤੀ ਹੈ ਕਿ ਪੰਜਾਬੀ ਭਾਸ਼ਾ ਕਾਨੂੰਨ ਤਹਿਤ ਕਿਸੇ ਵੀ ਅਧਿਕਾਰੀ/ਕਰਮਚਾਰੀ ਨੂੰ ਪੰਜਾਬੀ ਭਾਸ਼ਾ ਮੁਕੰਮਲ ਰੂਪ ਵਿਚ ਲਾਗੂ ਨਾ ਕਰਨ ਸਬੰਧੀ ਕੋਈ ਢਿੱਲ ਨਹੀਂ ਦਿੱਤੀ ਜਾਵੇਗੀ ਅਤੇ ਸ਼ਿਕਾਇਤ ਮਿਲਣ ਉਪਰੰਤ ਤੁਰੰਤ ਬਣਦੀ ਕਾਰਵਾਈ ਸਖਤੀ ਨਾਲ ਅਮਲ ਵਿਚ ਲਿਆਂਦੀ ਜਾਵੇਗੀ, ਕਿਉਂਕਿ ਸਰਕਾਰੀ ਮੁਲਾਜ਼ਮਾਂ ਵਲੋਂ ਪੰਜਾਬੀ ਭਾਸ਼ਾ ਵਿਚ ਕੰਮ-ਕਾਜ ਨਾ ਕਰਨ ਦੀ ਸੂਰਤ ਵਿਚ ਉਕਤ ਕਾਨੂੰਨ ਵਿਚ ਸਖਤ ਸਜ਼ਾ ਦੀ ਵਿਵਸਥਾ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਵਿਭਾਗ ਵਲੋਂ ਸਮੂਹ ਵਿਭਾਗਾਂ, ਹੇਠਲੀਆਂ ਅਦਾਲਤਾਂ ਅਤੇ ਵਿਦਿਅਕ ਸੰਸਥਾਵਾਂ ਵਿਚ ਪੰਜਾਬੀ ਲਾਜ਼ਮੀ ਲਾਗੂ ਕਰਨ ਨੂੰ ਲੈ ਕੇ ਭਾਸ਼ਾ ਵਿਭਾਗ ਵਲੋਂ ਹਰ ਤਰ੍ਹਾਂ ਦੀ ਸਹੂਲਤ ਮੁਹੱਈਆ ਕਰਵਾਈ ਜਾਵੇਗੀ ਜਿਸ ਵਿਚ ਅਨੁਵਾਦਕਾਂ ਦੀਆਂ ਨਿਯੁਕਤੀਆਂ, ਪੰਜਾਬੀ ਸ਼ਬਦਕੋਸ਼, ਤਕਨੀਕੀ ਸ਼ਬਦਾਵਲੀ, ਕਾਨੂੰਨਾਂ ਦਾ ਪੰਜਾਬੀ ਵਿਚ ਉਲੱਥਾ ਕਰਨ ਤੋਂ ਇਲਾਵਾ ਹੋਰ ਸਮੱਗਰੀ ਵੀ ਪੰਜਾਬੀ ਵਿਚ ਮੁਹੱਈਆ ਕਰਵਾਈ ਜਾਵੇਗੀ।

ਕੂਕਾ-ਕਾਜ਼ ਦਾ ਸਰਗਰਮ ਪਰਚਾਰਕ — ਸੂਬਾ ਮਾਨ ਸਿੰਘ 'ਸੈਦੋ'

— *ਸੁਵਰਨ ਸਿੰਘ ਵਿਰਕ*

ਕੂਕਾ ਲਹਿਰ 'ਧਾਰਮਿਕ ਮੁਹਾਂਦਰੇ ਵਿਚ ਲਿਪਟੀ" ਇਕ ਦੂਰ-ਅੰਦੇਸ਼ੀ ਰਾਜਨੀਤਕ ਲਹਿਰ ਸੀ" ਜਿਸ ਤੋਂ ਅੰਗ੍ਰੇਜ਼ ਭੈਭੀਤ ਹੋ ਗਏ ਸਨ।

"ਕੂਕਾ ਲਹਿਰ ਦਾ ਜਨਮ ਉਹਨਾਂ ਪ੍ਰਸਥਿਤੀਆਂ ਵਿਚ ਹੋਇਆ, ਜਦੋਂ ਪੰਜਾਬ ਸਿੱਖ ਮਿਸਲਾਂ ਦਾ ਸਫਰ ਤੈਅ ਕਰਦਾ ਹੋਇਆ, ਮਹਾਰਾਜਾ ਰਣਜੀਤ ਸਿੰਘ ਦੇ ਪੰਜਾਬੀ ਰਾਜ ਦੀਆਂ ਸਿਖਰਾਂ ਤੇ ਪਹੁੰਚ ਚੁੱਕਾ ਸੀ। ਸਿੱਖ ਧਰਮ ਲਈ ਇਤਿਹਾਸ ਵਿਚ ਅਥਾਹ ਕੁਰਬਾਨੀਆਂ ਕਰਨ ਵਾਲੀਆਂ ਪੇਂਡੂ ਕਿਰਤੀ, ਕਾਰੀਗਰ ਤੇ ਦਲਿਤ ਜਮਾਤਾਂ ਦਾ ਪੰਜਾਬੀ ਰਾਜ ਤੋਂ ਮੋਹ ਭੰਗ ਹੋ ਚੁੱਕਾ ਸੀ। ਮਹਾਰਾਜਾ ਰਣਜੀਤ ਸਿੰਘ ਦਾ ਅਥਾਹ ਕੁਰਬਾਨੀਆਂ ਨਾਲ ਬਣਾਇਆ 'ਪੰਜਾਬੀ ਰਾਜ' ਸਾਜ਼ਿਸ਼ਾਂ, ਧੋਖਾ ਧੜੀ, ਕਤਲੋ ਗਾਰਤ ਦਾ ਸ਼ਿਕਾਰ ਹੋ ਚੁੱਕਾ ਸੀ ਅਤੇ ੧੮੪੯ ਵਿਚ ਅੰਗਰੇਜ਼ਾਂ ਨੇ ਇਸ ਨੂੰ ਹੜੱਪ ਕਰ ਲਿਆ ਸੀ। ਪੰਜਾਬ ਵਿਚ ਘੋਰ ਨਿਰਾਸ਼ਾ ਦਾ ਚਾਰੇ ਪਾਸੇ ਆਲਮ ਸੀ। ਅੰਗਰੇਜ਼ ਸਰਪ੍ਰਸਤੀ ਹਾਸਲ ਕਰਨ ਲਈ ਧਾਰਮਿਕ, ਸਮਾਜਿਕ ਤੇ ਪਰੰਪਰਾਗਤ ਰਾਜਨੀਤਕ ਸੰਸਥਾਵਾਂ ਦੇ ਮੁਖੀ ਇਕ ਦੂਜੇ ਨੂੰ ਲਤਾੜਣ ਵਿਚ ਲੱਗੇ ਹੋਏ ਸਨ। ਪੂਰੇ ਦੇਸ਼ ਵਿਚ ਉਭਰਿਆ ੧੮੫੭ ਦਾ ਗਦਰ ਅੰਗਰੇਜ਼ ਕੁਚਲ ਚੁੱਕੇ ਸਨ। ਇਸ ਨੂੰ ਕੁਚਲਣ ਲਈ ਉਹਨਾਂ ਨੇ ਬਿਖਰ ਚੁੱਕੀ, ਮਹਾਰਾਜਾ ਰਣਜੀਤ ਸਿੰਘ ਦੀ ਫੌਜ, ਪਟਿਆਲਾ, ਨਾਭਾ, ਜੀਂਦ ਤੇ ਫਰੀਦਕੋਟ ਰਿਆਸਤ ਦੀ ਮੱਦਦ ਲਈ। ਪੰਜਾਬ ਵਿਚ ਕਈ ਥਾਵਾਂ ਤੇ ੧੮੫੭ ਦੇ ਗ਼ਦਰ ਦੇ ਹੱਕ ਵਿਚ ਬਗਾਵਤਾਂ ਵੀ ਹੋਈਆਂ। ਪ੍ਰੰਤੂ ਬਹੁਤਾ ਪੰਜਾਬ, ਨਿਰਾਸ਼ਾ, ਮਾਯੂਸੀ ਤੇ ਬੇਵੱਸੀ ਵਿਚੋਂ ਗੁਜ਼ਰ ਰਿਹਾ ਸੀ।"[1]

ਕੂਕਾ ਅੰਦੋਲਨ ਦੀ ਇਤਿਹਾਸਕ ਪਿੱਠ ਭੂਮੀ ਤੇ ਇਸ ਪਰਕਾਰ ਡਾ. ਤਾਰਾ ਸਿੰਘ 'ਸੰਧੂ' ਆਪਣੇ ਆਲੇਖ ਵਿਚ ਝਾਤ ਪਾਉਂਦੇ ਹਨ। ਉਹ ਇਸ ਦੀਆਂ ਦੋ ਤਿੰਨ ਹੋਰ ਵਿਸ਼ੇਸ਼ਤਾਈਆਂ ਵੀ ਗਿਣਾਉਂਦੇ ਹਨ ਕਿ 'ਵਿਦੇਸ਼ੀ ਮਾਲ ਦਾ ਬਾਈਕਾਟ' ਅਤੇ 'ਮੁਤਬਾਦਲ ਸਟੇਟ' ਦਾ ਸੰਕਲਪ ਵੀ ਕੂਕਾ ਲਹਿਰ ਦੀ ਉਸ ਦੌਰ ਵਿਚ ਇਕ ਨਿਵੇਕਲੀ ਪਰਾਪਤੀ ਸੀ। ਅਤੇ ਸਟੇਟ ਦੇ ਮੁਕਾਬਲੇ ਸਟੇਟ ਦਾ ਜਿਹੜਾ ਢਾਂਚਾ ਸਤਿਗੁਰੂ ਰਾਮ ਸਿੰਘ ਜੀ ਨੇ ਖੜਾ ਕੀਤਾ ਉਸ ਵਿਚ ਸਤਿਗੁਰੂ ਅਤੇ ਸੰਗਤ ਦੇ ਦਰਮਿਆਨ ਸੂਬੇ ਅਤੇ ਨਾਇਬ ਸੂਬੇ ਇਕ ਮਹੱਤਵਪੂਰ ਕੜੀ ਸਨ। ਉਂਵ ਇਹਨਾਂ ਦੇ ਹੇਠ ਮਹੰਤ ਸੰਤ, ਪਿੰਡ ਦੇ ਜਾਂ ਇਲਾਕਿਆਂ ਦੇ ਤਪਿਆਂ ਦੇ ਜਥੇਦਾਰ ਸਨ। ਮੁੱਢਲੀ ਇਕਾਈ ਪਿੰਡ ਦੀ ਸੰਗਤ ਸੀ। ਸ਼੍ਰੋਮਣੀ ਅਸਥਾਨ ਸਤਿਗੁਰੂ ਜੀ ਦਾ ਸੀ। ਸਤਿਗੁਰੂ ਜੀ ਦੁਆਰਾ ਥਾਪੇ, ਇਹਨਾਂ ਸੂਬਿਆਂ ਦਾ ਕੰਮ ਇਕ ਨਿਸਚਿਤ ਖਿੱਤੇ ਵਿਚ ਤੁਰ ਫਿਰ ਕੇ ਨਾਮਧਾਰੀ-ਪੰਥਕ-ਸਰਗਰਮੀਆਂ ਨੂੰ ਉਤਸ਼ਾਹਿਤ ਕਰਨਾ ਸੀ। ਆਪਣੇ ਪਰਚਾਰ ਦਾ ਘੇਰਾ ਦਿਨੋ ਦਿਨ ਵਧਾਉਣਾ ਸੀ। ਲੋਕ-ਵਿਦਰੋਹ ਦੀ ਚੇਤਨਾ ਨੂੰ ਪਰਚੰਡ ਕਰ ਕੇ ਵਿਦੇਸ਼ੀ ਹਾਕਮਾਂ ਵਿਰੁੱਧ ਨਫਰਤ ਪੈਦਾ ਕਰ ਕੇ, ਆਪਣਾ ਗੁਆਚਿਆ, ਸਾਂਝੇ ਪੰਜਾਬੀਆਂ ਦਾ ਰਾਜ, ਜਿਸਨੂੰ ਨਾਂ ਦੇ ਤੌਰ ਤੇ ਭਾਵੇਂ "ਖਾਲਸਾ ਰਾਜ" ਕਿਹਾ ਜਾਂਦਾ ਸੀ, ਮੁੜ ਹਾਸਲ ਕਰਨਾ ਸੀ। ਸਤਿਗੁਰੂ ਜੀ ਦੇ ਸੰਦੇਸ਼ ਸੰਗਤ ਤੱਕ ਪਚਾਉਣੇ ਅਤੇ ਸੰਗਤ ਦੀਆਂ ਭਾਵਾਵਾਂ ਤੋਂ ਉਹ ਾਂ ਨੂੰ ਜਾਣੂ ਕਰਵਾਉਣਾ ਸੀ। ਨਾਮਧਾਰੀ ਸਿੱਖਾਂ ਦੇ ਆਪਸੀ ਮੱਤ ਭੇਦ ਵੀ ਇਹੋ ਸੂਬੇ ਨਜਿੱਠਦੇ ਸਨ।

ਕੁਝ ਸੂਬੇ ਇਸ ਸੁਤੰਤਰਤਾ ਸੰਗਰਾਮ ਦੀ ਬਲੀਵੇਦੀ ਤੇ ਕੁਰਬਾਨ ਵੀ ਹੋਏ। ਸੂਬਾ ਗਿਆਨੀ ਸਿੰਘ ਅਤੇ ਉਸਦਾ ਨਾਇਬ ਸੂਬਾ ਰਤਨ ਸਿੰਘ ੨੬ ਨਵੰਬਰ ੧੮੭੧ ਨੂੰ ਲੁਧਿਆਣੇ ਫਾਂਸੀ ਲਾ ਕੇ, ਦੇਸ਼ ਨਾਲ ਪ੍ਰੇਮ ਕਰਨ ਬਦਲੇ, ਸ਼ਹੀਦ ਕਰ ਦਿੱਤੇ ਗਏ। ਸਤਿਗੁਰੂ ਰਾਮ ਸਿੰਘ ਜੀ ਨਾਲ ਜਨਵਰੀ ੧੮੭੨ ਈ. ਵਿਚ ਪੰਜਾਬ ਵਿੱਚ ਦੇਸ਼ ਬਦਰ ਹੋਣ ਵਾਲੇ ੧੦ ਸੂਬਿਆਂ ਵਿਚੋਂ ਇਕ ਸੂਬਾ ਮਾਨ ਸਿੰਘ ਵੀ ਸਨ। ੧੮੮੧ ਈ. ਦਾ ਸਰਕਾਰੀ ਰੀਕਾਰਡ ਮਾਨ ਸਿੰਘ ਹੋਰਾਂ ਦਾ ਨਖਸਿਖ ਇਉਂ ਬਿਆਨ ਕਰਦਾ ਹੈ: "ਸੀਰੀਅਲ ਨੰ. ੮, ਮਾਨ ਸਿੰਘ ਸੂਬਾ ਪੁੱਤਰ ਮੱਖਣ ਸਿੰਘ, ਵਾਹੀਵਾਨ, ਪਿੰਡ ਸੈਦੋਕੀ, ਥਾਣਾ-ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਫਿਰੋਜ਼ਪੁਰ, ਲੰਮਾ ਨੱਕ, ਲੰਮਾ ਪਤਲਾ ਦਾਹੜਾ, ਕੱਦ ੫ ਫੁੱਟ ੯ ਇੰਚ ਦੇ ਲਗਪਗ ਮਜ਼ਬੂਤ ਜੁੱਸਾ, ਉਮਰ ੫੦ ਦੇ ਆਸ ਪਾਸ। ਉਹ ਚੰਗੇ ਗੁਜ਼ਾਰੇ ਵਾਲਾ ਸੀ, ਪ੍ਰੰਤੂ ਉਸਨੇ ਆਪਣੀ ਜ਼ਮੀਨ-ਜਾਇਦਾਦ ਵੇਚ ਕੇ, ਇਸਦੀ ਰਕਮ ਗੁਰੂ ਰਾਮ ਸਿੰਘ ਅਤੇ ਕੂਕਿਆਂ ਦੇ ਲੇਖੇ ਲਾ ਦਿੱਤੀ। ਸੰਨ ੧੮੭੨ ਈ. ਵਿਚ ਉਸ ਨੇ (ਗੁਰੂ) ਰਾਮ ਸਿੰਘ ਨਾਲ ਹੀ ਦੇਸ ਨਿਕਾਲਾ ਦੇ ਦਿੱਤਾ ਗਿਆ ਸੀ। ਉਹ ਬੜਾ ਕੱਟੜ ਕੂਕਾ ਸੀ ਅਤੇ ਕੂਕਿਆਂ ਵਿਚ ਉਸਦੀ ਮਾਨਤਾ ਸੀ।[2]

੧੬ ਜਨਵਰੀ ੧੮੭੨ ਨੂੰ ਪੰਜਾਬ ਸਰਕਾਰ ਦੇ ਕਾਰਜਕਾਰੀ ਸਕੱਤਰ, ਐਲ.ਐਚ. ਗਰਿਫਨ ਵਲੋਂ ਈ.ਸੀ. ਬੇਲੀ, ਭਾਰਤ ਸਰਕਾਰ ਦੇ ਸਕੱਤਰ ਨੂੰ, ਕੂਕਿਆਂ ਵਲੋਂ ਮਲੌਦ ਅਤੇ ਮਲੇਰਕੋਟਲਾ ਤੇ ਹਮਲਿਆਂ ਦੇ ਬਾਦ ਉਪਜੀ ਸਥਿਤੀ ਨਾਲ ਨਜਿੱਠਣ ਲਈ ਜੋ ਤਾਰਾਂ ਭੇਜੀਆਂ ਗਈਆਂ ਹਨ ਇਹਨ੍ਹਾਂ

ਵਿਚ, ਪੰਜਾਬ ਦਾ ਲੈਫਟੀਨੈਂਟ ਗਵਰਨਰ ਇਹ ਨਿਰਦੇਸ਼ ਦਿੰਦਾ ਹੈ ਕਿ (ਗੁਰੂ) ਰਾਮ ਸਿੰਘ ਅਤੇ ਉਸਦੇ ਮੁਖੀ ਤੇ ਪ੍ਰਭਾਵਸ਼ਾਲੀ ਸੂਬਿਆਂ ਨੂੰ ਤੁਰੰਤ ਗ੍ਰਿਫਤਾਰ ਕਰ ਲਿਆ ਜਾਵੇ। ਇਸ ਵਿਚ ਉਹ ਗੁਰੂ ਜੀ ਤੋਂ ਇਲਾਵਾ ਸਾਹਿਬ ਸਿੰਘ, ਰੂੜ ਸਿੰਘ, ਲੱਖਾ ਸਿੰਘ, ਕਾਹਨ ਸਿੰਘ, ਬ੍ਰਹਮਾ ਸਿੰਘ, ਜਵਾਹਰ ਸਿੰਘ, ਮਲੂਕ ਸਿੰਘ, ਮਾਨ ਸਿੰਘ ਅਤੇ ਹੁਕਮਾ ਸਿੰਘ ਦੇ ਨਾਮ ਲਿਖਦਾ ਹੈ ਅਤੇ ਭਾਰਤ ਸਰਕਾਰ ਦੇ ਵਾਇਸਰਾਏ ਅਤੇ ਗਵਰਨਰ-ਜਨਰਲ-ਇਨ-ਕੌਂਸਿਲ ਤੋਂ ੧੮੧੮ ਦੇ ਬੰਗਾਲ ਰੈਗੂਲੇਸ਼ਨ ਐਕਟ ੩ ਦੇ ਅਧੀਨ ਵਰੰਟਾਂ ਦੀ ਮੰਗ ਕਰਦਾ ਹੈ।[3]

ਇਸ ਤੋਂ ਪਹਿਲਾਂ ਮਹੱਤਵਪੂਰਨ ਕੂਕਿਆਂ ਦੀਆਂ ਲਿਸਟਾਂ ਅਤੇ ੧੮੭੧ ਈ. ਦੀ ਕੂਕਾ ਸੂਬਿਆਂ ਦੀ ਹੁਸ਼ਿਆਰ ਪੁਲਿਸ ਕਪਤਾਨ ਵਲੋਂ ਭੇਜੀ ਲਿਸਟ ਵਿਚ ਵੀ ਸੂਬਾ ਮਾਨ ਸਿੰਘ ਦਾ ਨਾਮ ਨਹੀਂ ਆਉਂਦਾ। ਹੁਣ ਅਸੀਂ ਉਸਦੇ ਮੈਕਨਬ ਦੇ ਸਾਹਮਣੇ ਦਿੱਤੇ ਬਿਆਨਾਂ ਦਾ ਜ਼ਿਕਰ ਕਰਦੇ ਹਾਂ ਜਿਸ ਵਿਚੋਂ ਉਸ ਦੇ ਤੇ ਉਸ ਦੇ ਰੁਤਬੇ ਬਾਰੇ ਕੁਝ ਜਾਣਕਾਰੀ ਮਿਲਦੀ ਹੈ : "ਮਾਨ ਸਿੰਘ, ਪਿਤਾ ਦਾ ਨਾਂ : ਮੱਖਣ ਸਿੰਘ, ਪਿੰਡ ਸੈਦੋਕੀ, ਜ਼ਿਲ੍ਹਾ ਫਿਰੋਜ਼ਪੁਰ ਉਮਰ ੪੦ ਸਾਲ, ਜੱਟ। ਸੰਬਤ ੧੯੨੨ (੧੮੬੫-੬੬ ਈ.) ਵਿਚ ਉਸਨੂੰ (ਗੁਰੂ) ਰਾਮ ਸਿੰਘ ਦੁਆਰਾ ਕੂਕਾ ਬਣਾਇਆ ਗਿਆ ਸੀ। ਮੈਂ 'ਨਾਮ ਦੇਣ ਵਾਲਾ', ਸੂਬਾ ਨਹੀਂ ਹਾਂ। ਬਾਕੀ ਕੈਦੀ ਸੂਬੇ ਹਨ। ਮੈਨੂੰ ਮੰਗਲ ਸਿੰਘ ਬਾਰੇ ਪੱਕਾ ਪਤਾ ਨਹੀਂ ਕਿ ਉਹ ਸੂਬਾ ਹੈ ਜਾਂ ਨਹੀਂ। ਪਰ ਉਹ ਇਕ ਮਹਾਨ ਸਿੱਖ ਹੈ। ਨਾਮ 'ਵਾਹ ਗੁਰੂ' ਹੈ।

"ਨੋਟ : ਇਹ ਦੱਸਣ ਲੱਗਾ ਉਹ ਕਾਫੀ ਆਨਾਕਾਨੀ ਕਰਦਾ ਹੈ ਕਿਉਂਕਿ ਜਿਵੇਂ ਮੈਨੂੰ ਪਹਿਲਾਂ ਵੀ ਦੱਸਿਆ ਗਿਆ ਹੈ ਕਿ ਨਾਮ ਦਾ ਨਾਂ ਦੱਸਣਾ (ਗੁਰੂ) "ਰਾਮ ਸਿੰਘ ਨੇ ਮਨਾਹ ਕੀਤਾ ਹੈ।" ਬਾਦ ਵਿਚ ਉਹ ਆਪਣੇ ਮੂੰਹ ਵਿਚ ਹੀ ਇਸਨੂੰ ਦੁਹਰਾਉਂਦਾ ਹੈ।

"ਨੋਟ: ਇਹ ਵਿਅਕਤੀ ਨੁਕਸਾਨ ਨਾਂ ਪੁਚਾਉਣ ਵਾਲਾ ਚੁੱਪ-ਚਾਪ ਵਿਅਕਤੀ ਹੈ — ਇਕ ਬਹੁਤ ਹੀ ਸਧਾਰਨ ਜੱਟ ਸਿੱਖ।

੨੩ ਅਪ੍ਰੈਲ, ੧੮੭੨ ਦਸਤਖਤ/

ਜੇ.ਡਬਲਯੂ.ਮੈਕਨੇਬ

ਰਾਇ

"ਭਾਵੇਂ ਉਹ ਇਕ ਸੂਬਾ ਨਹੀਂ, ਉਹ ਸੂਬਿਆਂ ਜਿਹਾ ਹੀ ਰੁਤਬਾ ਰੱਖਦਾ ਹੈ ਅਤੇ ਇਕ ਸਰਗਰਮ ਪਰਚਾਰਕ ਹੈ..ਮੈਂ ਸਿਫਾਰਸ਼ ਕਰਦਾ ਹਾਂ ਕਿ ਜੇ ਹਾਲਾਤ ਸ਼ਾਂਤ ਹੋ ਗਏ ਤਾਂ ਉਹਨੂੰ ਤਿੰਨਾਂ ਵਰ੍ਹਿਆਂ ਬਾਦ ਵਾਪਸ ਭੇਜ ਦਿੱਤਾ ਜਾਵੇ। ਉਹਨੂੰ ਕਿਸੇ ਵੀ ਸੂਰਤ ਵਿਚ ਮਲੂਕ ਸਿੰਘ ਦੇ ਨਾਲ ਨਹੀਂ ਭੇਜਿਆ ਜਾਣਾ ਚਾਹੀਦਾ, ਕਿਉਂਕਿ ਦੋਵੇਂ ਦੇਸ਼ ਦੇ ਇੱਕੋ ਹੀ ਖਿੱਤੇ (ਮਾਲਵੇ) ਨਾਲ ਸਬੰਧਿਤ ਹਨ।

"ਜੇ ਕਦੇ ਵਾਪਸ ਭੇਜਿਆ ਜਾਵੇ ਤਾਂ ਉਹ ਹੀ ਸ਼ਰਤਾਂ ਉਸ ਤੇ ਲਾਗੂ ਹੋਣ ਜੋ ਹੋਰਨਾਂ ਤੇ ਆਇਦ ਕੀਤੀਆਂ ਜਾਣ।"

ਦਸਤਖਤ/ਜੇ.ਡਬਲਯੂ.ਮੈਕਨੇਬ[4]

ਸੂਬਿਆਂ ਦੇ ਇਹ ਬਿਆਨ, ਜੇਮਜ਼ ਮੈਕਨਬ ਜੋ ੧੮੭੧ ਦੇ ਵਰ੍ਹੇ ਦੇ ਜ਼ਿਆਦਾ ਸਮੇਂ, ਅੰਬਾਲਾ ਡਿਵੀਜ਼ਨ ਦਾ ਕਾਇਮ ਮੁਕਾਮ ਕਮਿਸ਼ਨਰ ਸੀ ਅਤੇ ਭਾਰਤ ਸਰਕਾਰ ਨੇ ਉਸਨੂੰ ਸੂਬਿਆਂ ਬਾਰੇ ਇਹ ਰਿਪੋਰਟ ਤਿਆਰ ਕਰਨ ਲਈ ਨਿਯੁਕਤ ਕੀਤਾ ਸੀ ਕਿ ਉਹਨਾਂ ਤੋਂ ਖਤਰੇ ਦੀ ਮਾਤਰਾ ਮਹਿਸੂਸਦੇ ਹੋਏ, ਕਿਹਨੂੰ ਕਿੰਨਾਂ ਸਮਾਂ ਨਜ਼ਰਬੰਦ ਰੱਖਣਾ, ਉਸਨੇ ਅਲਾਹਬਾਦ ਕਿਲੇ ਵਿਚ ਜਾ ਕੇ ਬਿਆਨ ਲਏ ਸਨ। ਪਰ ਪੰਜਾਬ ਦਾ ਲੈਫਟੀਨੈਂਟ ਗਵਰਨਰ ਇਸ ਵਿਚਾਰ ਦਾ ਸੀ ਕਿ ਅਜੇ ਇਹਨਾਂ ਕੂਕੇ ਸੂਬਿਆਂ ਨੂੰ ਸਜ਼ਾਵਾਂ ਦੀ ਮਿਆਦ ਬਾਰੇ ਕੁਝ ਨਾ ਦੱਸਿਆ ਜਾਵੇ ਕਿਉਂਕਿ ਇਹ ਸਭ ਪੰਜਾਬ ਦੇ ਲੋਕਾਂ ਦੀਆਂ ਮਨੋਭਾਵਨਾਵਾਂ ਤੇ ਹੀ ਨਿਰਭਰ ਕਰੇਗਾ। ਤੇ ਹੋਇਆ ਵੀ ਇਉਂ। ਸਰਕਾਰ ਦਾ ਕੂਕਿਆਂ ਤੋਂ ਖਤਰਾ ਘਟਣ ਦੀ ਥਾਂ ਕੌਮਾਂਤਰੀ ਸਥਿਤੀ ਬਦਲਣ ਕਾਰਨ ਅਤੇ ਅੰਤਿਮ ਸਿਖ ਮਹਾਰਾਜੇ ਦਲੀਪ ਸਿੰਘ ਦੇ ਸੁਤੰਤਰਤਾ ਲਈ ਰੂਸ ਆਦਿਕ ਦੀ ਮਦਦ ਨਾਲ ਯਤਨਾਂ ਸਦਕਾ ਦਿਨੋ ਦਿਨ ਵਧਦਾ ਹੀ ਗਿਆ ਤੇ ਜਿਸ ਮਾਨ ਸਿੰਘ ਨੂੰ ੩ ਸਾਲ ਰੱਖਣ ਦੀ ਗੱਲ ਮੈਕਨਬ ਕਰਦਾ ਹੈ ਉਹਨੂੰ ਪੂਰੇ ੧੫ ਸਾਲਾਂ ਬਾਦ ੧੮ ਫਰਵਰੀ ੧੮੮੭ ਈ. ਵਿਚ ਕੁਝ ਸ਼ਰਤਾਂ ਲਾ ਕੇ ਹੀ ਪੰਜਾਬ ਵਾਪਸ ਭੇਜਿਆ ਗਿਆ ਸੀ, ਜਿਸ ਦੌਰਾਨ ਬਹੁਤ ਸਾਰਾ ਸਤਿਲੁਜ ਦਾ ਪਾਣੀ ਪੱਤਣਾਂ ਤੋਂ ਲੰਘ ਚੁੱਕਾ ਸੀ।

ਮੈਕਨੇਬ ਨੇ ਜਿਹੜੀ ਰਿਪੋਰਟ ਪੰਜਾਬ ਸਰਕਾਰ ਦੇ ਸਕੱਤਰ ਨੂੰ ਅੰਬਾਲੇ ਤੋਂ ਭੇਜੀ ਉਸ ਦੇ ਮੁਤਾਬਿਕ "ਪਿਛਲੇ ਸਾਲ ੪ ਨਵੰਬਰ (੧੮੭੧) ਦੀ ਮੇਰੀ ਰਿਪੋਰਟ ਬਿਨਾਂ ਸ਼ੱਕ ਇਹ ਸਿੱਧ ਕਰਦੀ ਹੈ ਕਿ ਕੂਕਾਵਾਦ ਦਾ ਨਿਸ਼ਾਨਾ ਸਿੱਖ ਰਾਜ ਦੀ ਪੁਨਰ-ਸਥਾਪਨਾ ਹੈ ਅਤੇ ਇਸ ਲਈ ਲਾਜ਼ਮੀ ਅੰਗਰੇਜ਼ ਸੱਤਾ ਨੂੰ ਉਖਾੜ ਸੁੱਟਣਾ ਹੈ।

"ਮੈਂ ਇਹ ਵੀ ਨੋਟ ਕਰਦਾ ਹਾਂ ਕਿ ਜਿੱਥੇ ਦੀ ਗਵਾਹ ਦੱਸਦੇ ਹਨ ਕਿ ਅੰਗਰੇਜ਼ ਰਾਜ ਦੇ ਮੁਕਾਬਲੇ, ਸਿੱਖ ਰਾਜ ਨੂੰ ਕਾਇਮ ਕਰਨ ਦਾ ਮਤਲਬ ਸਿਰਫ ਰੂਹਾਨੀ-ਰਾਜ ਹੀ ਨਹੀਂ, ਸਗੋਂ ਦੁਨਿਆਵੀ ਰਾਜ ਕਾਇਮ ਕਰਨਾ ਹੈ। ਲੋਕਾਂ ਨੂੰ ਇਹ ਦਰਸਾਉਣ ਲਈ ਘੋਸ਼ਣਾਵਾਂ ਕੀਤੀਆਂ ਗਈਆਂ ਸਨ ਕਿ ਕੂਕਾ ਆਗੂਆਂ ਦੇ ਤਹਿਤ ਛੇਤੀ ਹੀ ਸਿੱਖ ਰਾਜ ਕਾਇਮ ਹੋਣ ਵਾਲਾ ਹੈ ਅਤੇ ਜਿਹੜੇ ਲੋਕ ਕੂਕੇ ਬਣ ਰਹੇ ਸਨ, ਉਹਨਾਂ ਨੂੰ ਇਹ ਕਿਹਾ ਜਾ ਰਿਹਾ ਸੀ ਕਿ ਉਹ ਸਾਰੇ ਫਾਇਦੇ ਉਹ ਉਠਾ ਸੱਕਣਗੇ, ਜਿਹੜੇ ਕਿ ਇਕ ਜੇਤੂ ਮੱਤ ਨਾਲ ਜੁੜੇ ਲੋਕਾਂ ਨੂੰ ਮਿਲਦੇ ਹਨ, ਇਹ ਉਹ ਸਿੱਖਿਆ ਹੈ ਜਿਹੜੀ ਸਰੋਤਿਆਂ ਦੇ ਮਨਾਂ ਵਿਚ ਬਗਾਵਤ ਭੜਕਾਉਂਦੀ ਸੀ ਅਤੇ ਇਹੋ ਹੀ ਮੈਂ ਸਮਝਦਾ ਹਾਂ ਜਦੋਂ ਮੈਂ ਨਾਲ ਦੇ ਕਾਗਜ਼ਾਂ ਵਿਚ ਸ਼ਬਦ "ਬਗਾਵਤ" ਦਾ

ਪ੍ਰਯੋਗ ਕਰਦਾ ਹਾਂ।...

"ਸਾਰੇ ਹੀ ਕੈਦੀ, ਮਾਨ ਸਿੰਘ ਅਤੇ ਮੰਗਲ ਸਿੰਘ ਬਿਨਾਂ, ਇਹ ਮੰਨ... ਹਨ ਕਿ ਉਹ ਸੂਬੇ ਹਨ, ਜਾਂ ਇਸ ਖਤਰਨਾਕ ਫਿਰਕੇ ਦੇ ਆਗੂ ਹਨ, ਅਤੇ ਇਹਨਾਂ ਦੋਹਾਂ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਉਹਨਾਂ ਦੁਆਰਾ ਕੂਕਿਆਂ ਦਾ ਆਗੂ ਹੋਣਾ ਮੁਕੰਮਲ ਤੌਰ ਤੇ ਸਿੱਧ ਹੁੰਦਾ ਹੈ ਅਤੇ ਇਸੇ ਲਈ ਇਸੇ ਆਧਾਰ ਤੇ ਹੀ ਉਹਨਾਂ ਨੂੰ ਵੀ ਖਤਰਨਾਕ ਮੰਨ ਲੈਣਾ ਜੋਗ ਹੈ।

"ਸਾਰੇ ਹੀ ਕੈਦੀ, ਸਿਰਫ ਮਾਨ ਸਿੰਘ ਅਤੇ ਮੰਗਲ ਸਿੰਘ ਨੂੰ ਛੱਡ ਕੇ ਇਹ ਮੰਨਦੇ ਹਨ ਕਿ ਜਦੋਂ ਵਿਦਰੋਹ ਸ਼ੁਰੂ ਹੋਇਆ (ਮਸਤਾਨਾ-ਦਲ, ਮਲੌਦ-ਮਲੇਰਕੋਟਲੇ ਤੇ ਧਾਵੇ ਲਈ, ਭੈਣੀ ਸਾਹਿਬੋਂ ਨਿਕਲਿਆ) ਤਾਂ ਉਹ ਵੀ ਭੈਣੀ (ਸਾਹਿਬ) ਵਿਚ ਮੌਜੂਦ ਸਨ।

"ਇਹ ਕੈਦੀ ਖਤਰਨਾਕ ਸਿੱਧ ਹੁੰਦੇ ਹਨ ਮੈਂ ਇਹਨਾਂ ਦੀ ਹੁਣੇ ਪੰਜਾਬ ਵਾਪਸੀ ਦੀ ਸਖਤੀ ਨਾਲ ਰੋਕ ਕਰਦਾ ਹਾਂ। ਕਿਉਂਕਿ ਜੇ ਇਹਨਾਂ ਨੂੰ ਹੁਣੇ ਵਾਪਸ ਭੇਜਿਆ ਜਾਂਦਾ ਹੈ ਤਾਂ ਪਹਿਲਾਂ ਤਾਂ ਕੂਕਿਆਂ ਨੂੰ ਉਡਾਉਣ ਵਾਲੇ ਅਧਿਕਾਰੀਆਂ ਨੂੰ ਸਜ਼ਾਵਾਂ ਦਿੱਤੀਆਂ ਹਨ ਅਤੇ ਜੇ ਹੁਣ ਸਰਕਾਰ ਇਹਨਾਂ ਨੂੰ ਵਾਪਸ ਪੰਜਾਬ ਭੇਜ ਦੇਵੇ ਤਾਂ ਕੂਕਿਆਂ ਦੀ ਚੜ੍ਹ ਮੱਚ ਜਾਏਗੀ ਉਹਨਾਂ ਦੀਆਂ ਆਸ਼ਾਵਾਂ ਅਤੇ ਕਾਰਗੁਜ਼ਾਰੀਆਂ ਵੱਧ ਜਾਣਗੀਆਂ।

"ਜਿੱਥੋਂ ਤੱਕ ਇਸ ਗੱਲ ਦੀ ਇਕ ਉਦਾਹਰਣ ਦੇਣੀ ਚਾਹਾਂਗਾ ਕਿ ਹਰ ਘਟਨਾ ਨੂੰ ਉਹ ਆਪਣੇ ਗੁਰੂ ਨੂੰ ਮਹਿਮਾ-ਮੰਡਿਤ ਕਰਨ ਲਈ ਵਰਤ ਲੈਂਦੇ ਹਨ — ਰਾਇਕੋਟ ਕੇਸ ਵਿਚ ਜਦੋਂ ਮੁਕਦਮਾ ਚੱਲ ਰਿਹਾ ਸੀ ਤਾਂ ਮੈਂ (ਗੁਰੂ) ਰਾਮ ਸਿੰਘ ਨੂੰ ਸਫਾਈ ਦੇ ਗਵਾਹ ਵਜੋਂ ਸੱਦ ਲਿਆ। ਉਹ ਆਏ ਤੇ ਜਦੋਂ ਤੱਕ ਉਹਨਾਂ ਦੀ ਬਿਆਨ ਦੇਣ ਦੀ ਵਾਰੀ ਆਵੇ, ਉਨ੍ਹਾਂ ਨੂੰ ਇੱਕ ਤੰਬੂ ਵਿਚ ਬਹਾ ਦਿੱਤਾ ਗਿਆ। ਉਸਦੇ ਚੇਲੇ ਇਹ ਜਾਣਦੇ ਹੋਏ (ਜੋ ਮੈਂ ਉਦੋਂ ਨਹੀਂ ਸਾਂ ਜਾਣਦਾ) ਕਿ ਇਸ ਮੁਆਮਲੇ ਵਿਚ ਉਹ ਕਿੰਨੀ ਗਹਿਰਾਈ ਵਿਚ ਉਲਝੇ ਹੋਏ ਹਨ, ਬਹੁਤ ਹੈਰਾਨ ਹੋਏ ਜਦੋਂ ਉਹਨਾਂ ਨੂੰ ਉਥੋਂ ਵਾਪਸ ਜਾਣ ਦਿੱਤਾ ਅਤੇ ਇਹ ਕਥਾ ਝੱਟ ਪ੍ਰਚਲਿਤ ਹੋ ਗਈ ਕਿ ਉਹ "ਜਿਸ ਤੰਬੂ ਵਿਚ ਉਹਨਾਂ ਨੂੰ ਕੈਦ ਕੀਤਾ ਸੀ ਉਸ ਵਿਚੋਂ ਚਮਤਕਾਰੀ ਢੰਗ ਨਾਲ ਗਾਇਬ ਹੋ ਗਏ, ਪੁਲੀਸ ਨੇ ਉਹਨਾਂ ਦੀ ਰਾਖੀ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਸਾਹਿਬ ਲੋਕਾਂ ਨੂੰ ਉਹਨਾਂ ਨੂੰ ਛੱਡਣਾ ਪਿਆ।"[5]

ਪੁਲਿਸ ਕਪਤਾਨ ਫੀਰੋਜ਼ਪੁਰ, ਮੇਜਰ ਐਚ.ਆਰ. ਵਾਲ ਨੇ ਕਰਨਲ ਹਚਿਨਸਨ, ਆਈ.ਜੀ. ਪੰਜਾਬ ਨੂੰ ਜਿਹੜਾ ਪੱਤਰ ੨੦ ਮਾਰਚ ੧੮੭੨ ਈ. ਨੂੰ ਆਪਣੇ ਜ਼ਿਲ੍ਹੇ ਦੇ ਤਿੰਨ ਕੂਕੇ ਸੂਬਿਆਂ ਬਾਬਤ, ਗਵਾਹਾਂ ਦੇ ਬਿਆਨ ਲੈ ਕੇ, ਅਲਾਹਾਬਾਦ ਭੇਜਿਆ ਸੀ, ਸੂਬਿਆਂ ਦੀ ਮਿਸਾਲ ਨਾਲ ਇਹਨਾਂ ਕੂਕਿਆਂ ਦੀ ਹਿਸਟਰੀ ਸ਼ੀਟ ਜੋੜਨ ਲਈ ਉਸ ਵਿਚ ਉਹ ੧ ਨੰਬਰ ਤੇ ਮਾਨ ਸਿੰਘ, ੨ ਤੇ ਜਵਾਹਰ ਸਿੰਘ ਤੇ ੩ ਮਲੂਕ ਸਿੰਘ ਨੂੰ ਰੱਖਦਾ ਹੈ।

"ਮਾਨ ਸਿੰਘ ਸੂਬਾ, ਪਿੰਡ ਸੈਦੋਕੀ

ਥਾਣਾ ਬਾਘਾ ਪੁਰਾਣਾ

੧) ਸੈਦੋਕੀ ਵਿਚ ਪੈਦਾ ਹੋਇਆ।

੨) ਇੱਥੇ ਹੀ ਰਹਿੰਦਾ ਸੀ।

੩) ਪਹਿਲਾਂ ਕਰਦਾ ਸੀ ਵਾਹੀ, ਫਿਰ ਫਕੀਰ ਬਣ ਗਿਆ। ਸੈਦੋਕੀ ਵਿਚ ਉਸਦਾ ਪਰਿਵਾਰ ਰਹਿੰਦਾ ਹੈ ਉਸ ਨਾਲ, ਉਹ ਕੂਕੇ ਨਹੀਂ ਹਨ, ਉਹ ਧਨੀ ਮਾਨੀ ਨਹੀਂ ਸੀ.

੪) ਉਹ ਕਈ ਸਾਲਾਂ ਤੋਂ ਕੂਕੇ ਬਣਾਉਂਦਾ ਆ ਰਿਹਾ ਹੈ।

੫) ਉਹਨੇ (ਗੁਰੂ) ਰਾਮ ਸਿੰਘ ਜੀ ਦੀ ਆਗਿਆ ਨਾਲ ਸਾਰੀਆਂ ਜਾਤਾਂ ਵਿਚੋਂ ਹੀ ਕੂਕੇ ਬਨਾਉਣੇ ਸ਼ੁਰੂ ਕੀਤੇ ਅਤੇ ਇਸ ਜ਼ਿਲ੍ਹੇ ਵਿਚ ਹੋਣ ਵਾਲੇ ਸਾਰੇ ਮੇਲਿਆਂ ਅਤੇ ਇਕੱਠਾਂ ਵਿਚ ਸ਼ਾਮਲ ਹੁੰਦਾ ਹੈ।

੬) ਉਹ ਇਕ ਐਲਾਨੀਆ ਕੂਕਾ ਸੀ।

੭) ਕਿਸੇ ਜੁਰਮ ਲਈ ਪੁਲੀਸ ਦੇ ਕਾਗਜ਼ਾਂ ਵਿਚ ਉਸਦਾ ਨਾਮ ਨਹੀਂ ਸੀ। ਕੂਕਿਆਂ ਦੇ ਸਾਰੇ ਇਕੱਠਾਂ ਅਤੇ ਮੇਲਿਆਂ ਵਿਚ ਨਿਯਮਿਤ ਰੂਪ ਵਿਚ ਸ਼ਾਮਲ ਹੁੰਦਾ ਸੀ।

੮) ਕਿਸੇ ਵੀ ਕੇਸ ਵਿਚ ਉਸਦੀ ਕਦੇ ਜ਼ਮਾਨਤ ਨਹੀਂ ਸੀ ਮੰਗੀ ਗਈ।

੯) ਉਹ ਲਗਾਤਾਰ (ਗੁਰੂ) ਰਾਮ ਸਿੰਘ ਦੇ ਦਰਸ਼ਨਾਂ ਨੂੰ ਜਾਂਦਾ ਆਉਂਦਾ ਰਹਿੰਦਾ ਸੀ। ਕੁਝ ਮਹੀਨੇ ਪਹਿਲਾਂ ਉਸਨੇ ਆਪਣੀ ਭੂਮੀ ਅਤੇ ਗਹਿਣਾ ਗੱਟਾ ਵੇਚ ਦਿੱਤਾ ਸੀ। ਉਹ ਇਕ ਬਹੁਤ ਹੀ 'ਕੁਖਿਆਤ' ਪਰਚਾਰਕ ਸੀ ਅਤੇ ਚੋਖਾ ਪ੍ਰਭਾਵ ਰੱਖਦਾ ਸੀ।

੧੦)ਸਾਰੇ ਲੰਬੜਦਾਰ ਜਵਾਹਰ ਸਿੰਘ ਸਮਾਧ ਭਾਈ, ਰਤਨ ਸਿੰਘ ਨਿਹਾਲ ਸਿੰਘ ਵਾਲਾ, ਰਾਮ ਸਿੰਘ ਸੈਦੋਕੀ, ਦਿਆਲ ਸਿੰਘ ਸੈਦੋਕੀ, ਸੱਦਾ ਸਿੰਘ, ਸ਼ਾਮ ਸਿੰਘ, ਭਗਵਾਨ ਸਿੰਘ ਬੱਧਨੀ, ਗੁਰਮੁਖ ਸਿੰਘ ਕੋਟਲਾ, ਉਪਰੋਕਤ ਤੱਥਾਂ ਦੀ ਪੁਸ਼ਟੀ ਕਰਦੇ ਹਨ।

੧੯ ਮਾਰਚ, ੧੮੭੨

ਆਰ. ਐਚ. ਵਾਲ. ਮੇਜਰ,[6]

ਜ਼ਿਲ੍ਹਾ ਪੁਲਿਸ ਕਪਤਾਨ, ਫਿਰੋਜ਼ਪੁਰ।

੧੬ ਅਪ੍ਰੈਲ ੧੮੭੨ ਨੂੰ ਸੀਸਲ ਬੀਦਨ, ਮੈਜਿਸਟਰੇਟ ਜ਼ਿਲ੍ਹਾ ਲੁਧਿਆਣਾ ਦੀ ਕਚਿਹਰੀ ਵਿਚ ਭੈਣੀ ਸਾਹਿਬ ਦਾ ਲੰਬੜਦਾਰ ਸੁੱਖੂ ਪੁੱਤਰ ਜਵਾਹਰੀ, ਸੂਬਿਆਂ ਦੇ ਸਿਆਸੀ ਮਿਸ਼ਨ ਬਾਰੇ ਗਵਾਹੀ ਦਿੰਦਿਆਂ ਕਹਿੰਦਾ ਹੈ ਮਾਨ ਸਿੰਘ ਅਤੇ ਮੰਗਲ ਸਿੰਘ ਸਰਦਾਰ, ਇਹ ਦੋਵੇਂ ਮਾਘੀ ਦੇ ਰੌਲੇ ਗੌਲੇ ਵਾਲੇ ਇਸ ਸਾਲ ਦੇ ਮੇਲੇ ਤੇ ਭੈਣੀ ਸਾਹਿਬ ਵਿਖੇ ਹਾਜਰ ਨਹੀਂ ਸਨ।[7]

ਆਰ.ਐਚ. ਵਾਲ ਮੇਜਰ, ਪੁਲੀਸ ਕਪਤਾਨ ਫਿਰੋਜ਼ਪੁਰ

ਵਲੋਂ ੩੦ ਮਾਰਚ ੧੮੭੨ ਨੂੰ ਪੰਜਾਬ ਪੁਲਿਸ ਲਈ ਤਿਆਰ ਕੀਤੀ। ਸੂਬਿਆਂ (ਸਣੇ ਮੰਗਲ ਸਿੰਘ) ਜੋ ਜਲਾਵਤਨ ਕੀਤੇ ਗਏ ਦੀ ਰਿਪੋਰਟ ਵਿਚ ਉਸਨੂੰ ਮਲੌਦ ਤੇ ਮਲੇਰਕੋਟਲੇ ਦੀਆਂ ਘਟਨਾਵਾਂ ਵਿਚ ਸ਼ਾਮਲ ਵਿਖਾ ਕੇ ਹੀ ਸਰਕਾਰ ਨੂੰ ਉਸ ਦੇ ਖਿਲਾਫ ਕੋਈ ਕਾਰਵਾਈ ਕਰਨ ਦੇ ਯੋਗ ਬਣਾਇਆ ਹੈ। ਉਂਝ (ਸੂਬਾ ਜੇ ਉਹ ਹੈ ਸੀ ਤਾਂ) ਮਾਨ ਸਿੰਘ ਦਾ ਜੁਰਮ ਏਨਾ ਵੱਡਾ ਨਹੀਂ ਸੀ ਕਿ ਉਸਨੂੰ ੧੫ ਵਰ੍ਹੇ ਤੱਕ ਘਰ ਨਾ ਆਉਣ ਦਿੱਤਾ ਜਾਂਦਾ, ਜਿਸ ਦੌਰਾਨ ਉਸਦਾ ਪਰਿਵਾਰਿਕ ਨੁਕਸਾਨ ਵੀ ਕਾਫੀ ਹੋਇਆ ਤੇ ਮਾਨਸਿਕ ਤਨਾਵਾਂ ਵਿਚੋਂ ਵੀ ਉਹਨਾਂ ਨੂੰ ਲੰਘਣਾ ਪਿਆ। ਹੇਠਾਂ ਪਾਠਕਾਂ ਦੀ ਦਿਲਚਸਪੀ ਲਈ ਵਾਲਜ਼ ਦੀ ਮਾਨ ਸਿੰਘ ਵਾਲੀ ਕਾਰਵਾਈ ਦਾ ਉਤਾਰਾ ਦੇ ਰਹੇ ਹਾਂ:

"ਸੀਰੀਅਲ ਨੰ. ੮, ਮਾਨ ਸਿੰਘ ਪੁਤਰ ਮੱਖਣ ਸਿੰਘ, ਪਿੰਡ ਸੈਦੋਕੀ, ਥਾਣਾ ਬਾਘਾ ਪੁਰਾਣਾ (ਫਿਰੋਜ਼ਪੁਰ) ਪੇਸ਼ੇ ਵਜੋਂ ਫ਼ਕੀਰ, ਉਹ ਸੈਦੋਕੀ ਇਲਾਕੇ ਦਾ ਸੂਬਾ ਸੀ, ਉਹ ਇਕ 'ਮਾੜੇ' ਚਾਲ ਚਲਣ ਵਾਲਾ ਚੋਖਾ ਪ੍ਰਭਾਵ ਰੱਖਣ ਵਾਲਾ ਕੁਖਿਆਤ ਕੂਕਾ ਹੈ, ਉਹ ਕੂਕਾ ਕਾਜ਼ ਦਾ ਕੁਖਿਆਤ ਸ਼ੁਭਚਿੰਤਕ ਸੀ, ਜਨਵਰੀ ੧੮੭੨ ਦੇ ਵਿਦਰੋਹ ਦੇ ਫੁੱਟਣ ਸਮੇਂ ਮਲੌਦ ਅਤੇ ਮਲੇਰਕੋਟਲੇ ਵਿਚ ਹਾਜ਼ਰ ਸੀ ਜਨਵਰੀ ੧੮੭੨ ਵਿਚ। ਇਸ ਘਟਨਾ ਤੋਂ ਬਾਅਦ ਆਪਣੇ ਪਿੰਡ ਵਾਪਸ ਆ ਗਿਆ।"[੯]

ਸੂਬਾ ਮਾਨ ਸਿੰਘ ਉਤੇ ਮਲੌਦ ਤੇ ਮਲੇਰਕੋਟਲਾ ਤੋਂ ਵੀ ਜ਼ਿਆਦਾ ਖਿਰਾਜ ਵਾਲਾ ਇਲਾਕਾ ਮੁਕਤਸਰ ਜਿਲ੍ਹਾ ਫਿਰੋਜ਼ਪੁਰ ਵਾਲੀ ੧੮੬੯ ਈ. ਦੀ ਘਟਨਾ (ਜਿਸ ਵਿਚ ਭਾਈ ਸਮੁੰਦ ਸਿੰਘ ਉਰਫ ਮਸਤਾਨ ਸਿੰਘ ਥਰਾਜਵਾਲਾ ਨੇ ਮਸਤਾਨੇ ਸਿੰਘਾਂ ਦੇ ਇਕ ਜਥੇ ਸਮੇਤ, ਥਾਣੇਦਾਰ ਨੂੰ ਘੋੜੀ ਤੋਂ ਲਾਹ ਕੇ ਸੋਧਿਆ ਅਤੇ ਕਿਹਾ ਸੀ ਕਿ ਇੱਥਿ ਖਾਲਸਾ ਰਾਜ ਕਾਇਮ ਹੋ ਗਿਆ ਹੈ ਜਿਸ ਤੇ ਕਈ ਸਿੰਘਾਂ ਨੂੰ ਸਜ਼ਾਵਾਂ ਦਿੱਤੀਆਂ ਗਈਆਂ ਸਨ) ਦੇ ਅਧਾਰ ਤੇ ਜ਼ਿਆਦਾ ਪਰਤਾੜਿਤ ਕਰਨ ਦਾ ਮਨ ਅਧਿਕਾਰੀਆਂ ਨੇ ਬਣਾ ਲਿਆ ਸੀ।

ਈ ਸੀ. ਬੇਲੀ ਭਾਰਤ ਸਰਕਾਰ ਦੇ ਸਕੱਤਰ ਨੇ ਗਵਰਨਰ ਜਨਰਲ ਇਨ-ਕੌਂਸਿਲ ਨੂੰ ਮੈਕਨੇਬ ਦੀ ਰਿਪੋਰਟ ਦੇ ਆਧਾਰ ਤੇ ਇਹ ਰਿਪੋਰਟ ਮਾਨ ਸਿੰਘ ਬਾਰੇ ਭੇਜੀ—

"ਮਾਨ ਸਿੰਘ ਵੀ ਉਸੇ ਹੀ ਬੇੜੇ ਵਿਚ ਹੈ, (ਜਿਸ ਵਿਚ ਉਹ ਸੂਬਾ ਮਲੂਕ ਸਿੰਘ ਨੂੰ ਥਰਾਜ ਵਾਲੇ ਦੀ ਘਟਨਾ ਨਾਲ ਜੋੜਦਾ ਹੈ) ਉਹ ਵੀ ੧੮੬੯ ਈ. ਵਾਲੇ ਵਿਦਰੋਹ ਨਾਲ ਸਬੰਧਿਤ ਹੈ। ਉਸ ਦੀਆਂ ਤਾਜ਼ਾ ਬਾਗੀਆਨਾ ਸਿੱਖਿਆਵਾਂ ਅਤੇ ਸੱਜਰੀਆਂ ਵਿਦਰੋਹੀ ਕਾਰਵਾਈਆਂ (ਮਲੌਦ ਅਤੇ ਮਲੇਰਕੋਟਲਾ) ਵਿਚ ਉਸ ਦੇ ਖਿਲਾਫ ਬਹੁਤ ਸਖਤ ਗਵਾਹੀਆਂ ਹਨ। ਭਾਵੇਂ ਪਿਛਲੇ ਨੁਕਤਿਆਂ ਬਾਰੇ ਗਵਾਹੀ ਕੁਝ ਪੂਰੀ ਦਰੁਸਤ ਨਹੀਂ; ਕੁਝ ਨਾਵਾਂ ਦੇ ਰਲਗੱਡ ਹੋਣ ਸਦਕਾ ਕੁਝ ਅੰਤਰ ਵਿਰੋਧ ਵੀ ਇਹਨਾਂ ਗਵਾਹੀਆਂ ਵਿਚ ਹਨ।"[੯]

ਈ ਸੀ. ਬੇਲੀ ਜਿਹੜੇ ਪੰਜ ਸੂਬਿਆਂ ਨੂੰ ਹਿੰਦੁਸਤਾਨ ਦੇ ਵਿਚ ਹੀ ਰੱਖਣ ਦੀ ਸਿਫਾਰਸ਼ ਕਰਦਾ ਹੈ, ਉਹਨਾਂ ਵਿਚੋਂ ਸੂਬਾ ਮਾਨ ਸਿੰਘ ਵੀ ਇਕ ਹਨ। ਉਹ ਇਹਨਾਂ ਨੂੰ ਅਸੀਰਗੜ੍ਹ ਜਾਂ ਚੁਨਾਰ ਕਿਲੇ ਵਿਚ ਦੋ ਥਾਵਾਂ ਤੇ ਰੱਖਣਾ ਤਜਵੀਜ਼ ਕਰਦਾ ਹੈ।

੩੧ ਅਕਤੂਬਰ ੧੮੭੨ ਨੂੰ ਆਪਣੀ ਮੋਹਰ ਨਾਲ ਗਵਰਨਰ-ਜਨਰਲ-ਇਨ ਕੌਂਸਿਲ ਨੇ ਸੂਬਾ ਹੁਕਮਾ ਸਿੰਘ ਹੋਰਾਂ ਦੇ ਨਾਲ ਹੀ, ਚੁਨਾਰ ਦੀ ਗੜ੍ਹੀ ਦੇ ਇੰਚਾਰਜ ਨੂੰ, ਸੂਬਾ ਮਾਨ ਸਿੰਘ ਦੀ ਬੰਗਾਲ ਰੈਗੂਲੇਸ਼ਨ ਐਕਟ ੧੮੧੮ ਧਾਰਾ ੩ ਦੇ ਤਹਿਤ, ਨਜ਼ਰਬੰਦੀ ਦੇ ਵਾਰੰਟ ਜਾਰੀ ਕਰ ਦਿੱਤੇ। ਸਾਰੇ ਖਰਚਿਆਂ ਲਈ ਉਹਨਾਂ ਦਾ ਰੁਤਬਾ ਇਕ ਛੋਟੇ ਜ਼ਿਮੀਦਾਰ ਜਿਨਾਂ ਮਿਥਿਆ ਗਿਆ।

੧ ਦਿਸੰਬਰ ੧੮੭੨ ਦੀ ਰਾਤ ਨੂੰ ਸੂਬਾ ਮਾਨ ਸਿੰਘ ਤੇ ਸੂਬਾ ਹੁਕਮਾ ਸਿੰਘ ਦੋਹਾਂ ਨੂੰ ਚੁਨਾਰ ਦੇ ਕਿਲੇ ਜਾਂ ਗੜ੍ਹੀ ਵਿਚ ਪੁਚਾ ਦਿੱਤਾ ਗਿਆ। ਦੋਹਾਂ ਸੂਬਿਆਂ ਤੇ ਇਕ ਰਸੋਈਆ, ਇਕ ਕਹਾਰ, ਇਕ ਧੋਬੀ (ਤਿੰਨੇ ਪੰਜ-ਪੰਜ ਰੁਪੈ ਮਹੀਨੇ ਤੇ ਰੱਖੇ) ਕੁੱਲ ੫੨ ਰੁਪੈ ੧੪ ਆਨੇ ਖਰਚਾ ਆਉਂਦਾ ਸੀ ਪ੍ਰਤੀ ਮਾਹ। ਇਹ ਉਹ ਸਮਾਂ ਸੀ ਜਦੋਂ ਇਕ ਰੁਪੈ ਦਾ ੧੬ ਸੇਰ ਦੁੱਧ ਮਿਲ ਜਾਂਦਾ ਸੀ ਤੇ ੧੬ ਰੁਪੈ ਦੀ ਇਕ ਸੇਰ ਸ਼ੁੱਧ ਅਫੀਮ ਆ ਜਾਂਦੀ ਸੀ। ਵੇਰਵਾ ਸਿਰਫ ਜਾਣਕਾਰੀ ਲਈ। ੩੩ ਰੁਪੈ ਦੇ ਬਰਤਨ ਖਰੀਦੇ ਗਏ ਸੂਬਿਆਂ ਦੇ ਲੰਗਰ ਲਈ। ਇਹ ਨੋਟ ਦਿੱਤਾ ਗਿਆ ਹੈ, ਦਸਤਾਵੇਜ਼ਾਂ ਵਿਚ ਕਿ ਜਿਹਲ ਦੇ ਲੰਗਰ ਵਿਚ ਸਾਂਝੇ ਬਰਤਨ ਇਸ ਲਈ ਨਹੀਂ ਕਿ ਕੈਦੀ ਵੱਖ-ਵੱਖ ਜਾਤੀਆਂ ਦੇ ਹਨ। ਇਸ ਲਈ ਜਦੋਂ ਜਿਸ ਤਰ੍ਹਾਂ ਦੇ ਕੈਦੀ ਆਉਣ ਉਹੋ ਜਿਹੇ ਬਰਤਨ ਨਵੇਂ ਲਿਆ ਦਿੰਦੇ ਹਨ। ਉਹ ਸਮਾਂ ਅਜੇ ਜਾਤ-ਪਾਤ ਦੇ ਪੂਰੇ ਬੋਲ ਬਾਲੇ ਦਾ ਸਮਾਂ ਸੀ। ਕਿਉਂਕਿ ਕੈਦੀਆਂ ਨੂੰ ਘਰਾਂ ਤੋਂ ਆਇਆਂ ਨੂੰ ਇਕ ਸਾਲ ਹੋਣ ਵਾਲਾ ਸੀ, ਸੋ ਬਸਤਰ ਵੀ ਹੋਰ ਦੋ ਤਿੰਨ ਮਹੀਨਿਆਂ ਨੂੰ ਮਸਤਾਨੇ ਹੋਣ ਵਾਲੇ ਸਨ, ਕਿਲੇ ਦੇ ਕਮਾਂਡਰ ਦੀ ਸਿਫਾਰਸ਼ ਤੇ ਹਰ ਕੈਦੀ ਨੂੰ ਬਾਕੀ ਖਰਚੇ ਤੋਂ ਇਲਾਵਾ ਦੋ ਰੁਪੈ ਬਸਤਰਾਂ ਲਈ ਪ੍ਰਤੀ ਮਾਹ ਮਿਲਣੇ ਵੀ ਮਨਜ਼ੂਰ ਹੋ ਗਏ। ੨੩ ਜਨਵਰੀ ੧੮੭੪ ਦੇ ਪੱਤਰ ਦੁਆਰਾ, ਮੇਜਰ ਡਬਲਯੂ, ਐਸ. ਯੰਗ ਕਮਾਂਡੈਂਟ ਚੁਨਾਰ ਅਤੇ ਇੰਚਾਰਜ ਸਿਆਸੀ ਕੈਦੀਆਂ ਦੀ ੧ ਜਨਵਰੀ ੧੮੭੪ ਦੀ ਚਿੱਠੀ ਜਿਸ ਵਿਚ ਦੋ ਰੁਪੈ ਮਾਸਿਕ ਬਸਤਰ ਖਰਚੇ ਨੂੰ ਨਾਕਾਫੀ ਦੱਸਿਆ ਸੀ ਅਤੇ ਉਸਨੇ ਤਿੰਨ ਰੁਪੈ ਕਰਨ ਦੀ ਮੰਗ ਕੀਤੀ ਸੀ। ਹੁਣ ਇਹ ਦੋਹਾਂ ਕੈਦੀਆਂ ਲਈ ੭੨ ਰੁਪੈ ਸਾਲਾਨਾ ਕਰ ਦਿੱਤੇ ਗਏ ਅਤੇ ਤਿੰਨਾਂ ਮਹੀਨਿਆਂ ਬਾਦ ਇਕੱਠੇ ੧੮ ਰੁਪੈ ਮਿਰਜ਼ਾਪੁਰ ਦੇ ਕਲੈਕਟਰ ਨੂੰ ਬਸਤਰ ਭੱਤਾ ਦੇਣ ਲਈ ਵੀ ਲਿਖ ਦਿੱਤਾ।

ਹੁਣ ਪੰਜਾਬ ਵਿਚ ੫ ਜਾਂ ਇਸ ਤੋਂ ਵੱਧ ਕੂਕਿਆਂ ਦੇ ਇਕੱਠੇ ਹੋਣ ਤੇ ਰੋਕ ਸੀ। ਬੰਦੀ ਕੂਕੇ ਕੈਦੀਆਂ ਦੇ ਮੁਲਾਕਾਤੀਆਂ ਪ੍ਰਤੀ, ਭਾਣਾ ਪਿੰਡ ਦੇ ਭਾਈ ਹਰਨਾਮ ਸਿੰਘ ਅਤੇ ਉਸਦੀ

ਧਰਮਪਤਨੀ ਬੀਬੀ ਚੰਦੋ ਦੇ ਪੰਜਾਬ ਸਰਕਾਰ ਤੋਂ ਮਨਜ਼ੂਰੀ ਪ੍ਰਾਪਤ ਕਰ ਕੇ ਰੰਗੂਨ ਪੁਜਣ ਤੱਕ ਕੋਈ ਨੀਤੀ ਸਪਸ਼ਟ ਨਹੀਂ ਬਣੀ ਸੀ। ੧੬ ਅਪ੍ਰੈਲ ੧੯੭੫ ਨੂੰ ਰੰਗੂਨ ਪੁੱਜੇ ਇਸ ਦੰਪਤੀ ਨੂੰ, ਸਤਿਗੁਰਾਂ ਦੇ ਦਰਸ਼ਨ ਕਰਨ ਤੋਂ ਬਿਨਾਂ ਹੀ ਅਪ੍ਰੈਲ ੧੯੭੫ ਦੇ ਅੰਤ ਤੱਕ ਕਲਕੱਤੇ ਵਾਪਸ ਭੇਜ ਦਿੱਤਾ ਗਿਆ। ਹੁਣ ਸਰਕਾਰ ਦੀ ਨੀਤੀ ਸਪਸ਼ਟ ਸੀ ਕਿ ਰਾਜਨੈਤਿਕ ਬੰਦੀਆਂ ਨਾਲ ਨਾ ਹੀ ਪੱਤਰ ਵਿਹਾਰ ਅਤੇ ਨਾ ਹੀ ਮੁਲਾਕਾਤ ਦੀ ਆਗਿਆ ਦਿੱਤੀ ਜਾ ਸਕਦੀ ਹੈ। ਇਹਨਾਂ ਸਮਿਆਂ ਵਿਚ ਹੀ ਸੂਬਾ ਮਾਨ ਸਿੰਘ ਹੋਰਾਂ ਦੀ ਸੁਪਤਨੀ ਬੀਬੀ ਜਿਊਣੀ ਜਾਂ ਜੀਵਨੀ, ਸੂਬਾ ਜੀ ਨਾਲ ਮੁਲਾਕਾਤ ਕਰਨ ਲਈ ਭਾਰੀ ਖਰਚ ਖੇਚਲ ਬਰਦਾਸ਼ਤ ਕਰ ਕੇ, ਪੰਜਾਬ ਵਿਚ ਆਪਣੇ ਪਿੰਡ ਸੈਦੋ ਜਾਂ ਸੈਦੋਕੀ ਤੋਂ ਚੁਨਾਰ ਪਹੁੰਚਦੀ ਹੈ ਪ੍ਰੰਤੂ ਨਾ ਹੀ ਉਸਨੂੰ ਆਪਣੇ ਪਤੀ ਨਾਲ ਮਿਲਣ ਦਿੱਤਾ ਗਿਆ ਅਤੇ ਨਾ ਹੀ ਪੰਜਾਬੀ ਵਿਚ ਉਸਦਾ ਲਿਖਿਆ ਪੱਤਰ ਉਸਦੇ ਪਤੀ ਤੱਕ ਪਹੁੰਚਾਇਆ ਗਿਆ।[10] ਮਾਈ ਜਿਊਣੀ ਉਸੇ ਬੇਬਸੀ ਦੀ ਹਾਲਤ ਵਿਚ, ਚੁਨਾਰ ਤੋਂ ਵਾਪਸ ਪੰਜਾਬ ਪਰਤੀ ਹੋਵੇਗੀ, ਜਿਸ ਬੇਬਸੀ ਵਿਚ ਹੀ, ਤਕਰੀਬਨ ਪੰਝੀ ਸਾਲ ਪਹਿਲਾਂ ਹੀ ਇਕ ਹੋਰ ਪੰਜਾਬਣ ਨਾਇਕਾ, ਮਹਾਰਾਣੀ ਜਿੰਦਾਂ, ਇਸ ਕਿਲੇ ਤੋਂ ਅੱਧੀ ਰਾਤ ਵੇਲੇ ਫਰਾਰ ਹੋਈ ਸੀ। ਮਹਾਰਾਣੀ ਦੇ ਦੁਖਾਂਤ ਨੂੰ, ਸਾਡੇ ਕੂਕੇ ਸੂਬਿਆਂ ਦੀ ਤ੍ਰਾਸਦਿਕ ਸਥਿਤੀ ਨਾਲ ਜੋੜ ਕੇ, ਕਿੱਸਾਕਾਰ ਹਰਨਾਮ ਸਿੰਘ ਬਗੁਲੀ ਵਾਲਾ, ਇਉਂ ਆਪਣੀ ਕਲਮ ਦੁਆਰਾ ਖ਼ੂਨ ਦੇ ਅੱਥਰੂ ਕੇਰਦਾ ਹੈ—

"ਹੁਕਮਾ ਸਿੰਘ ਸੂਬਾ ਬਾਬਾ ਮਾਨ ਸਿੰਘ ਜੀ,
ਕੈਦ ਕਿਲੇ ਚੁਨਾਰ ਕਰਵਾ ਦਿੱਤੇ।

....

"ਕਿਲੇ ਵਿਚ ਚੁਨਾਰ ਗੜ੍ਹ ਕੈਦ ਕੀਤੇ,
ਪੰਥ ਰਤਨ ਦੋਨੋ ਸੂਬੇਦਾਰ ਵੀਰੋ!
ਭਰ ਨੀਰ ਆਇਆ ਮੇਰੀਆਂ ਅੱਖੀਆਂ 'ਚ,
ਕਿਲਾ ਯਾਦ ਆ ਗਿਆ ਚੁਨਾਰ ਵੀਰੋ!
ਏਸੇ ਕਿਲੇ ਅੰਦਰ ਜਿੰਦਾਂ ਮਹਾਰਾਣੀ,
ਹੋਈ ਕੈਦ ਸਾਡੀ ਤਾਜਦਰ ਵੀਰੋ!
ਭੱਜ ਜਾਣਾ ਅੰਗ੍ਰੇਜ਼ਾਂ ਦੀ ਕੈਦ ਵਿਚੋਂ,
ਏਥੇ ਰਾਣੀ ਦੀ ਹੋਈ ਵੀਚਾਰ ਵੀਰੋ!
ਦਰਦ-ਭਰਾ ਇਕ ਛੰਦ ਵੈਰਾਗਰਸ ਦਾ
ਅੱਗੇ ਆਪ ਦੇ ਦੇਵਾਂ ਉਚਾਰ ਵੀਰੋ!
ਅੱਧੀ ਰਾਤ ਵੇਲੇ ਜਿੰਦਾਂ ਮਹਾਰਾਣੀ,
ਕੈਦਣ ਕਿਲੇ 'ਚੋਂ ਹੋਈ ਫਰਾਰ ਵੀਰੋ!
ਨੇਰ੍ਹੀ ਰਾਤ ਪਾਣੀ ਠਾਠਾਂ ਮਾਰਦੇ 'ਚੋਂ,
ਟੱਪ ਗਈ ਦਰਿਆ ਦੀ ਧਾਰ ਵੀਰੋ!
ਸਿਰੋਂ ਨੰਗੀ ਪੈਰੋਂ ਨੰਗੀ ਮਹਾਰਾਣੀ,
ਰੋਂਦੀ ਉਚੀ-ਉਚੀ ਭੁੱਬਾਂ ਮਾਰ ਵੀਰੋ!
ਬਣ ਗਈ ਸਾਧਣੀ ਸਿਰਾਂ ਵਿਚ ਖਾਕ ਪਾ ਕੇ,
ਦੇਖੋ ਗੌਰ ਸੇ ਰੰਗ ਕਰਤਾਰ ਵੀਰੋ!
ਜਿਨ੍ਹਾਂ ਵਾਲਾਂ ਵਿਚ ਅਤਰ ਫੁਲੇਲੇ ਲਾ ਕੇ,
ਲੌਂਦੀਆਂ ਗੋਲੀਆਂ ਸੋਲਾਂ ਸ਼ਿੰਗਾਰ ਵੀਰੋ!
ਉਨ੍ਹਾਂ ਵਾਲਾਂ ਵਿਚ ਬੈਠ ਕੇ ਖ਼ਾਕ ਪਾਈ,
ਲਾਈ ਰਾਖ ਸਮਾਰ ਸਮਾਰ ਵੀਰੋ!
ਜਟਾਂ ਕਰ ਲਈਆਂ ਬੋਹੜ ਦਾ ਦੁੱਧ ਲਾਕੇ,
ਮਿੱਟੀ ਰਾਖ ਨੂੰ ਸੀਸ ਮੇਂ ਡਾਰ ਵੀਰੋ!
ਮਹਾਰਾਣੀ ਦੇ ਵਾਲ ਥੇ ਬਹੁਤ ਲੰਬੇ,
ਕਿਕਣ ਝੱਲਿਆ ਜਟਾਂ ਦਾ ਭਾਰ ਵੀਰੋ!
ਬਲੀ ਸ਼ੇਰ-ਪੰਜਾਬ ਦੀ ਮਹਾਰਾਣੀ,
ਜੀਹਤੇ ਕੰਬਦੇ ਕਾਬਲ ਕੰਧਾਰ ਵੀਰੋ!
ਦਰਦ ਭਰੀ ਇਹ ਦੂਖਾਂ ਦੀ ਕਥਾ ਲੰਮੀ,
ਲਿਖਣੋਂ ਕਰ ਰਹੀ ਕਲਮ ਇਨਕਾਰ ਵੀਰੋ!
ਰਾਣੀ ਮੰਗਦੀ ਖਾਂਦੀ ਹਰਨਾਮ ਸਿੰਘਾ,
ਪਹੁੰਚ ਗਈ ਨੈਪਾਲ-ਦਰਬਾਰ ਵੀਰੋ!।[11]

ਪੰਜਾਬ ਸਰਕਾਰ ਦੇ ਸਕੱਤਰ ਟੀ.ਐਨ.ਥੋਰਨਟੋਨ ਨੇ, ਭਾਰਤ ਸਰਕਾਰ ਦੇ ਸਕੱਤਰ ਏ.ਪੀ. ਹੋਵੈਲ ਨੂੰ, ਲਾਹੌਰ ਤੋਂ ੨ ਜੁਲਾਈ ੧੯੭੫ ਨੂੰ, ਭਾਰਤ ਸਰਕਾਰ ਦੇ ਬੀਬੀ ਜਿਊਣੀ ਦੇ ਸੂਬਾ ਮਾਨ ਸਿੰਘ ਨਾਲ ਮੁਲਾਕਤ ਕਰਨ ਦੀ ਆਗਿਆ ਲੈਣ ਵਾਲੇ ਪੱਤਰ ਦੇ ਜੁਆਬ ਵਿੱਚ, ਇਹ ਲਿਖਿਆ ਕਿ ਮੁਲਾਕਾਤ ਤਾਂ ਹੀ ਹੋਵੇ ਜੇ ਕੋਈ ਐਸਾ ਭਾਸ਼ਾ ਦਾ ਮਾਹਿਰ, ਆਪਣਾ ਵਿਸ਼ਵਾਸ ਪਾਤਰ, ਦੋਹਾਂ ਦੇ ਪਾਸ ਖੜਾ ਰਹੇ ਅਤੇ ਉਹ ਦੋਹਾਂ ਦੁਆਰਾ ਬੋਲੀ ਜਾਣ ਵਾਲੀ ਉਪ ਭਾਸ਼ਾ ਵੀ ਸਮਝਦਾ ਹੋਵੇ। ਇਹੋ ਹੁਕਮ ਭਾਰਤ ਸਰਕਾਰ ਨੇ ਸ਼ਿਮਲੇ ਤੋਂ ੧੯ ਜੁਲਾਈ ੧੯੭੫ ਨੂੰ ਚੁਨਾਰ ਕਿਲੇ ਦੇ ਕਮਾਂਡੈਂਟ ਨੂੰ ਭੇਜ ਦਿੱਤਾ ਅਤੇ ਭਾਸ਼ਾ ਮਾਹਿਰ ਵਾਲੀ ਗੱਲ ਦੁਹਰਾ ਕੇ, ਕਿਸੇ ਵੀ ਅਜਨਬੀ ਨੂੰ ਕੂਕਾ ਕੈਦੀਆਂ ਨਾਲ ਗੱਲ ਕਰਨ ਦੀ ਵੀ ਮਨਾਹੀ ਕਰ ਦਿੱਤੀ। ਇਸ ਤੋਂ ਬਾਦ ਜਦੋਂ ਫਿਰ ਬੀਬੀ ਜਿਊਣੀ ਨੇ ਆਪਣੇ ਪਤੀ ਦੇਵ ਨੂੰ ੧੯੭੭ ਈ. ਵਿਚ ਪੱਤਰ ਲਿਖ ਕੇ ਚੁਨਾਰ ਭੇਜਿਆ ਤਾਂ ਗ੍ਰਹਿ ਵਿਭਾਗ ਨੇ ੯ ਅਕਤੂਬਰ ੧੯੭੭ ਨੂੰ, ਆਪਣੇ ਪੱਤਰ ਦੁਆਰਾ ਇਹ ਬੇਤੁਕੀ ਸ਼ਰਤ ਲਾ ਦਿੱਤੀ ਕਿ ਕਿਸੇ ਵੀ ਦੇਸੀ ਭਾਸ਼ਾ ਪੰਜਾਬੀ ਜਾਂ ਉਰਦੂ ਵਿਚ ਲਿਖਿਆ ਪੱਤਰ, ਕੂਕਾ-ਕੈਦੀਆਂ ਨੂੰ ਨਹੀਂ ਦਿੱਤਾ ਜਾ ਸਕਦਾ। ਅੰਗਰੇਜ਼ੀ ਵਿਚ ਲਿਖਿਆ ਭੇਜਿਆ ਜਾ ਸਕਦਾ ਹੈ। ਸਾਰੇ ਪੰਜਾਬ ਵਿਚ ਅੰਗਰੇਜ਼ੀ ਲਿਖ ਸੱਕਣ ਵਾਲੇ ਸਰਕਾਰੀ ਬੰਦਿਆਂ ਵਿਚੋਂ ਕੂਕਿਆਂ ਦਾ ਕਿਹੜਾ ਸ਼ੁਭ ਚਿੰਤਕ ਸੀ, ਜਿਹੜਾ ਉਹਨਾਂ ਲਈ ਪੱਤਰ ਲਿਖਦਾ। ਨਾ ਨੌ ਮਣ ਤੇਲ ਹੋਵੇ ਨਾ ਰਾਧਾ ਨੱਚੇ। ਫਿਰ ੨੩ ਅਕਤੂਬਰ ੧੯੭੭ ਨੂੰ ਹੀ ਗ੍ਰਹਿ ਵਿਭਾਗ ਨੇ ਸ਼ਿਮਲੇ ਤੋਂ ਹੀ ਸੂਬਾਈ ਸਰਕਾਰਾਂ ਨੂੰ ਲਿਖੇ ਪੱਤਰ ਵਿਚ ਇਹ

ਸਪਸ਼ਟ ਕਰ ਦਿੱਤਾ ਕਿ ਅੰਗਰੇਜ਼ੀ ਵਿਚ ਲਿਖੇ ਪੱਤਰ ਵੀ, ਪੂਰੀ ਛਾਣ ਬੀਣ ਅਤੇ ਸਲਾਹ ਮਸ਼ਵਰੇ ਤੋਂ ਬਾਦ ਹੀ ਕੂਕਿਆਂ ਤੱਕ ਪਹੁੰਚਾਏ ਜਾਣ[12]। ਸਮਾਂ ਬੀਤਣ ਨਾਲ ਜਿਵੇਂ ਜਿਵੇਂ ਕੂਕੇ ਸਿੰਘ ਗੁਰੂ-ਦਰਸ਼ਨਾਂ ਲਈ ਰੰਗੂਨ ਪੁੱਜਣ ਵਿਚ ਤੇਜ਼ੀ ਫੜ ਰਹੇ ਸਨ, ਇਸ ਨੂੰ ਲਹਿਰ ਦਾ ਤਿੱਖਾ ਹੋਣਾ ਮੰਨ ਕੇ, ਸਰਕਾਰ ਕੈਦੀ ਕੂਕਿਆਂ ਨੂੰ ਹੋਰ ਮਾਨਸਿਕ ਯੰਤਰਣਾਵਾਂ ਵਿਚੋਂ ਲੰਘਾਉਣ ਤੇ ਤੁਲੀ ਹੋਈ ਸੀ। ਹੁੰਦਾ ਇਹਨਾਂ ਪੱਤਰਾਂ ਵਿਚ ਘਰਾਂ ਦੀਆਂ ਮੁਸ਼ਕਿਲਾਂ ਅਤੇ ਗ੍ਰਹਿਸਤ ਦੇ ਝਮੇਲਿਆਂ ਦੇ ਰੋਂਡੀ-ਰੋਣਿਆਂ ਦਾ ਵਰਣਨ ਹੀ ਸੀ, ਪਰ ਸਰਕਾਰ ਆਪਣੇ ਬਾਗੀਆਂ ਨੂੰ ਮਿਸਾਲੀ ਸਜ਼ਾਵਾਂ ਦੇ ਕੇ, ਰਾਜ ਦੀ ਉਮਰ ਲੰਮੀ ਕਰਨ ਦ ਭਰਮ ਪਾਲ ਰਹੀ ਸੀ। ਇਸ ਦੌਰ ਵਿਚੋਂ ਲੰਘਣ ਵਾਲੇ ਅਣਖੀਲੇ ਕੂਕਿਆਂ ਦੇ ਸਿਰੜ ਨੂੰ ਤਾਂ, ਉਹਾਂ ਦੇ ਦੁਸ਼ਮਣ ਵੀ ਸਲਾਮਾਂ ਕਰਦੇ ਸਨ। ਉਨ੍ਹੀਵੀਂ ਸਦੀ ਦੇ ਪਿਛਲੇ ਅੱਧ ਵਿਚ, ਪੰਜਾਬੀ ਗੌਰਵ ਦਾ ਪ੍ਰਤੀਕ ਬਣ ਕੇ ਉਭਰਨ ਵਾਲੇ ਭਾਈ ਮਹਾਰਾਜ ਸਿੰਘ ਅਤੇ ਗਦਰੀ ਸਿਪਾਹੀਆਂ ਤੋਂ ਬਾਅਦ ਵੱਡੀ ਗਿਣਤੀ ਅਤੇ ਲੰਮੇ ਸਮੇਂ ਤੱਕ, ਸਤਿਗੁਰੂ ਰਾਮ ਸਿੰਘ, ਉਹਨਾਂ ਦੇ ਸੂਬੇ ਅਤੇ ਨਾਮਧਾਰੀ ਸਿੰਘ ਹੀ ਸਨ।

ਭਾਰਤ ਸਰਕਾਰ ਦੇ ਵਿਦੇਸ਼ ਵਿਭਾਗ ਦੇ ਸਕੱਤਰ ਥੋਰਨਟੋਨ ਨੂੰ ਪੰਜਾਬ ਸਰਕਾਰ ਦੇ ਕਾਇਮ ਮੁਕਾਮ ਸਕੱਤਰ, ਲੈਪਲ ਐਚ. ਗਰਿਫਿਨ ਨੇ ੨੭, ਜੂਨ ੧੮੭੬ ਨੂੰ, ਸ਼ਿਮਲੇ ਤੋਂ ਲਿਖਿਆ ਕਿ ਉਹ ਭਾਰਤ ਸਰਕਾਰ ਦੇ ੮ ਮਾਰਚ ਦੇ "ਗੁਪਤ ਪੱਤਰ" ਦੇ ਜੁਆਬ ਵਿਚ, ਕੂਕਾ ਬੰਦੀਆ ਬਾਰੇ ਜ਼ਿਲ੍ਹਾ ਅਧਿਕਾਰੀਆਂ ਤੋਂ ਪੁੱਛ ਗਿਛ ਕਰਦਾ ਥੋਹੜਾ ਅਵੇਰ ਕਰ ਬੈਠਾ ਹੈ, ਕਿਉਂ ਜੁ ਕੁਝ ਅਫਸਰ ਵੀ ਹਾਜ਼ਰ ਨਹੀਂ ਸਨ। ਇਹ ਪੁੱਛਿਆ ਗਿਆ ਸੀ ਜੇ ਕੂਕਾ ਸੂਬਿਆਂ ਨੂੰ ਵਾਪਸ ਭੇਜ ਦਿਤਾ ਜਾਵੇ ਤਾਂ ਕੋਈ ਸਮੱਸਿਆ ਤਾਂ ਨਹੀਂ ਉਠੇਗੀ। ਇਸ ਪੱਤਰ ਮੁਤਾਬਿਕ ਫੀਰੋਜ਼ਪੁਰ ਦਾ ਡਿਪਟੀ ਕਮਿਸ਼ਨਰ ਅਤੇ ਲਾਹੌਰ ਦਾ ਕਮਿਸ਼ਨਰ (ਉਦੋਂ ਫੀਰੋਜ਼ਪੁਰ ਲਾਹੌਰ ਕਮਿਸ਼ਨਰੀ ਵਿਚ ਆਉਂਦਾ ਸੀ) ਇਸ ਵਿਚਾਰ ਦੇ ਸਨ ਕਿ (ਸਾਰੇ ਸੂਬੇ) ਜਵਾਹਰ ਸਿੰਘ, ਮਲੂਕ ਸਿੰਘ ਅਤੇ ਮਾਨ ਸਿੰਘ ਜੇ ਵਾਪਸ ਆ ਜਾਣ ਤਾਂ ਇਹ ਸਾਡੇ ਲਈ ਅਣਸੁਖਾਵਾਂ ਜਾਂ ਖਤਰਨਾਕ ਨਹੀਂ ਹੋਵੇਗਾ। ਪ੍ਰੰਤੂ ਸਰ ਹੈਨਰੀ ਡੇਵੀਅਸ, ਕੂਕਿਆਂ ਬਾਰੇ ਆਮ ਵਿਚਾਰ ਦੇ ਤਹਿਤ ਅਤੇ ਕੁਝ ਉਹਨਾਂ ਗਤੀਵਿਧੀਆਂ ਕਰਕੇ ਜਿਹੜੀਆਂ ਇਸ ਫਿਰਕੇ ਵਿਚ ਹੋ ਰਹੀਆਂ ਸਨ (ਕੂਕੇ ਸਿੰਘ ਭੋਗ ਪਾਠ, ਚੰਡੀ ਦੀ ਵਾਰ, ਹਵਨ ਯੱਗ ਆਦਿ ਕਰਕੇ ਅੰਗਰੇਜ਼ ਸਰਕਾਰ ਦੀਆਂ ਨਜ਼ਰਾਂ ਵਿਚ, ਕਥਿਤਤੋਰ ਤੌਰ ਤੇ ਉਸੇ ਦੁਰਗਾ ਜਾਂ ਆਦਿ ਸ਼ਕਤੀ ਨੂੰ, ਜੋ ਅਸੁਰ ਸੰਘਾਰਦੀ ਹੈ, ਜਿਸ ਸਬੰਧ ਵਿਚ ਮੁਗਲਾਂ ਨਾਲ ਟੱਕਰ ਲੈਣ ਤੋਂ ਪਹਿਲਾਂ, ਗੁਰੂ ਗੋਬਿੰਦ ਸਿੰਘ ਜੀ ਨੇ ਵੀ ਕੁਝ ਕਾਰਵਾਈਆਂ ਕੀਤੀਆਂ ਸਨ, ਨੂੰ ਫਿਰ ਧਿਆ ਰਹੇ ਸਨ, ਉਹ ਗੁਰੂ ਦਰਸ਼ਨਾਂ ਲਈ ਰੰਗੂਨ ਧੜਾ ਧੜ ਜਾ ਰਹੇ ਸਨ, ਭੈਣੀ ਸਾਹਿਬ ਦਾ ਲੰਗਰ ਚੱਲਦਾ ਰੱਖਣ ਲਈ ਆਪਣੀਆਂ ਜ਼ਮੀਨਾਂ ਵੀ ਵੇਚ ਰਹੇ ਸਨ ਅਤੇ ਭੈਣੀ ਸਾਹਿਬ ਦੇ ਇਰਦ ਗਿਰਦ ਵੀ ਕੂਕਿਆਂ ਦੀਆਂ ਫੌਜਾਂ ਕਾਫੀ ਗਿਣਤੀ ਵਿਚ ਉੱਤਰੀਆਂ ਰਹਿੰਦੀਆਂ ਸਨ— ਸ. ਸ. ਵਿਰਕ) ਕਿਸੇ ਵੀ ਕੂਕਾ ਬੰਦੀ ਦੇ ਪੰਜਾਬ ਵਾਪਸ ਭੇਜੇ ਜਾਣ ਦੀ ਸਲਾਹ ਦੇਣੀ ਮੁਨਾਸਬ ਨਹੀਂ ਸਨ ਸਮਝਦੇ।[13] ਤੇ ਭਾਰਤ ਸਰਕਾਰ ਦੇ ਗ੍ਰਹਿ ਵਿਭਾਗ (ਅਦਾਲਤੀ) ਨੇ ਪੰਜਾਬ ਸਰਕਾਰ ਦੇ ਲਾਟ ਡੇਵੀਅਸ ਦੀ ਰਾਇ ਤੇ ਆਪਣੀ ਪ੍ਰਵਾਨਗੀ ਦੀ ਮੋਹਰ, ੨੭ ਜੂਨ ੧੮੭੬ ਈ. ਨੂੰ ਹੀ ਲਾ ਦਿਤੀ ਸੀ।

ਇਹ ਜਾਣਕੇ ਕਿ ੧੮੭੪ ਵਿਚ, ਚੁਨਾਰ ਕਿਲੇ ਦੀ ਨਿਗਰਾਨੀ ਕਰਦੇ ਕੁਝ ਸਿੱਖ ਸੈਨਿਕ, ਬੰਦੀ ਕੂਕਾ ਸੂਬਿਆਂ ਨਾਲ ਗੁਪਤ ਪੱਤਰ ਵਿਹਾਰ ਕਰਦੇ ਰਹੇ ਹਨ, ਸਰਕਾਰ ਨੇ ਚੁਸਤੀ ਵਰਤਦਿਆਂ, ਇਹ ਹੁਕਮ ਗ੍ਰਹਿ ਵਿਭਾਗ ਵੱਲੋਂ, ੧੭ ਅਕਤੂਬਰ ੧੮੮੧ ਨੂੰ ਜਾਰੀ ਕਰਵਾ ਦਿੱਤਾ ਸੀ ਕਿ ਉਸ ਡਿਊਟੀ ਤੇ ਜਾਂ ਉਝ ਵੀ ਚੁਨਾਰ ਕਿਲੇ ਵਿਚ, ਸਿੱਖ ਸੈਨਿਕਾਂ ਸੈਨਿਕਾਂ ਵਾਲੀ ਕੋਈ ਕੰਪਨੀ ਨਹੀਂ ਭੇਜੀ ਜਾਏਗੀ।[14]

ਹੁਣ ਅਸੀਂ ਉਸ ਪੱਤਰ ਦੀ ਨਕਲ ਜੋ ਪੰਜਾਬੀ ਵਿਚੋਂ ਅੰਗਰੇਜ਼ੀ ਵਿਚ ਅਨੁਵਾਦ ਕਰਕੇ, ਸੂਬਾ ਮਾਨ ਸਿੰਘ ਹੋਰਾਂ ਤੱਕ, ਪੁਚਾਈ ਗਈ ਸੀ ਹੇਠਾਂ ਦੇ ਰਹੇ ਹਾਂ ਤਾਂ ਜੁ ਘਰਾਂ ਦੇ ਜੀਆਂ ਨੂੰ ਕੀ ਕੀ ਮੁਸੀਬਤਾਂ ਝੱਲਣੀਆਂ ਪਈਆਂ, ਕਿਹੜੀਆਂ ਗਮਾਂ ਦੀਆਂ ਚੱਕੀਆਂ ਉਹਨਾਂ ਨੂੰ ਝੋਣੀਆਂ ਪਈਆਂ, ਦੁੱਖਾਂ ਦੇ ਪਹਾੜ ਨਿਤਾਣੀਆਂ ਜਿੰਦਾਂ ਤੇ ਕਿਵੇਂ ਟੁੱਟਦੇ ਰਹੇ, ਰਿਸ਼ਤੇ ਨਾਤੇ ਕਿਵੇਂ ਗਰਜ਼ਾਂ ਤੱਕ ਸੀਮਤ ਹੋ ਕੇ ਰਹਿ ਗਏ ਅਤੇ ਗੱਭਰੂ ਪੁੱਤਰਾਂ ਧੀਆਂ ਦੀ ਮੌਤ ਦੇ ਸਦਮੇ ਪਰਦੇਸ ਬੈਠੇ ਸੂਬਾ ਮਾਨ ਸਿੰਘ ਹੋਰਾਂ ਨੇ, ਕਿਵੇਂ ਜਰੇ ਹੋਣਗੇ, ਇਸ ਦਾ ਕੁਝ ਅੰਦਾਜ਼ਾ, ਸਾਡੇ ਦਰਦਾਂ ਪਰੁੰਨੇ ਇਤਿਹਾਸ ਦੇ ਪਾਠਕਾਂ ਨੂੰ ਹੋ ਸੱਕੇ :

"ਲਿਫਾਫੇ ਤੇ ਪਤਾ —

ਮਿਲੇ ਮੇਰੇ ਪਤੀ ਮਾਨ ਸਿੰਘ ਕੂਕਾ, ਕੈਦੀ ਕਿਲ੍ਹਾ ਚੁਨਾਰ ਜ਼ਿਲ੍ਹਾ ਬਨਾਰਸ ਨੂੰ ਭੇਜਣ ਵਾਲੀ : ਮੁਸੰਮਤ (ਸ੍ਰੀਮਤੀ ਲਈ ਵਰਤਿਆ ਜਾਂਦਾ ਉਰਦੂ ਸ਼ਬਦ) ਜੀਵਨੀ, ਪਤਨੀ ਮਾਨ ਸਿੰਘ ਕੂਕਾ ਪਿੰਡ ਸੈਦੋਕੀ, ਥਾਣਾ ਨਿਹਾਲ ਸਿੰਘ, ਜ਼ਿਲ੍ਹਾ ਫਿਰੋਜ਼ਪੁਰ ਮਿਤੀ ੨੯ ਅਕਤੂਬਰ ੧੮੮੨

ਪੱਤਰ ਦਾ ਮਜ਼ਮੂਨ—

ਗਿਆਤ ਹੋਵੇ, ਮੁਸੰਮਤ ਜੀਵਨੀ ਪਤਨੀ ਮਾਨ ਸਿੰਘ ਅਤੇ ਗੁਰਬਖਸ਼ ਸਿੰਘ ਵੱਲੋਂ ਸਾਡੀ ਫਤੇਹ-ਸਤਕਾਰ ਜੋਗ ਸਾਡੇ ਭਾਈ ਮਾਨ ਸਿੰਘ, ਜੋ ਸਾਡੇ ਤੇ ਬੜੇ ਦਿਆਲੂ ਹਨ, ਅਕਾਲਪੁਰਖ ਉਹਨਾਂ ਦੀ ਸੰਭਾਲ ਕਰੇ, ਕਿ ਇਹ ਪੱਤਰ ਲਿਖੇ ਜਾਣ ਦੀ ਘੜੀ (ਇੱਥੇ ਸਾਡੇ ਪਾਸੇ), ਸਭ ਸੁੱਖ ਸਾਂਦ ਖੈਰੀਅਤ ਹੈ ਅਤੇ ਅਸੀਂ ਹਮੇਸ਼ਾਂ ਤੁਹਾਡੇ ਭਲੇ ਵਾਸਤੇ ਅਰਦਾਸਾਂ ਕਰਦੇ ਰਹਿੰਦੇ ਹਾਂ। ਸੁੰਦਰ ਸਿੰਘ ਅਤੇ ਪਾਖਰ ਸਿੰਘ ਬਿਲਕੁਲ ਠੀਕ ਠਾਕ

ਹਨ। ਸਾਡੇ ਕੋਲ ਗੁਜ਼ਾਰੇ ਜੋਗਾ ਅੰਨ ਪਾਣੀ ਹੈ। ਤੁਸੀਂ ਕਿਸੇ ਤਰ੍ਹਾਂ ਦੀ ਚਿੰਤਾ ਨਹੀਂ ਕਰਨੀ। (ਇਸ ਵਰ੍ਹੇ) ਫਸਲਾਂ ਚੰਗੀਆਂ ਲੱਗ ਗਈਆਂ ਹਨ। ਤੁਹਾਨੂੰ ਚਤਰ ਸਿੰਘ ਦੇ ਚਲਾਣੇ ਦਾ ਸ਼ਾਇਦ ਪਤਾ ਲੱਗਾ ਗਿਆ ਹੋਵੇਗਾ। ਉਹਦੀ ਵਿਧਵਾ ਘਰ ਵਾਲੀ ਦੇ ਮਾਪੇ, ਉਹਨੂੰ ਕਿਤੇ ਹੋਰਥੇ ਬਹਾਉਣਾ ਚਾਹੁੰਦੇ ਹਨ। ਅਤੇ ਅਸੀਂ ਉਹਨਾਂ ਨੂੰ ਅਜੇਹਾ ਕਰਨ ਤੋਂ ਹਟਾਉਣ ਤੋਂ ਵੀ ਅਸਮਰੱਥ ਹਾਂ। ਜੇ ਤੁਸੀਂ ਸਰਕਾਰੇ ਆਪਣਾ ਰਸੂਖ ਵਰਤ ਕੇ,ਕੁਝ ਕਰ ਸਕਦੇ ਹੋ ਤਾਂ ਕਿਰਪਾ ਕਰਕੇ ਜ਼ਰੂਰ ਕਰਨਾਂ। ਨਹੀਂ ਤਾਂ ਸਾਡੀ ਇਸ ਸਬੰਧ ਵਿਚ ਕੋਈ ਪੇਸ਼ ਨਹੀਂ ਜਾਏਗੀ। ਮੌਜ਼ਿਆ (ਪਿੰਡ) ਪਿੱਥੋ ਵਿਖੇ (ਬੰਦੀ-ਸੂਬਾ) ਹੁਕਮਾ ਸਿੰਘ ਹੋਰਾਂ ਦੇ ਪਰਿਵਾਰ ਵਿਚ ਭੀ ਸਭ ਸੁੱਖ-ਸਾਂਦ ਹੈ। ਤੁਹਾਡੇ ਪੁੱਤਰ ਸੁੰਦਰ ਸਿੰਘ ਨੇ "ਗਰੰਥ ਸਾਹਿਬ" ਦਾ ਪਾਠ ਕਰਨਾਂ ਸੰਪੂਰਨ ਕਰ ਲਿਆ ਹੈ। ਇਸ ਤੋਂ ਅਗਲਾ ਪੱਤਰ ਦਾ ਹਿਸਾ ਇਕਲੀ ਬੀਬੀ ਜਿਊਣੀ ਵਲੋਂ ਹੈ (ਹਰਬਖਸ਼ ਸਿੰਘ ਸੂਬਾ ਜੀ ਦਾ ਭਾਈ ਹੋ ਸੱਕਦਾ ਹੈ) ਪਾਖਰ ਤੇ ਸੁੰਦਰ ਉਹੋ ਜਿਹਾ ਵਿਹਾਰ ਨਹੀਂ ਕਰਦੇ, ਜਿਹੇ ਜਿਹਾ ਮੇਰੀ ਮਨਸ਼ਾ ਹੁੰਦੀ ਹੈ ਅਤੇ ਇਸ ਮੁਆਮਲੇ ਵਿਚ ਮੈਂ ਦੋਹਾਂ ਤੋਂ ਹੀ ਰਾਜ਼ੀ ਨਹੀਂ ਹਾਂ। ਮੈਂ ਉਵੇਂ ਹੀ ਕਰਾਂਗੀ ਜਿਵੇਂ ਤੁਸੀਂ ਮੈਨੂੰ ਹੁਕਮ ਦਿਓਗੇ। ਕਿਉਂਕਿ ਓਹ ਦੋਵੇਂ ਮੇਰੇ ਮੁਤਾਬਿਕ ਚੱਲਣ ਨੂੰ ਤਿਆਰ ਨਹੀਂ ਮੈਂ (ਹੋਰ ਜ਼ਿਆਦਾ) ਹੁਣ ਉਹਨਾਂ ਨਾਲ ਨਹੀਂ ਕੱਟ ਸੱਕਦੀ। ਮੈਂ ਇਧਰ ਆਉਣ ਲਈ ਤਿਆਰ ਹਾਂ ਅਤੇ ਜੇ ਤੁਸੀਂ ਮੈਨੂੰ ਇੱਥੇ ਸੱਦ ਸੱਕੋਂ ਤਾਂ। ਘਣੀਏ ਦੇ ਜੀਤਾ ਦੀ ਵਿਧਵਾ (ਇਹ ਜੀਤਾ ਸਿੰਘ ਮੁਸੰਮਤ ਰਾਮੀ ਦਾ ਜਿਹੜਾ ਸਹੁਰਾ ਸੀ ਉਹ ਹੈ। ਜਿਸ ਤੋਂ ਤੁਸੀਂ ਇਹ ਘੋੜੀ ਲਿਆਂਦੀ ਸੀ, ਜਿਹੜੀ ਬਾਅਦ ਵਿਚ ਮਰ ਗਈ ਸੀ, ਹੁਣ ਉਸ ਘੋੜੀ ਦੀ ਕੀਮਤ ਮੈਥੋਂ ਵਸੂਲਣ ਲਈ ਆਖ ਰਹੀ ਹੈ। ਮੇਰੀ ਧੀ ਰਾਮੀ ਅਤੇ ਉਹਦਾ ਸੁਹਰਾ ਜੀਤਾ ਸਿੰਘ ਦੋਵੇਂ ਮਰ ਚੁੱਕੇ ਹਨ ਅਤੇ ਹੁਣ ਜੀਤਾ ਸਿੰਘ ਦੀ ਵਿਧਵਾ ਉਸ ਘੋੜੀ ਦੀ ਕੀਮਤ ਮੰਗ ਰਹੀ ਹੈ। ਮੈਂ ਇਹ ਮੁਆਮਲੇ ਤੁਹਾਡੇ ਤੇ ਛੱਡਦੀ ਹਾਂ। ਉਹ (ਵਿਧਵਾ ਜੀਤਾ ਸਿੰਘ ਦੀ) ਕਹਿੰਦੀ ਹੈ ਕਿ ਮੈਂ ਤੁਹਾਨੂੰ ਵੇਖ ਲਵਾਂਗੀ ਭਾਵ ਸਾਡੇ ਖਿਲਾਫ ਅਦਾਲਤ ਵਿਚ ਜਾਵੇਗੀ– (ਕਿਉਂਕਿ ਉਹ ਕੂਕਾ ਪਰਿਵਾਰ ਨਹੀਂ)। ਇਸ ਜੀਤਾ ਸਿੰਘ ਦੀ ਘਰ ਵਾਲੀ ਦਾ ਮਾਂ ਪਿਓ ਦੋਵੇਂ ਮਰ ਗਏ ਹਨ ਤੇ ਉਹ ਆਪਣੇ ਦਾਦੇ ਪਾਸ ਰਹਿੰਦੀ ਹੈ। ਉਸਦਾ ਦਾਦਾ ਉਹਨੂੰ ਸਾਡੇ ਪਾਸ ਨਹੀਂ ਭੇਜਣ ਦੇਵੇਗਾ (ਨਿਬੇੜੇ ਵਾਸਤੇ)- ਪਾਖਰ ਸਿੰਘ ਦੀ ਘਰ ਵਾਲੀ ਘਰ ਆ ਗਈ ਹੈ। ਤੁਸੀਂ ਮੇਰੇ ਖ਼ਤ ਦਾ ਜੁਆਬ ਮੈਨੂੰ ਥਾਣਾ ਨਿਹਾਲ ਸਿੰਘ ਵਾਲਾ ਦੇ ਪਤੇ ਤੇ ਭੇਜਣਾ ਕਿਉਂਕਿ ਮੈਨੂੰ ਮੋਗੇ ਤੋਂ ਜਾ ਕੇ ਇਹ ਲੈਣਾ ਔਖਾ ਹੈ ਜੋ ਇਥੋਂ ੮ ਮੀਲ ਦੂਰ ਹੈ। ਪਰ ਮਜਬੂਰੀ ਵਿਚ ਜਾਣਾ ਪੈਂਦਾ ਹੈ। ਇਸ ਲਈ ਮਿਹਰਬਾਨੀ ਕਰ ਕੇ ਅੱਗੋ ਤੋਂ ਥਾਣਾ ਨਿਹਾਲ ਸਿੰਘ ਵਾਲਾ ਦੇ ਪਤੇ ਤੇ ਭੇਜਣਾ। ਗੁਰਬਖਸ਼ ਸਿੰਘ ਅਤੇ ਭਾਈਚਾਰੇ ਦੇ ਹੋਰਨਾਂ ਜੀਆਂ ਵੱਲੋਂ ਤੁਹਾਨੂੰ ਫਤੇਹ ਬੁਲਾਈ ਪਰਵਾਨ ਹੋਵੇ। ਦੋ ਵੇਰ, ਮੈਂ ਤੁਹਾਡੀ ਰਿਹਾਈ ਲਈ, ਲਾਹੌਰ ਜਾ ਕੇ ਕਾਗਜ਼ ਪੇਸ਼ ਕਰ ਆਈ ਹਾਂ। ਮੈਨੂੰ ਅਜੇ ਤੱਕ ਕੋਈ ਜੁਆਬ ਨਹੀਂ ਮਿਲਿਆ। ਇਸ ਲਈ ਇਸ ਕੰਮ ਵਿਚ ਮੇਰੀ ਕੋਈ ਵਾਹ ਨਹੀਂ। ਜੇ ਤੁਸੀਂ ਲਿਖੋਗੇ ਤਾਂ ਮੈਂ ਫਿਰ ਵੀ ਕਾਗਜ਼ ਪੇਸ਼ ਕਰਨ ਦਾ, ਕੋਈ ਸਬੱਬ ਬਣਾ ਲਵਾਂਗੀ। ਮੇਰੇ ਹੁਣ ਤੱਕ ਦੇ ਲਿਖੇ, ਤਿੰਨ ਪੱਤਰਾਂ ਦਾ ਆਪ ਵਲੋਂ ਕੋਈ ਜੁਆਬ ਨਹੀਂ ਆਇਆ। ਮੈਨੂੰ ਕੋਈ ਪਤਾ ਨਹੀਂ ਇਹ ਤੁਹਾਡੇ ਤੱਕ ਪੁੱਜੇ ਹਨ ਜਾਂ ਨਹੀਂ। ਕਿਰਪਾ ਕਰਕੇ ਜੁਆਬ ਜ਼ਰੂਰ ਦੇਣਾ ਅਤੇ ਛੇਤੀ ਛੇਤੀ ਦੇਣਾ।"[15]

ਇਸ ਖਤ ਦੇ ਜੁਆਬ ਵਿਚ ਸੂਬਾ ਮਾਨ ਸਿੰਘ ਹੋਰਾਂ ਦਾ ਖਤ ਉਹਨਾਂ ਦੀ ਪਤਨੀ ਜਿਊਣੀ ਦੇ ਨਾਮ ਖ਼ਤ ਕਿਉਂਕਿ ਉਹ ਬੀਮਾਰ ਸੀ, ਸੋ ਉਸਦੇ ਪੁੱਤਰ ਸੁੰਦਰ ਸਿੰਘ ਨੂੰ ਥਾਣੇ ਵਿਚ ਬੁਲਾ ਕੇ ੬ ਜੁਲਾਈ ੧੮੮੬ ਈ. ਨੂੰ ਦੇ ਦਿੱਤਾ ਗਿਆ। ਇਹ ਇਤਲਾਹ ਡੀ. ਸੀ. ਫੀਰੋਜ਼ਪੁਰ ਨੇ ਪੰਜਾਬ ਸਰਕਾਰ ਨੂੰ ਭੇਜ ਦਿਤੀ ਸੀ। ਉਪਰੋ ਵਰਣਿਤ ਕਿਹੋ ਜਿਹੇ ਦਰਦਨਾਕ ਹਾਲਤਾਂ ਵਾਲੇ ਖ਼ਤ ਦਾ ਜੁਆਬ, ਚਹੁੰਆਂ ਸਾਲਾਂ ਬਾਦ ਪਹੁੰਚਣਾ ਹੀ ਸਰਕਾਰੀ ਨਿਸ਼ਠੁਰਤਾ ਦੀ ਮੂੰਹ ਬੋਲਦੀ ਤਸਵੀਰ ਹੈ।

੧੮੮੭ ਈ. ਵਿਚ ਮਲਕਾ ਵਿਕਟੋਰੀਆ, ਇੰਗਲੈਂਡ ਦੀ ਮਹਾਰਾਣੀ ਦੀ ਜੁਬਲੀ ਮਨਾਈ ਜਾਣੀ ਸੀ। ਇਸ ਸਬੰਧ ਵਿਚ ਸਰਕਾਰ ਨੇ ਕੁਝ ਸਿਆਸੀ ਕੈਦੀਆਂ ਨੂੰ ਵੀ ਰਿਹਾ ਕਰਨ ਦਾ ਲਾਹਾ ਖੱਟਣਾ ਚਾਹਿਆ। ਕਿਉਂਕਿ ਹਜ਼ਾਰੀ ਬਾਗ ਜਿਹਲ ਵਿਚ ਸੂਬਾ ਸਾਹਿਬ ਸਿੰਘ ਚਿਰੋਕਣੇ ਅਕਾਲ ਚਲਾਣਾ ਕਰ ਗਏ ਸਨ ਇਸ ਲਈ ਸੂਬਾ ਕਾਹਨ ਸਿੰਘ ਨਿਹੰਗ ਵੀ ਚਨਾਰ, ਭੇਜ ਦਿਤੇ ਗਏ ਸਨ ਸੂਬਾ ਮਾਨ ਸਿੰਘ ਤੇ ਹੁਕਮਾ ਸਿੰਘ ਹੋਰਾਂ ਪਾਸ। ਜਿਸ ਸੂਬਾ ਮਾਨ ਸਿੰਘ ਨੂੰ ਪਹਿਲਾਂ ਤਿੰਨ ਵਰ੍ਹੇ ਤੱਕ ਕੈਦ ਰੱਖਣ ਦੀ ਸਿਫਾਰਸ਼ ਸੀ। ਪੂਰੇ ੧੫ ਸਾਲ ਤੇ ੧ ਮਹੀਨਾ ਕੈਦ ਵਿਚ ਰੱਖ ਕੇ ਉਹਨਾਂ ਨੂੰ ਸੂਬਾ ਹੁਕਮਾ ਸਿੰਘ ਹੋਰਾਂ ਦੇ ਨਾਲ ਹੀ ਉਪਰੋਂ ਤਾਰ ਆਉਣ ਤੇ ਰਿਹਾਈ ਦੇ ਹੁਕਮਾਂ ਦੀ, ਲੈਫਟੀਨੈਂਟ ਕਰਨਲ ਡਬਲਯੂ. ਈ.ਮਨੀ ਕਮਾਂਡੈਂਟ ਚੁਨਾਰ ਫੋਰਟ, ਨੇ ਉਹਨਾਂ ਨੂੰ ੧੮ ਫਰਵਰੀ ੧੮੮੭ ਨੂੰ ਰਿਹਾਅ ਕਰ ਕੇ ਪੰਜਾਬ ਭੇਜ ਦਿੱਤਾ। ਇਹ ਸ਼ਰਤਾਂ ਲਾਈਆਂ ਗਈਆਂ ਕਿ ਆਪਣੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਅਤੇ ਪੁਲੀਸ ਕਪਤਾਨ ਦੀ ਪੂਰਵ ਮਨਜ਼ੂਰੀ ਬਿਨਾਂ ਉਹ ਪਿੰਡ ਸੈਦੋਕੀ ਦੀ ਜੂਹ ਵਿਚੋਂ ਬਾਹਰ ਨਹੀਂ ਜਾ ਸੱਕਣਗੇ।[16]

ਸੂਬਾ ਮਾਨ ਸਿੰਘ, ਦੇ ਪਿੰਡ ਵਿਚ ਇਕ ਉਦਾਸੀ ਸੰਤ ਸਰਨਦਾਸ ਹੋਏ ਹਨ, ਜੋ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨਾਲ, ਸੂਬਾ ਜਵਾਹਰ ਸਿੰਘ ਦਾ ਸਬੰਧ ਜੋੜਨ ਵਾਲੇ ਸਨ। ਸੂਬਾ ਮਾਨ ਸਿੰਘ ਉਹਨਾਂ ਅਤੇ ਸੂਬਾ ਜਵਾਹਰ ਸਿੰਘ ਦੀ ਪਰੇਰਣਾ ਨਾਲ ਹੀ ਨਾਮਧਾਰੀ ਪੰਥ ਵਿਚ ਆਏ ਸਨ। ਇਕ ਵੇਰ ਸੂਬਾ ਜਵਾਹਰ ਸਿੰਘ ਦੀ ਕ੍ਰਿਪਾ ਨਾਲ ਹੀ ਆਪ ਮੌਤ ਦੇ ਮੂੰਹ ਵਿਚੋਂ ਨਿਕਲ ਕੇ ਮੁੜੇ ਸਨ। ਅਜਿਹਾ ਸਤਿਗੁਰੂ ਪਰਤਾਪ ਸਿੰਘ ਜੀ ਦੇ ਰੀਕਾਰਡ

ਹੋਏ ਉਪਦੇਸ਼ ਵਿਚ ਦਰਜ ਹੈ।[17]

ਇਸ ਸਮੇਂ ਟੌਂਕ ਦਾ ਨਵਾਬ ਮੁਹੰਮਦ ਅਲੀ ਖਾਨ ਵੀ ਚੁਨਾਰ ਕਿਲੇ ਵਿਚ ਹੀ ਕੈਦ ਸੀ। ਸਿਆਸੀ ਕੈਦੀਆਂ ਲਈ ਇਸ ਨੂੰ ਸੁਰੱਖਿਅਤ ਕਿਲ੍ਹਾ ਸਮਝਿਆ ਜਾਂਦਾ ਸੀ।

ਗੁਰੂ ਹਰੀ ਸਿੰਘ ਜੀ ਆਪਣੇ ਬਚਨ-ਬਿਲਾਸਾਂ ਵਿਚ ਅਕਸਰ ਹੀ ਇਹ ਫੁਰਮਾਉਂਦੇ ਸਨ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਲਈ ਅਰਦਾਸਾਂ ਕਰੋ। ਉਹਨਾਂ ਦੇ ਆਇਆਂ ਹੀ ਧਰਮ ਤੁਰਨਾ ਹੈ। ਸਤਿਗੁਰੂ ਰਾਮ ਸਿੰਘ ਭੁੱਲੀ ਭਟਕੀ ਲੁਕਾਈ ਲਈ ਇਕ ਚਾਨਣ-ਮੁਨਾਰਾ ਬਣ ਕੇ ਇਸ ਧਰਤੀ ਤੇ ਉੱਭਰੇ ਸਨ। ਧਰਮ ਕੀ ਹੈ ? ਗਊ ਗਰੀਬ ਦੇ ਗਲੋਂ ਛੁਰੀ ਲਹਿਣੀ। 'ਗਊ-ਗਰੀਬ", ਸ਼ੋਸ਼ਿਤ, ਪੀੜਿਤ, ਵੰਚਿਤ, ਉੜੀ-ਥੁੜੀ ਅਤੇ ਮੁੱਢਲੀਆਂ ਲੋੜਾਂ ਦੀ ਪੂਰਤੀ ਤੋਂ ਮਹਿਰੂਮ ਲੋਕਾਈ ਦਾ ਪਰਤੀਕ ਹੈ। ਸਤਿਗੁਰੂ ਰਾਮ ਸਿੰਘ ਇਕ ਵਿਚਾਰ ਦਾ ਨਾਮ ਹੈ ਵਿਚਾਰ ਜੋ ਉਨ੍ਹਵੀਂ ਸਦੀ ਵਿਚ ਬਸਤੀਵਾਦ, ਸਾਮੰਤਵਾਦ ਅਤੇ ਧਾਰਮਿਕ ਪੌਂਗਾਵਾਦ ਦੇ ਖਿਲਾਫ ਜੂਝਿਆ। ਸੂਬਾ ਮਾਨ ਸਿੰਘ ਜਿਹੇ ਨਾਇਕਾਂ ਨੇ ਆਪਣੀਆਂ ਜਵਾਨੀਆਂ ਇਸ ਪਵਿੱਤਰ ਵਿਚਾਰ ਦੇ ਲੇਖੇ ਲਾ ਦਿੱਤੀਆਂ। ਵੈਸੇ ਸੂਬਾ ਮਾਨ ਸਿੰਘ ਜਿਵੇਂ ਉਹ ਖੁਦ ਮੰਨਦੇ ਹਨ ਕਿ ਨਾ ਉਹ ਨਾਮ ਦਿੰਦੇ ਹਨ, ਨਾ ਹੀ ਸੂਬੇ ਹਨ, ਫਿਰ ਵੀ ਬਰਾਜ ਵਾਲੇ ਦੀ ਘਟਨਾ ਨਾਲ, ਦੂਰੋਂ ਨੇੜਿਉਂ ਜੋੜ ਕੇ ਅਤੇ ਮਲੌਦ ਤੇ ਮਲੇਰਕੋਟਲੇ ਦੀਆਂ ਘਟਨਾਵਾਂ ਦੀ ਸ਼ਮੂਲੀਅਤ ਵਿਚ ਸਰਕਾਰ ਨੇ ਉਹਨਾਂ ਦੀ ਹਾਜ਼ਰੀ ਦਾ ਝੂਠਾ ਬਹਾਨਾ ਬਣਾ ਕੇ ਹੀ ਉਹਨਾਂ ਨੂੰ ਦੇਸ਼-ਬਦਰ ਕਰ ਦਿੱਤਾ। ਇਹੋ ਗੱਲ ਗੁਰੂ ਹਰੀ ਸਿੰਘ ਵੀ ਮਹਿਸੂਸ ਕਰਦੇ ਹਨ ਕਿ ਜੇ ਬਿਲਕੁਲ ਗੁਮਨਾਮ ਜਿਹੇ, ਸੂਬਾ ਮਾਨ ਸਿੰਘ ਨੂੰ, ਅੰਗਰੇਜ਼ ਬਗਾਵਤ ਦੇ ਦੋਸ਼ ਵਿਚ, ਜਲਾਵਤਨ ਕਰ ਸੱਕਦੇ ਹਨ ਤਾਂ ਉਹਨਾਂ ਦਾ ਲਿਹਾਜ ਕਿਵੇਂ ਹੋ ਗਿਆ ? ਬਾਹੋਵਾਲ ਜੀ ਦੇ ਸ਼ਬਦਾਂ ਵਿਚ:

"ਗੁਰੂ ਜੀ (ਗੁਰੂ ਹਰੀ ਸਿੰਘ) ਬਚਨ ਕੀਤਾ ਹੁਣ ਦਰਸ਼ਨ ਮੰਗੋ ਸਤਿਗੁਰੂ ਜੀ ਕਾ। ਏਡੀ ਖੁਸ਼ੀ ਹੋਰ ਕੋਈ ਨਹੀਂ। ਜਦ ਦਰਸ਼ਨ ਹੋਵੇਗਾ ਤਾਂ ਤਤਕਾਲ ਏਕ ਦਮ ਧਰਮ ਤੁਰ ਪਵੇਗਾ। ਗੋਡਿਆਂ ਭਾਰ ਤਾਂ ਤੁਰਨ ਲੱਗ ਪਿਆ ਹੈ, ਦਰਸ਼ਨ ਹੋਏ ਤਾਂ ਏਕ ਦਮ ਸੂਰਜ ਵਾਂਗੂ ਚਾਨਣਾ ਹੋਵੇਗਾ, ਹਨੇਰਾ ਚੁੱਕਿਆ ਜਾਵੇਗਾ। ਮਾਨ ਸਿੰਘ ਗਰੀਬ ਨੂੰ ਤਾਂ ਲੈ ਗਏ ਤੇ ਸਾਨੂੰ ਕਦ ਛੱਡਦੇ ਸੇ।"[18]

ਇਹ ਸੂਬਾ ਮਾਨ ਸਿੰਘ ਅਤੇ ਮਾਲਵੇ ਦੇ ਹੋਰ ਜਲਾਵਤਨ ਸੂਬਿਆਂ ਦਾ ਪ੍ਰਭਾਵ ਸੀ ਕਿ ਸਾਰੇ ਮਾਲਵੇ ਵਿਚ, ਕੌਮੀ-ਮੁਕਤੀ ਅੰਦੋਲਨ ਹੇਠ ਕਦੇ ਗ਼ਦਰ ਪਾਰਟੀ ਲਹਿਰ ਦੇ ਰੂਪ ਵਿਚ, ਕਦੇ ਕਿਰਤੀ ਕਿਸਾਨ ਲਹਿਰਾਂ ਦੇ ਰੂਪ ਵਿਚ , ਕਦੇ ਰਿਆਸਤੀ ਪਰਜਾ ਮੰਡਲ ਦੇ ਰੂਪ ਵਿਚ, ਕਦੇ ਕਰਤਾਰ ਸਿੰਘ ਸਰਾਭਾ, ਕਦੇ ਸ਼ਹੀਦੇ ਆਜ਼ਮ ਭਗਤ ਸਿੰਘ ਅਤੇ ਕਦੇ ਊਧਮ ਸਿੰਘ ਸਨਾਮ ਦੇ ਰੂਪ ਵਿਚ ਸਿਰਲੱਥਾਂ ਦੇ ਪੂਰਾਂ ਦੇ ਪੂਰ ਮੈਦਨ ਵਿਚ ਉੱਤਰਦੇ ਰਹੇ। ਸੂਬਾ ਮਾਨ ਸਿੰਘ ਕਦੋਂ ਗੁਜ਼ਰੇ, ਜ਼ਾਹਰਾ ਤੌਰ ਤੇ ਪਿੰਡ ਹੀ ਗੁਜ਼ਰੇ ਹੋਣਗੇ। ਇਸ ਬਾਰੇ ਇਤਿਹਾਸਕਾਰਾਂ ਨੂੰ ਖੋਜ ਜਾਰੀ ਰੱਖਣੀ ਚਾਹੀਦੀ ਹੈ।

ਸੂਬਾ ਮਾਨ ਸਿੰਘ ਦਾ ਸਥਾਨ ਪੰਜਾਬ ਦੀ ਵੀਰ ਪਰੰਪਰਾ ਵਿਚ ਸੁਰੱਖਿਅਤ ਹੈ। ਪੰਜਾਬ ਸਰਕਾਰ ਨੂੰ ਸੈਦੋ ਪਿੰਡ ਵਿਚ ਉਹਨਾਂ ਦੀ ਵਿਲੱਖਣ ਯਾਦਗਾਰ ਬਨਾਉਣ ਦਾ ਲਾਹਾ ਖੱਟਣਾ ਚਾਹੀਦਾ ਹੈ।

ਫੁੱਟ ਨੋਟ :

1. ਜਨ ਸਾਹਿਤ ਦਾ ਸਤਿਗੁਰੂ ਰਾਮ ਸਿੰਘ ਵਿਸ਼ੇਸ਼ ਅੰਕ- ਮਈ, ਜੂਨ ਜੁਲਾਈ ੨੦੦੮- ਪਟਿਆਲਾ-ਸਫਾ -੫
2. ਕੂਕਾਜ਼ ਆਫ ਨੋਟ ਇਨ ਦਾ ਪੰਜਾਬ- (ਸੰ. ਜਸਵਿੰਦਰ ਸਿੰਘ) ੧੯੮੫-ਦਿੱਲੀ ਸਫਾ ੭੬-੭੭
3. ਗੀਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ (ਸੰ. ਭਾਈ ਨਾਹਰ ਸਿੰਘ ਭਾਈ ਕ੍ਰਿਪਾਲ ਸਿੰਘ) ੧੯੮੯-ਦਿੱਲੀ ਸਫਾ ੧੮੧
4. ਉਹੀ- ੫੧੬-੧੭
5. ਉਹੀ - ੫੦੮-੧੦
6. ਉਹੀ- ੪੭੮-੭੯
7. ਉਹੀ - ੪੮੫-੯੧
8. ਉਹੀ - ੪੭੬
9. ਉਹੀ- ੫੨੭-੨੮
10. ਉਹੀ- ੭੬੨
11. ਸੰਤ ਖਾਲਸਾ-ਹਰਨਾਮ ਸਿੰਘ ਬਗੁਲੀਵਾਲਾ-ਦੂਜੀ ਛਾਪ-੧੯੫੮ ਈ, ਅੰਮ੍ਰਿਤਸਰ, ਸਫਾ-੫੬-੫੭
12. ਗੀਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ - ੭੬੨-੬੬
13. ਉਹੀ- 769
14. ਕੂਕਾ ਮੂਵਮੈਂਟ (ਸੰ. ਜਸਵਿੰਦਰ ਸਿੰਘ) ੧੯੮੫ -ਦਿਲੀ ੧੯੯-੨੦੧
15. ਉਹੀ- ੨੦੩-੦੫
16. ਉਹੀ - ੨੫੬-੫੭
17. ਲਾਲ ਏਹਿ ਰਤਨ- ੩ (ਸੰ. ਪ੍ਰਿੰਸੀਪਲ ਬੇਅੰਤ ਕੌਰ) ੨੦੦੨ ਬੰਗਲੋਰ ੮੩
18. ਸਤਿਗੁਰੂ ਬਿਲਾਸ ਭਾਗ ਦੂਜਾ- (ਸੰਤੋਖ ਸਿੰਘ ਬਾਹੋਵਾਲ, ਸੰ. ਜਸਵਿੰਦਰ ਸਿੰਘ) ੨੦੦੫ ਈ. ਸ੍ਰੀ ਭੈਣੀ ਸਾਹਿਬ- ੩੧੩-੧੪

ਕਰੀਵਾਲਾ (ਸਿਰਸਾ)
੦੧੬੯੮-੨੭੪੫੬੨

ਸਿੱਖ ਪ੍ਰਧਾਨ ਮੰਤਰੀ !

—ਤਰਲੋਚਨ ਸਿੰਘ ਐਮ.ਪੀ.

ਜਦੋਂ ਪਾਰਲੀਮੈਂਟ ਵਿਚ ਸਰਕਾਰ ਨੇ ੨੧ ਤੇ ੨੨ ਜੁਲਾਈ ਨੂੰ ਵਿਸ਼ਵਾਸ ਦਾ ਮਤਾ ਪੇਸ਼ ਕੀਤਾ ਗਿਆ ਤਾਂ ਹਰ ਪਾਸੇ ਸਿੱਖਾਂ ਵਲੋਂ ਮੰਗ ਉਠੀ ਕਿ ਸਿੱਖ ਪ੍ਰਧਾਨ ਮੰਤਰੀ ਦੀ ਮਦਦ ਕੀਤੀ ਜਾਵੇ। ਬੜੇ ਬਿਆਨ ਆਏ ਕਿ ਪਗੜੀ ਵਾਲਾ ਪਹਿਲਾ ਪ੍ਰਧਾਨ ਮੰਤਰੀ ਭਾਰਤ ਵਿਚ ਬਣਿਆ ਹੈ, ਉਸਨੂੰ ਕਾਇਮ ਰੱਖੋ। ਜੋ ਕਦੇ ਸਿੱਖ ਕਹਿਵਾਣ ਤੋਂ ਵੀ ਘਬਰਾਂਦੇ ਸਨ ਤੇ ਸਿੱਖ ਮਸਲੇ ਦੀ ਗੱਲ ਨੂੰ ਫਿਰਕੂ ਕਹਿੰਦੇ ਸਨ, ਸਭ ਤੋਂ ਵੱਧ ਸਿੱਖੀ ਦਾ ਵਾਸਤਾ ਪਾਂਦੇ ਨਜ਼ਰ ਆਏ। ਸ਼ਹਿਰੀ ਸਿੱਖ ਤਾਂ ਜ਼ਿਆਦਾ ਜਜ਼ਬਾਤੀ ਹੋਏ ਤੇ ਅਖੰਡ ਪਾਠ ਵੀ ਰੱਖ ਦਿੱਤੇ। ਅਰਦਾਸਾਂ ਵੀ ਹੋਈਆਂ। ਰੱਬ ਦਾ ਸ਼ੁਕਰ ਸਰਕਾਰ ਬਚ ਗਈ, ਚਾਹੇ ਕਿਵੇਂ ਬਚੀ। ਸਾਡਾ ਸਿੱਖ ਪ੍ਰਧਾਨ ਮੰਤਰੀ ਕਾਇਮ ਰਿਹਾ। ਸਿੰਘ ਇਜ਼ ਕਿੰਗ (Singh is King) ਦੀ ਗੂੰਜ ਜ਼ੋਰ ਨਾਲ ਉਠੀ। ਜਿਹਨਾਂ ਸਿੱਖਾਂ ਨੇ ਵੋਟ ਉਲਟ ਪਾਈ ਉਹਨਾਂ ਪ੍ਰਤੀ ਕਈ ਤੁਹਮਤਾਂ ਵੀ ਲਗੀਆਂ। ਸਾਰੇ ਅਕਾਲੀ, ਭਾਜਪਾ ਦੇ ਨਵਜੋਤ ਸਿੰਘ ਸਿੱਧੂ ਤੇ ਸ. ਸਰਤਾਜ ਸਿੰਘ (ਮੱਧ ਪ੍ਰਦੇਸ਼ ਵਾਲੇ), ਐਕਟਰ ਸਰਦਾਰ ਧਰਮਿੰਦਰ, ਸਿੱਖਾਂ ਦੀਆਂ ਆਸਾਂ ਤੇ ਨ ਉਤਰੇ।

ਮੈਂ ਤਾਂ ਹਰਿਆਣਾ ਤੋਂ ਚੋਟਾਲਾ ਸਾਹਿਬ ਦੀ ਪਾਰਟੀ ਦੀ ਮਦਦ ਨਾਲ ਰਾਜ ਸਭਾ ਦਾ ਮੈਂਬਰ ਹਾਂ। ਮੇਰੀ ਵੋਟ ਨਹੀਂ ਸੀ ਕਿਉਂ ਜੋ ਕੇਵਲ ਲੋਕ ਸਭਾ ਵਾਲੇ ਹੀ ਵੋਟਰ ਹੁੰਦੇ ਹਨ। ੧੦ ਪਾਰਟੀਆਂ ਦੀ ਇਕ ਮੀਟਿੰਗ ਹੋਈ। ਚੋਟਾਲਾ ਸਾਹਿਬ ਵਿਦੇਸ਼ ਵਿਚ ਹੋਣ ਕਰਕੇ ਮੈਨੂੰ ਉਹਨਾਂ ਉਸ ਮੀਟਿੰਗ ਵਿਚ ਭੇਜਿਆ। ਉਥੇ ਮਾਇਆਵਤੀ ਵੀ ਸ਼ਾਮਲ ਸੀ। ਮੇਰੀ ਸੀਟ ਉਹਨਾਂ ਨਾਲ ਲਗ ਗਈ। ਇਹ ਰੌਲਾ ਪਾ ਦਿੱਤਾ ਗਿਆ ਕਿ ਮੈਂ ਉਸਦੀ ਪਾਰਟੀ ਵਿਚ ਸ਼ਾਮਲ ਹੋ ਗਿਆ ਹਾਂ। ਇਹ ਸਮਝ ਨਹੀਂ ਆਈ ਉਹਨਾਂ ਨੂੰ ਕਿ ਇਕ ਐਮ. ਪੀ ਕਿਸੇ ਮੀਟਿੰਗ ਵਿਚ ਬੈਠ ਸਕਦਾ ਹੈ ਆਪਣੀ ਵੱਖਰੀ ਹੋਂਦ ਰੱਖਦੇ ਹੋਏ।

ਚਲੋ ਹੁਣ ਮੈਂ ਇਹ ਅਪੀਲ ਜਾਂ ਲੇਖ ਉਹਨਾਂ ਸਾਰੇ ਸਿੱਖ ਲੀਡਰਾਂ ਵਾਸਤੇ ਲਿਖ ਰਿਹਾ ਹਾਂ ਕਿ ਉਹ ਆਪਣੇ ਰਸੂਖ ਨਾਲ ਡਾ. ਮਨਮੋਹਨ ਸਿੰਘ, ਪ੍ਰਧਾਨ ਮੰਤਰੀ ਜੀ ਤੋਂ ਸਿੱਖ ਮੰਗਾਂ ਬਾਰੇ ਗੱਲ ਕਰਨ। ਇਹ ਸਰਕਾਰ ਵੱਧ ਤੋਂ ਵੱਧ ੮ ਮਹੀਨੇ ਹੀ ਰਹਿ ਸਕਦੀ ਹੈ ਜੇ ਉਸ ਤੋਂ ਪਹਿਲਾਂ ਇਹ ਵੀ ਆਪ ਹੀ ਆਮ ਚੋਣਾਂ ਨਾ ਕਰਵਾ ਲੈਣ। ਮੁਸਲਮਾਨ ਘੱਟ ਗਿਣਤੀ ਲਈ ਸਰਕਾਰ ਪੱਬਾਂ ਭਾਰ ਲੱਗੀ ਹੋਈ ਹੈ। ਪ੍ਰਧਾਨ ਮੰਤਰੀ ਜੀ ਨੂੰ ਕੋਈ ਮੇਹਣਾ ਨਹੀਂ ਜੇ ਸਿੱਖ ਘੱਟ ਗਿਣਤੀ ਕੌਮ ਲਈ ਵੀ ਜੇ ਕੁਝ ਕਰ ਦੇਣ। ਪਿਛਲੇ ੪ ਸਾਲ ਉਹਨਾਂ ਨੂੰ ਵਕਤ ਨਹੀਂ ਮਿਲਿਆ ਚਾਹੇ ਬੜੀ ਉਮੀਦ ਸੀ ਕਿ ਉਹ ਸਿੱਖਾਂ ਲਈ ਘੱਟ ਤੋਂ ਘੱਟ ਕੁਝ ਤਾਂ ਕਰਣਗੇ। ਤਿੰਨ ਸਾਲ ਪਹਿਲਾਂ ਪ੍ਰਧਾਨ ਮੰਤਰੀ ਅੰਮ੍ਰਿਤਸਰ ਆਏ ਤੇ ਐਲਾਨ ਕੀਤਾ ਕਿ ਗੁਰੂ ਗ੍ਰੰਥ ਇੰਸਟੀਚੀਊਟ ਉਥੇ ਬਨਾਉਣਗੇ। ਹਰ ਪਾਸੇ ਸਿੱਖ ਪ੍ਰਧਾਨ ਮੰਤਰੀ ਦੇ ਹੱਕ ਵਿਚ ਜੈਕਾਰੇ ਲੱਗੇ। ਤਿੰਨ ਸਾਲ ਹੋ ਗਏ ਹਨ, ਕਈ ਕਮੇਟੀਆਂ ਬਣੀਆਂ ਅਖੀਰ ਜਦ ਮੈਂ ਪਾਰਲੀਮੈਂਟ ਵਿਚ ਇਹ ਸਵਾਲ ਕੀਤਾ ਤਾਂ ਦੱਸਿਆ ਗਿਆ ਕਿ ਹੁਣ ਇਹ ਕੇਵਲ ਇਕ ਸੈਂਟਰ ਹੋਵੇਗਾ ਭਾਵ ਇਸਟੀਚਿਊਟ ਖਤਮ। ਇਸ ਮੁਕਾਬਲੇ ਮੁਸਲਮਾਨਾਂ ਲਈ ੨ ਇਸਲਾਮਕ ਤੇ ਉਰਦੂ ਯੂਨੀਵਰਸਿਟੀਆਂ ਦੇ ਦਿੱਤੀਆਂ ਹਨ। ਪ੍ਰਧਾਨ ਮੰਤਰੀ ਜੀ ਤੋਂ ਇਹ ਸ਼ੁਭ ਕਰਮ ਤਾਂ ਅਸੀਂ ਕਰਵਾ ਲਈਏ। ਗੁਰੂ ਗ੍ਰੰਥ ਸਾਹਿਬ ਤਾਂ ਸਾਂਝਾ ਹੈ ਇਸ ਤੇ ਕਿਉਂ ਉਹ ਨਾਂਹ ਕਰ ਰਹੇ ਹਨ। ਭਾਰਤ ਵਿਚ ਇਹ ਪਹਿਲੀ ਵਾਰ ਕੋਈ ਸਿੱਖਾਂ ਲਈ ਸਰਕਾਰ ਦਾ ਉਪਰਾਲਾ ਹੋਵੇਗਾ। ਸ੍ਰੀ ਅਟਲ ਬਿਹਾਰੀ ਵਾਜਪਾਈ ਨੇ ਅਨੰਦਪੁਰ ਸਾਹਿਬ ਵਿਚ ਸਿੱਖ ਹੈਰੀਟੇਜ ਸੈਂਟਰ ਲਈ ੫੦ ਕਰੋੜ ਰੁਪਏ ਦਿੱਤੇ ਸਨ ਤੇ ਫਿਰ ਕਰੋੜਾਂ ਰੁਪਏ ਮਹਾਰਾਜਾ ਰਣਜੀਤ ਸਿੰਘ ਦਾ ਘੋੜੇ ਚੜ੍ਹੇ ਬੁੱਤ ਲਈ ਦਿੱਤੇ।

ਪਾਰਲੀਮੈਂਟ ਵਿਚ ਮੈਂ ਚਾਰ ਸਾਲਾਂ ਤੋਂ ਦੋ ਬਿਲ ਪੇਸ਼ ਕੀਤੇ ਹਨ। ਪਹਿਲਾ ਕਿ ਧਾਰਾ ੨੫ ਭਾਰਤੀ ਵਿਧਾਨ ਦੀ ਤਰਮੀਮ ਬਾਰੇ, ਕੇਵਲ ਦੋ ਲਫਜ਼ ਬਦਲਣ ਨਾਲ ਸਿੱਖ ਵਖਰਾ ਧਰਮ ਮੰਨਿਆ ਜਾਵੇਗਾ। ਹੁਣ ਇਹ ਹਿੰਦੂ ਧਰਮ ਦਾ ਅੰਗ ਹੈ। ਦੂਜਾ ਅਨੰਦ ਮੇਰਜ ਐਕਟ, ਇਸ ਵਿਚ ਮੈਂ ਮੰਗ ਰੱਖੀ ਹੈ ਕਿ ਰਜਿਸਟਰੇਸ਼ਨ ਮਦ ਪਾਈ ਜਾਵੇ ਤਾਂ ਜੋ ਸਿੱਖ ਵਿਵਾਹ ਜੋ ਹੁਣ ਹਿੰਦੂ ਮੈਰਿਜ ਐਕਟ ਹੇਠ ਦਰਜ ਹੁੰਦੇ ਹਨ ਸਿੱਖ ਵਜੋਂ ਦਰਜ ਕੀਤੇ ਜਾਣ। ਪ੍ਰਧਾਨ ਮੰਤਰੀ ਜੀ ਦੇ ਇਕ ਇਸ਼ਾਰੇ ਨਾਲ ਸਾਡੀਆਂ ਇਹ ਹੱਕੀ ਦੋ ਮੰਗਾਂ ਜੋ ਸਾਡੀ ਧਾਰਮਿਕ ਹਸਤੀ ਨਾਲ ਸਬੰਧਤ ਹਨ ਮੰਨੀਆਂ ਜਾਣਗੀਆਂ। ਦੋਵੇਂ ਮੇਰੇ ਬਿਲ ਇਕ ਦਿਨ ਵਿਚ ਪਾਸ ਹੋ ਸਕਦੇ ਹਨ।

ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਵਸ ਦੀ ਛੁੱਟੀ ਕਈ ਸੂਬਿਆਂ ਵਿਚ ਨਹੀਂ ਹੁੰਦੀ। ਤਮਿਲਨਾਡੂ, ਆਂਧਰਾ, ਕੇਰਲ, ਕਰਨਾਟਕਾ ਆਉਂਦੇ ਅਨੇਕ ਸੂਬੇ ਤੇ ਭਾਰਤ ਦੀਆਂ ਸਰਕਾਰੀ ਕਾਰਪੋਰੇਸ਼ਨਾਂ ਤੇ ਇਹ ਲਾਗੂ ਹੋਵੇ। ਮੁਸਲਮਾਨਾਂ ਦੀਆਂ ਚਾਰ ਛੁੱਟੀਆਂ ਹਨ, ਸਾਡੀ ਤਾਂ ਕੇਵਲ ਇਕ ਹੈ ਉਹ ਵੀ ਅਧੂਰੀ।

ਹਰਿਆਣਾ, ਹਿਮਾਚਲ, ਪੰਜਾਬ ਵਿਚੋਂ ਵੱਖ ਹੋਏ। ਪਹਿਲਾਂ ਸਾਰੇ ਪੰਜਾਬੀ ਬੋਲੀ ਹੁਕਮਨ ਪੜ੍ਹਦੇ ਸਨ। ਇਹ ਲਾਜ਼ਮੀ ਮਜ਼ਮੂਨ ਸੀ ਹਰ ਇਕ ਲਈ। ਹੁਣ ਘੱਟ ਤੋਂ ਘੱਟ ਪੰਜਾਬੀ ਪੜ੍ਹਨ ਵਾਲਿਆਂ ਨੂੰ ਤਾਂ ਸਹੂਲਤ ਦੇਵੋ। ਚੋਟਾਲਾ ਹਰਿਆਣਾ ਵਿਚ ਪੰਜਾਬੀ ਦੂਜੀ ਸਟੇਟ ਬੋਲੀ ਨੂੰ ਅਸੈਂਬਲੀ ਵਿਚ ਪਾਸ ਕਰਵਾ ਗਿਆ। ਕਾਂਗਰਸ ਸਰਕਾਰ ਦਾ ਮੁੱਖ ਮੰਤਰੀ ਸ੍ਰੀ ਹੁਡਾ ਲਾਗੂ ਕਰਨ ਨੂੰ ਤਿਆਰ ਨਹੀਂ। ਦਿੱਲੀ ਵਿਚ ਭਾਜਪਾ ਸਰਕਾਰ ਪੰਜਾਬੀ ਨੂੰ ਦੂਜੀ ਭਾਸ਼ਾ ਦੀ ਮਾਨਤਾ ਦੇ ਗਈ। ਲਾਗੂ ਕਰਵਾਓ। ਪ੍ਰਧਾਨ ਮੰਤਰੀ ਤੋਂ ਪੰਜਾਬੀ ਦੀ ਹੱਕੀ ਮੰਗ ਮਨਜ਼ੂਰ ਕਰਵਾਓ। ਪੰਜਾਬੋਂ ਬਾਹਰ ਪੰਜਾਬੀ ਟੀਚਰ ਤੇ ਸਿਲੇਬਸ ਹੁਣ ਤਕ ਲਾਗੂ ਨਹੀਂ ਹੈ। ਇਸ ਵਿਚ ਕਿਉਂ ਨਹੀਂ ਪ੍ਰਧਾਨ ਮੰਤਰੀ ਜੀ ਆਪ ਕਹਿੰਦੇ?

ਵਿਦੇਸ਼ਾਂ ਵਿਚ ਰਹਿੰਦੇ ਸਿੱਖ ਭਾਰਤ ਦੇ ਵੀਜ਼ੇ ਨਹੀਂ ਲੈ ਸਕਦੇ। ਇਕ ਬਲੈਕ ਲਿਸਟ ਬਣਾ ਕੇ ਰੱਖੀ ਹੋਏ ਹੈ। ਮੈਂ ਬੜੀ ਕੋਸ਼ਿਸ਼ ਨਾਲ ਕਈ ਸੋ ਸਿੱਖਾਂ ਦੇ ਨਾਂ ਕਟਵਾਏ। ਪ੍ਰਧਾਨ ਮੰਤਰੀ ਜੀ ਇਕੋ ਵਾਰੀ ਹੁਕਮ ਕਢਣ ਕਿ ਲਿਸਟ ਵਿਚ ਨਾਂ ਹੋਵੇ ਜਾਂ ਨਹੀਂ ਹਰ ਇਕ ਸਿੱਖ ਨੂੰ ਅੰਮ੍ਰਿਤਸਰ ਦੀ ਯਾਤਰਾ ਲਈ ਵੀਜ਼ਾ ਮਿਲੇਗਾ। ਜੋ ਆਏਗਾ ਖਿਆਲ ਬਦਲ ਕੇ ਜਾਵੇਗਾ। ਆਪਣੇ ਘਰਾਂ ਵਿਚ ਰਿਸ਼ਤੇਦਾਰਾਂ ਦੇ ਵਿਵਾਹ, ਮਰਨ ਤੇ ਵੀ ਉਹ ਨਹੀਂ ਆ ਸਕਦੇ। ਇਹ ਵਿਤਕਰਾ ਦੂਰ ਕਰਵਾਓ। ਇਸ ਨਾਲ ਭਾਰਤ ਨੂੰ ਵੀ ਲਾਭ ਮਿਲੇਗਾ।

ਕਰਤਾਰਪੁਰ ਸਾਹਿਬ ਦਾ ਲਾਂਘਾ ਹੁਣ ਬਣ ਸਕਦਾ ਹੈ। ਪਾਕਿਸਤਾਨ ਤਿਆਰ ਹੈ। ਕੇਵਲ ਹੁਕਮਾਂ ਦਾ ਇੰਤਜ਼ਾਰ ਹੈ। ਬੜੀਆਂ ਹੋਰ ਮੰਗਾਂ ਹਨ। ਮੈਂ ਜਾਣ ਬੁਝ ਕੇ ਉਹਨਾਂ ਬਾਰੇ ਵਧੇਰੇ ਬੋਝ ਨਹੀਂ ਪਾਣਾ ਚਾਹੁੰਦਾ। ਵਕਤ ਵੀ ਘੱਟ ਹੈ। ਪੰਜਾਬ ਬਾਰੇ ਮਸਲੇ ਤਾਂ ਸਰਕਾਰਾਂ ਦੇ ਜ਼ੁੰਮੇ ਹਨ। ਪਰ ਜੋ ਖਾਸ ਮੰਗਾਂ ਉਪਰ ਲਿਖੀਆਂ ਹਨ ਸਾਨੂੰ ਛੇਤੀ ਮਨਵਾਣੀਆਂ ਚਾਹੀਦੀਆਂ ਹਨ।

ਤੁਹਾਡੀਆਂ ਅਰਦਾਸਾਂ ਸਦਕਾ ਡਾ. ਮਨਮੋਹਨ ਸਿੰਘ ਜੀ ਪ੍ਰਧਾਨ ਮੰਤਰੀ ਕਾਇਮ ਹਨ। ਇਸ ਲਈ ਉਹਨਾਂ ਤੱਕ ਇਹ ਮੰਗਾਂ ਪਾਸ ਕਰਵਾਉਣ ਲਈ ਵੀ ਉਪਰਾਲਾ ਕਰੋ। ਇਹ ਸਾਰੇ ਸ਼ੁਭ ਕੰਮ ਹਨ ਤੇ ਇਸ ਨਾਲ ਸਿੱਖਾਂ ਦਾ ਭਲਾ ਹੋਵੇਗਾ।

ਬੀ-੫, ਡਾ. ਜ਼ਾਕਿਰਹੁਸੈਨ ਮਾਰਗ
ਨਵੀਂ ਦਿੱਲੀ-੧੧੦ ੦੦੩

ਗੁਰਬਾਣੀ ਵਿਚ ਮਿੱਠਤ/ਨਿਮਰਤਾ ਦਾ ਸੰਕਲਪ

—ਪ੍ਰੋ. ਸੁਲੱਖਣ ਸਿੰਘ ਮੀਤ (ਪ੍ਰਿੰ. ਰਿਟਾ.)

ਗੁਰੂ ਗ੍ਰੰਥ ਸਾਹਿਬ ਮਿੱਠਤ ਅਤੇ ਨਿਮਰਤਾ ਦਾ ਇਕ ਅਮੀਰ ਅਤੇ ਇੱਕ ਅਦੁੱਤੀ ਸ੍ਰੋਤ ਹੈ। ਮਿੱਠਤ ਅਤੇ ਨਿਮਰਤਾ ਚੰਗਿਆਈ ਦਾ ਤੱਤ-ਸਾਰ ਵੀ ਹਨ ਅਤੇ ਸਦਾਚਾਰ ਅਤੇ ਅਧਿਆਤਮਿਕਤਾ ਦਾ ਭਰਪੂਰ ਸ਼ਿਗਾਰ ਵੀ ਹਨ। ਮਿੱਠਤ ਅਤੇ ਨਿਮਰਤਾ ਮਨੁੱਖ ਦੇ ਦੋ ਮਹਾਨ ਅੰਸ਼ ਹਨ ਜਿਹਨਾਂ ਤੋਂ ਉਸ ਦੀ ਸ਼ਖ਼ਸੀਅਤ ਬਾਰੇ ਸਪਸ਼ਟ ਹੋ ਜਾਂਦਾ ਹੈ। ਜਿਸ ਮਨੁੱਖ ਕੋਲ ਮਿੱਠਤ ਅਤੇ ਨਿਮਰਤਾ ਹੈ, ਉਸ ਦੇ ਬੋਲ, ਸੁਭਾਅ ਅਤੇ ਵਤੀਰਾ ਮਿੱਠਤ ਅਤੇ ਨਿਮਰਤਾ ਵਾਲਾ ਹੀ ਹੋਵੇਗਾ। ਉਂਝ ਵੀ ਮਨੁੱਖ ਨੂੰ ਚਾਹੀਦਾ ਹੈ ਕਿ ਉਹ ਮਿੱਠਤ ਅਤੇ ਨਿਮਰਤਾ ਅਪਣਾਵੇ। ਗੁਰਬਾਣੀ ਵਿਚ ਇਹ ਵੀ ਆਉਂਦਾ ਹੈ ਕਿ ਮਨੁੱਖ ਨੂੰ ਤੇਰੀ ਮੇਰੀ ਦੀ ਭਾਵਨਾ ਛੱਡ ਕੇ ਸਭਨਾਂ ਦੇ ਚਰਨਾਂ ਦੀ ਧੂੜ ਹੋ ਜਾਣਾ ਚਾਹੀਦਾ ਹੈ :-

ਮੇਰਾ ਤੇਰਾ ਛੋਡੀਐ ਭਾਈ, ਹੋਈਐ ਸਭ ਕੀ ਧੂਰਿ
ਘਟਿ ਘਟਿ ਬ੍ਰਹਮ ਪਸਾਰਿਆ ਭਾਈ ਪੇਖੈ ਸੁਣੈ ਹਜੂਰਿ।
(ਅੰਗ ੬੪੦)

ਇਥੇ ਹੀ ਬੱਸ ਨਹੀਂ, ਮਨੁੱਖ ਨੂੰ ਚਾਹੀਦਾ ਹੈ ਕਿ ਉਹ ਗ਼ਰੀਬ, ਦਾਸ ਅਤੇ ਨਿਮਾਣਾ ਬਣ ਕੇ ਵਾਹਿਗੁਰੂ ਦੀ ਟੇਕ ਲਵੇ। ਜੇਕਰ ਉਹ ਇਉਂ ਨਹੀਂ ਕਰਦਾ ਤਾਂ ਉਹ ਘੁਮੰਡ ਕਰਦਾ ਹੈ। ਪਰ ਜੋ ਮਿੱਠਾ ਅਤੇ ਨਿਮਰ ਨਹੀਂ ਹੁੰਦਾ ਉਹ ਮਿਟ ਜਾਂਦਾ ਹੈ:-

ਜੋ ਜੋ ਗਰਬੁ ਕਰੇ ਸੋ ਜਾਇ॥
ਗਰੀਬ ਦਾਸ ਕੀ ਪ੍ਰਭੁ ਸਰਣਾਇ॥ ਅੰਗ ੯੬੮

ਗੁਰਬਾਣੀ ਅਨੁਸਾਰ ਜੋ ਮਨੁੱਖ ਨਿਮਰ ਹੋਵੇਗਾ, ਉਸਦਿਆਂ ਬੋਲਾਂ ਵਿਚ ਮਿਠਾਸ ਹੋਵੇਗੀ। ਇਸ ਤਰ੍ਹਾਂ ਦਾ ਮਨੁੱਖ ਅਭਿਮਾਨੀ/ਘੁਮੰਡੀ ਨਹੀਂ ਹੋ ਸਕਦਾ। ਇਸ ਦੇ ਨਾਲ ਨਾਲ ਮਿੱਠ ਬੋਲੜੇ ਮਨੁੱਖ ਵਿਚ ਮੈਲ, ਕੂੜ, ਪਾਪ ਆਦਿ ਦਾ ਅਭਾਵ ਹੋਵੇਗਾ। ਮਿੱਠਤ ਅਤੇ ਨਿਮਰਤਾ ਰੱਖਣ ਵਾਲਾ ਮਨੁੱਖ ਆਪਣੇ ਜੀਵਨ ਅਤੇ ਸੋਚ ਵਿੱਚੋਂ ਕੁਸੁਧਤਾ ਦੂਰ ਕਰ ਦਿੰਦਾ ਹੈ। ਕਿਉਂਕਿ ਗੁਰੂ ਗ੍ਰੰਥ ਸਾਹਿਬ ਅਸਲ ਵਿਚ ਇਕ ਅਧਿਆਤਮਿਕ ਗ੍ਰੰਥ ਹੈ, ਇਸ ਲਈ ਉਸ ਵਿਚਲੀ ਬਹੁਤ ਸਾਰੀ ਬਾਣੀ ਜੀਵਨ-ਆਚਾਰ, ਵਿਹਾਰ, ਮਿੱਠੀ ਬੋਲੀ, ਪ੍ਰਸੰਸਾਯੋਗ ਸ਼ੈਲੀ, ਮਿੱਠਤ ਅਤੇ ਨਿਮਰਤਾ ਦੇ ਭਾਵਾਂ ਨਾਲ ਨਕੋ ਨਕ ਭਰੀ ਪਈ ਹੈ। ਇਸੇ ਲਈ ਇਹ ਲਿਖਣ ਵਿਚ ਅਤਿਕਥਨੀ ਨਹੀਂ ਹੋਵੇਗੀ ਜੇਕਰ ਅਸੀਂ ਇਹ ਕਹਿ ਲਈਏ ਕਿ ਗੁਰੂ ਗ੍ਰੰਥ ਸਾਹਿਬ ਮਿੱਠਤ ਅਤੇ ਨਿਮਰਤਾ ਦੀ ਦ੍ਰਿਸ਼ਟੀ ਤੋਂ ਇਕ ਅਮੀਰ ਅਤੇ ਅਦੁੱਤੀ ਸ੍ਰੋਤ ਹੈ।

ਗੁਰੂ ਗ੍ਰੰਥ ਸਾਹਿਬ ਜੀ ਵਿਚ ਜੋ ਸੰਕਲਪ ਮਿੱਠਤ ਦਾ ਮਿਲਿਆ ਹੈ, ਉਹ ਅਧਿਆਤਮਿਕਤਾ ਅਤੇ ਰਸਿੱਕਤਾ ਨਾਲ ਭਰਪੂਰ ਹੈ। ਰੱਬ, ਪ੍ਰਮਾਤਮਾ ਜਾਂ ਅਕਾਲਪੁਰਖ ਦਾ ਜੋ ਸਰੂਪ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਮਿਲਦਾ ਹੈ, ਉਹ ਮਿੱਠ ਬੋਲੜਾ ਵਾਲਾ ਹੀ ਮਿਲਦਾ ਹੈ :-

ਮਿੱਠ ਬੋਲੜਾ ਜੀ ਹਰਿ ਸਜਣ ਸੁਆਮੀ ਮੋਰਾ॥
ਹਉ ਸੰਮਲਿ ਥਕੀ ਜੀ ਉਹ ਕਦੇ ਨਾ ਬੋਲੈ ਕਉਰਾ॥

ਅਕਾਲ ਪੁਰਖ ਕੇਵਲ ਮਿੱਠਾ ਹੀ ਨਹੀਂ ਸਗੋਂ ਉਸ ਪ੍ਰਤੀ ਵਰਤੇ ਗਏ ਸ਼ਬਦ ਅਤੇ ਬੋਲ ਵੀ ਇਤਨੇ ਮਿੱਠੇ ਅਤੇ ਅੰਮ੍ਰਿਤਮਈ ਹਨ ਕਿ ਉਹਨਾਂ ਵਿਚਲਾ ਰਤਾ ਜਿੰਨਾ ਅੰਸ਼ ਵੀ ਫਿੱਕਾ ਨਹੀਂ ਮਿਲਦਾ। ਗੁਰੂ ਪ੍ਰੰਪਰਾ ਅਨੁਸਾਰ ਗੁਰੂ ਨਾਨਕ ਦੇਵ ਜੀ ਤਾਂ ਇਸ ਪੱਖੋਂ ਬੜੇ ਹੀ ਸਪੱਸ਼ਟ ਅਤੇ ਸਾਰਥਿਕ ਹਨ :-

ਨਾਨਕ ਫਿਕੈ ਬੋਲੀਐ ਤਨੁ ਮਨੁ ਫਿਕਾ ਹੋਇ॥

ਗੁਰੂ ਨਾਨਕ ਦੇਵ ਜੀ 'ਆਸਾ ਦੀ ਵਾਰ' ਵਿਚ ਸਿੰਬਲ ਦੇ ਰੁੱਖ ਦਾ ਇਕ ਖ਼ੂਬਸੂਰਤ ਯਥਾਰਥਕ ਸੰਕੇਤ ਦੇ ਕੇ ਮਿੱਠਤ ਅਤੇ ਫਿੱਕਾਪਣ ਦੇ ਅੰਤਰ ਨੂੰ ਵਖਾਉਂਦੇ ਹਨ-

ਸਿੰਬਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ॥
ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ॥
ਫਲ ਫਿਕੇ ਫੁਲ ਬਕਬਕੇ ਕੰਮਿ ਨਾ ਆਵਹਿ ਪਤ॥
ਅੰਗ ੪੭੦

ਸੋ, ਗੁਰੂ ਨਾਨਕ ਦੇਵ ਜੀ ਨੇ ਉਤਲੇ ਸ਼ਬਦ ਵਿਚ ਫੁਰਮਾਇਆ ਹੈ ਕਿ ਇਹੀ ਹਾਲ ਮਾਯਾ ਵਿਚ ਅੰਨ੍ਹੇ, ਅਭਿਮਾਨੀ, ਪਾਖੰਡੀ, ਬਾਹਰਲੇ ਚਮਕ ਦਮਕ ਵਾਲੇ ਮਨੁੱਖ ਦਾ ਹੁੰਦਾ ਹੈ, ਜਿਹੜਾ ਕਿਸੇ ਦੀ ਕੋਈ ਵੀ ਆਸ ਪੂਰੀ ਨਾ ਕਰ ਸਕੇ। ਕਿਸੇ ਨੂੰ ਰਸ ਪ੍ਰਦਾਨ ਨਾ ਕਰ ਸਕੇ। ਇਹੋ ਜਿਹਾ ਮਨੁੱਖ ਸਿੰਬਲ ਰੁੱਖ ਵਰਗਾ ਹੁੰਦਾ ਹੈ। ਗੁਰੂ ਅਮਰਦਾਸ ਜੀ ਨੇ ਤਾਂ ਮਨੁੱਖ ਨੂੰ ਸਪਸ਼ਟ ਸ਼ਬਦਾਂ ਰਾਹੀਂ ਤਾਕੀਦ ਕੀਤੀ ਹੈ :-

ਅੰਮ੍ਰਿਤ ਫਲ ਤਿਨ ਜਨ ਕਉ ਲਾਗੇ
ਜੋ ਬੋਲਹਿ ਅੰਮ੍ਰਿਤ ਬਾਤਾ ਹੇ॥

ਭਾਵ, ਜਿਸ ਪ੍ਰਾਣੀ ਨੇ ਫਿੱਕਾਪਣ ਤੋਂ ਮੁਕਤ ਹੋ ਕੇ ਅੰਮ੍ਰਿਤਫਲ ਵਿਚ ਜਿਉਣਾ ਹੈ ਉਸ ਦਾ ਹਿਰਦਾ ਵੀ ਅੰਮ੍ਰਿਤਮਈ ਹੀ ਹੋਣਾ ਚਾਹੀਦਾ ਹੈ। ਉਸ ਦਾ ਚਿੰਤਨ ਅਤੇ ਬਲ ਵੀ ਅੰਮ੍ਰਿਤਮਈ ਹੀ ਹੋਣਾ ਚਾਹੀਦਾ ਹੈ ਅਤੇ ਉਸ ਦੀਆਂ ਗੱਲਾਂ ਵੀ ਅੰਮ੍ਰਿਤਮਈ ਹੀ ਹੋਣੀਆਂ ਚਾਹੀਦੀਆਂ ਹਨ। ਉਹ ਜਿੱਥੇ ਵੀ ਜਾ ਕੇ ਬੈਠਦਾ ਹੈ, ਸ਼ਬਦ ਸੁਰਤਿ ਵਿਚ ਜਿਉਣ ਕਰਕੇ, ਸਭਨਾਂ ਦੀ ਸੁੱਖ ਮੰਗਦਾ ਹੈ, ਸਭਨਾਂ ਦਾ ਭਲਾ ਚਾਹੁੰਦਾ ਹੈ, ਸਰਬਤ ਦਾ ਭਲਾ ਕਰਦਾ ਹੈ। ਇਸੇ ਲਈ ਗੁਰੂ ਵਾਕ ਹੈ-

ਜਿਥੈ ਜਾਇ ਬਹੀਐ ਭਲਾ ਕਹੀਐ॥
ਸੁਰਤਿ ਸ਼ਬਦ ਲਿਖਾਈਐ॥

ਸੋ, ਮਿੱਠ ਬੋਲੜਾ ਕਦੀ ਵੀ ਕੂੜ, ਪਾਪ, ਪਾਖੰਡ ਆਦਿ ਦਾ ਸ਼ਿਕਾਰ ਨਹੀਂ ਹੁੰਦਾ। ਗੁਰੂ ਗ੍ਰੰਥ ਸਾਹਿਬ ਵਿਚ ਮਿੱਠਤ ਦਾ ਜੋ ਸੰਕਲਪ ਅਤੇ ਸਰੂਪ ਪੇਸ਼ ਕੀਤਾ ਗਿਆ ਹੈ, ਉਹਨਾਂ ਗੁਣਾਂ ਨੂੰ ਅਪਣਾਅ ਕੇ ਮਨੁੱਖ ਅਕਾਲ ਪੁਰਖ ਦੇ ਗੁਣਾਂ ਵਾਲਾ ਹੋ ਜਾਂਦਾ ਹੈ। ਇਸੇ ਲਈ ਗੁਰੂ ਗ੍ਰੰਥ ਸਾਹਿਬ ਵਿਚ ਮਿੱਠਤ ਅਤੇ ਨਿਮਰਤਾ ਨੂੰ ਬੜਾ ਵੱਡਾ ਥਾਂ ਦਿੱਤਾ ਗਿਆ ਹੈ। ਗੁਰੂ ਅਰਜਨ

ਦੇਵ ਜੀ ਦਾ ਸਿਧਾਂਤ ਤਾਂ ਹੋਰ ਵੀ ਸਪਸ਼ਟ ਹੈ :-

ਆਪਸ ਕਉ ਜੋ ਜਾਣੈ ਨੀਚਾ (ਨਿਮਰ)
ਸੋਉ ਗਨੀਐ ਸਭ ਤੇ ਊਚਾ॥

ਗੁਰਬਾਣੀ ਵਿਚ ਜਿੱਥੇ ਮਿੱਠਤ ਅਤੇ ਨਿਮਰਤਾ ਨੂੰ ਵੱਡਾ ਗੁਣ ਮੰਨਿਆ ਗਿਆ ਹੈ, ਉਥੇ ਗੁਰਮੁਖ, ਗਿਆਨੀ ਅਤੇ ਸੁਜਾਨ ਪੁਰਖ ਦੀ ਇਹੀ ਵੱਡੀ ਪਹਿਚਾਣ ਹੈ ਕਿ ਉਹ ਸਦਾ ਨਿਮਰਤਾ ਅਤੇ ਨਿਮਾਣੇ ਭਾਵ ਵਿਚ ਵਿਚਰਦਾ ਹੈ। ਗੁਰੂ ਅਰਜਨ ਦੇਵ ਜੀ ਅਜਿਹੇ ਮਨੁੱਖ ਬਾਰੇ ਫੁਰਮਾਉਂਦੇ ਹਨ :-

ਮਨ ਤੂ ਮਾਣੁ ਕਰਹਿ ਜਿ ਹਉ ਕਿਛ ਜਾਣਦਾ
ਗੁਰਮੁਖਿ ਨਿਮਾਣਾ ਹੋਹੁ॥

ਭਗਤ ਕਬੀਰ ਜੀ ਵੀ, ਕਰਤਾ ਨੂੰ ਪ੍ਰਾਪਤ ਕਰਨ ਲਈ ਕੀੜੀ ਵਾਂਗ ਨੀਵਾਂ ਹੋਣ ਦਾ ਉਪਾਓ ਦੱਸਦੇ ਹਨ-

ਹਰਿ ਭਇਓ ਖਾਂਡੁ ਰੇਤੁ ਮਹਿ ਬਿਖਰਿਓ
ਹਸਤੀ ਚੁਨਿਓ ਨ ਜਾਈ॥
ਕਹਿ ਕਮੀਰ ਕੁਲ ਜਾਤਿ ਪਾਂਤਿ ਤਜਿ
ਚੀਟੀ ਹੋਇ ਚੁਨਿ ਖਾਈ॥ ਅੰਗ ੯੭੨

ਭਗਤ ਕਬੀਰ ਜੀ ਉਹਨਾਂ ਮਿੱਠੇ ਬੋਲਾਂ ਬਾਰੇ, ਉਸ ਵੇਸ ਬਾਰੇ ਵੀ ਦੱਸਦੇ ਹਨ, ਜਿਸ ਨਾਲ ਪਿਆਰੇ ਅਕਾਲ ਪੁਰਖ ਨੂੰ ਵਸ ਕੀਤਾ ਜਾ ਸਕਦਾ ਹੈ :-

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥
ਅੰਗ ੧੩੮੪

ਗੁਰੂ ਗ੍ਰੰਥ ਸਾਹਿਬ ਜੀ ਵਿਚ ਜਿਸ ਜੀਵਨ ਜਾਂਚ ਜਾਂ ਜੀਵਨ ਆਚਾਰ ਨੂੰ ਪ੍ਰਥਿਮਤਾ, ਪ੍ਰੌੜਤਾ ਅਤੇ ਪ੍ਰਵਾਨਗੀ ਦਿੱਤੀ ਗਈ ਹੈ, ਉਹ ਜੀਵਨ ਜਾਂਚ, ਜੀਵਨ ਆਚਾਰ ਅਤੇ ਜੀਵਨ ਰਾਸਿ ਗੁਣ ਚੰਗਿਆਈਆਂ ਵਾਲੀ ਹੀ ਦਿੱਤੀ ਗਈ ਹੈ। ਸੋ, ਗੁਣ ਚੰਗਿਆਈਆਂ ਵਾਲਾ ਮਨੁੱਖ ਕਦੇ ਵੀ ਆਪਣੇ ਮਨ ਵਿਚ ਦੂਸਰੇ ਦਾ ਬੁਰਾ ਨਹੀਂ ਚਿਤਵਦਾ ਅਤੇ ਨਾ ਹੀ ਕਿਸੇ ਨੂੰ ਦੁੱਖ ਦਿੰਦਾ ਹੈ। ਉਹ ਸਗਲ ਦਾ ਰੀਨਾ ਬਣ ਕੇ ਰਹਿੰਦਾ ਹੈ-

ਹੋਇ ਰਹੀਐ ਸਗਲ ਕੀ ਰੀਨਾ॥
ਘਟ ਘਟ ਰਮਈਆ ਸਭ ਮਹਿ ਚੀਨਾ॥

ਜਾਂ

ਪਰ ਕਾ ਬੁਰਾ ਨ ਰਾਖਉ ਚੀਤ॥
ਤੁਮ ਕਉ ਦੁਖੁ ਨਹੀਂ ਭਾਈ ਮੀਤ॥

ਬਾਬਾ ਫ਼ਰੀਦ ਜੀ ਵੀ ਇਸੇ ਭਾਵਨਾ ਵਸ ਫੁਰਮਾਨ ਕਰਦੇ ਹਨ। ਉਹ ਇਹ ਵੀ ਫੁਰਮਾਨ ਕਰਦੇ ਹਨ ਕਿ ਜੇਕਰ ਮਨੁੱਖ ਨੇ ਆਪਣੇ ਆਪ ਨੂੰ ਦੈਵੀ ਗੁਣਾਂ ਵਾਲਾ ਸਿਰਜਣਾ ਹੈ ਤਾਂ ਉਸ ਨੂੰ ਉਸ ਦਾ ਵੀ ਭਲਾ ਚਿਤਵਣਾ ਚਾਹੀਦਾ ਹੈ, ਭਲਾ ਕਰਨਾ ਚਾਹੀਦਾ ਹੈ, ਜੋ ਦੂਸਰਿਆਂ ਦੀਆਂ ਬੁਰਾਈਆਂ ਹੀ ਕਰਦਾ ਰਹਿੰਦਾ ਹੈ :

ਫ਼ਰੀਦਾ ਬੁਰੇ ਦਾ ਭਲਾ ਕਰਿ
ਗੁਸਾ ਮਨਿ ਨ ਹੰਢਾਇ॥

ਇਸੇ ਲਈ ਨਾਮ, ਨਿਮਰਤਾ ਅਤੇ ਮਿੱਠਤ ਅਤੇ ਮਿੱਠ ਬੋਲੜਾਂ ਸਦਾ ਉਹਨਾਂ ਗੁਰਸਿੱਖਾਂ ਦੀ ਧੂੜ ਦੀ ਲੋਚਾ ਕਰਦਾ ਹੈ ਜੋ ਆਪ ਵੀ ਨਾਮ ਜਪਦੇ ਹਨ ਅਤੇ ਹੋਰਨਾਂ ਨੂੰ ਵੀ ਨਾਮ ਜਪਵਾਉਂਦੇ ਹਨ :

ਜਨ ਨਾਨਕ ਧੂੜਿ ਮੰਗੈ ਤਿਸ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥

ਸੰਸਾਰ ਵਿਚ ਵਿਚਰਦਿਆਂ ਪਤਾ ਲੱਗਦਾ ਹੈ ਕਿ ਮਨੁੱਖ ਉਹਨਾਂ ਚੀਜ਼ਾਂ ਦਾ ਮਾਣ ਕਰਦਾ ਹੈ ਜੋ ਚੀਜ਼ਾਂ ਅਸਲ ਵਿਚ ਉਸਦੀਆਂ ਨਹੀਂ ਹਨ। ਬਹੁਤੇ ਮਨੁੱਖ ਆਪਣੇ ਸਰੀਰ/ਦੇਹ ਦਾ ਮਾਣ ਕਰਦੇ ਵੇਖੇ ਜਾਂਦੇ ਹਨ, ਜੋ ਕਿ ਇਕ ਛਿਣ ਵਿਚ ਬਿਨਸ ਜਾਂਦੀ ਹੈ। ਗੁਰਬਾਣੀ ਨਿਮਰਤਾ ਦਾ ਆਦੇਸ਼ ਦਿੰਦਿਆਂ ਇਹ ਸਪਸ਼ਟ ਕਰਦੀ ਹੈ-

ਗਰਬੁ ਕਰਤੁ ਹੈ ਦੇਹ ਕੋ ਬਿਨਸੈ ਛਿਨ ਮੈ ਮੀਤ॥
ਅੰਗ ੧੪੨੮

ਪਰ ਕਬੀਰ ਜੀ ਅਭਿਮਾਨੀ ਮਨੁੱਖ ਨੂੰ ਰਾਏ ਵੀ ਦਿੰਦੇ ਹਨ-

ਕਬੀਰਾ ਮੇਰਾ ਮੁਝ ਮਹਿ ਕਿਛੁ ਨਾਹੀਂ
ਜੋ ਕਿਛੁ ਹੈ ਸੋ ਤੇਰਾ॥ ਅੰਗ ੧੩੭੫

ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਮਨੁੱਖ ਨੂੰ ਜੋ ਜੀਵਨ ਜਾਚ ਜਾਂ ਜੀਵਨ ਰਾਸਿ ਦੱਸੀ ਗਈ ਹੈ, ਨਿਮਰਤਾ ਅਤੇ ਮਿੱਠਤ ਉਸ ਜੀਵਨ ਰਾਸਿ ਜਾਂ ਜੀਵਨ ਜਾਚ ਤਤ ਸਾਰ ਬਿੰਦੂ ਹੈ। ਨਿਮਰਤਾ ਦੇ ਸੰਕਲਪ ਨੂੰ ਪੇਸ਼ ਕਰਨ ਲਈ, ਗੁਰੂ ਗ੍ਰੰਥ ਸਾਹਿਬ ਵਿਚ ਸਮਾਜਕ ਜੀਵਨ ਵਿੱਚੋਂ ਕਮਾਲ ਦੇ ਵੇਰਵੇ ਦਿੱਤੇ ਗਏ ਹਨ, ਜਿਨ੍ਹਾਂ ਵਿੱਚੋਂ ਇਕ ਹਵਾਲਾ ਤਰਾਜ਼ੂ ਦਾ ਹੈ। ਜਿਸ ਵੇਲੇ ਤਰਾਜ਼ੂ/ਤੱਕੜੀ ਵਿਚ ਕੋਈ ਵਸਤੂ ਤੋਲੀ ਜਾਂਦੀ ਹੈ, ਉਸ ਵੇਲੇ ਤੱਕੜੀ ਦਾ ਭਾਰਾ ਪਾਸਾ ਹੀ ਝੁਕਦਾ ਹੈ :-

ਸਭੁ ਕੋ ਨਿਵੈ ਆਪਿ ਕਉ
ਪਰ ਕਉ ਨਿਵੈ ਨਾ ਕੋਇ॥
ਧਰਿ ਤਰਾਜੂ ਤੋਲੀਐ
ਨਿਵੈ ਸੁ ਗਉਰਾ ਹੋਇ॥
ਅੰਗ ੪੭੦

ਨਿਵ ਜਾਣਾ ਹੀ ਨਿਮਰਤਾ ਹੈ। ਇਥੇ ਯਾਦ ਰਹੇ ਕਿ ਆਪਣੇ ਹਿਤ ਲਈ ਨਿਵਣਾ ਨਿਮਰਤਾ ਨਹੀਂ। ਜਿਸ ਮਨੁੱਖ ਦਾ ਹਿਰਦਾ ਕੁਬੁੱਧ ਅਤੇ ਕਪਟ ਨਾਲ ਭਰਿਆ ਹੋਵੇ, ਪਰ ਲੋਕਾਂ ਅੱਗੇ ਸੀਸ ਝੁਕਾਈ ਜਾਵੇ ਤਾਂ ਉਸ ਦੀ ਅਜਿਹੀ ਕ੍ਰਿਆ ਨੂੰ ਨਿਮਰਤਾ ਨਹੀਂ ਕਿਹਾ ਜਾ ਸਕਦਾ। ਅਜਿਹੇ ਲੋਕਾਂ ਨੂੰ ਅਪਰਾਧੀ ਕਿਹਾ ਜਾ ਸਕਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਇਸੇ ਸਬੰਧ ਵਿਚ ਸੁਪ੍ਰਸਿੱਧ ਅਤੇ ਸਰਬਪ੍ਰਮਾਣਿਤ ਉਦਾਹਰਣ ਦਿੱਤੀ ਹੈ :

ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ॥
ਸੀਸਿ ਨਿਵਾਇਐ ਕਿਆ ਥੀਐ
ਜਾ ਰਿਦੈ ਕੁਸੁਧੇ ਜਾਹਿ॥ ਅੰਗ ੪੭੦

ਗੁਰਬਾਣੀ ਦਾ ਆਦੇਸ਼ ਹੈ ਕਿ ਮਨੁੱਖ ਨੂੰ ਆਪਣੇ ਮੂੰਹੋਂ ਮੀਆ ਮਿੱਠੂ ਨਹੀਂ ਬਣਨਾ ਚਾਹੀਦਾ। ਅਜਿਹੇ ਮਨੁੱਖ ਨਿਮਰਤਾ ਵਾਲੇ ਅਤੇ ਮਿੱਠਤ ਵਾਲੇ ਨਹੀਂ ਹੁੰਦੇ-

ਆਪਸ ਕਉ ਜੋ ਭਲਾ ਕਹਾਵੈ॥

ਤਿਸਹਿ ਭਲਾਈ ਨਿਕਟਿ ਨਾ ਆਵੈ॥ ਅੰਗ ੨੭੯

ਗੁਰੂ ਨਾਨਕ ਦੇਵ ਜੀ ਇਹ ਵੀ ਫੁਰਮਾਉਂਦੇ ਹਨ ਕਿ ਸਾਹਿਬ ਦਾ ਜੀਵਨ ਉਸ ਨੂੰ ਸਮਝਿਆ ਜਾ ਸਕਦਾ ਹੈ ਜੋ ਸਾਹਿਬ ਨਾਲ ਪਿਆਰ ਕਰਦੇ ਹੋਏ ਫੁਰਮਾਉਂਦੇ ਹਨ ਕਿ ਅਸੀਂ ਚੰਗੇ ਨਹੀਂ, ਅਤੇ ਹੋਰ ਕੋਈ ਬੁਰਾ ਨਹੀਂ-

ਹਮ ਨਹੀ ਚੰਗੇ ਬੁਰਾ ਨਹੀ ਕੋਇ॥
ਪ੍ਰਣਵਤ ਨਾਨਕੁ ਤਾਰੇ ਸੋਇ॥ ਅੰਗ ੭੨੮

ਭਗਤ ਕਬੀਰ ਜੀ ਦਾ ਵੀ ਇਹੋ ਮੱਤ ਹੈ। ਉਹ ਮਿੱਠਤ ਅਤੇ ਨਿਮਰਤਾ ਵਖਾਉਂਦੇ ਫੁਰਮਾਉਂਦੇ ਹਨ-

ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥
ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥
ਅੰਗ ੩੬੪

ਗੁਰੂ ਅਰਜਨ ਦੇਵ ਜੀ ਵੀ ਅਕਾਲ ਪੁਰਖ ਦੇ ਗੁਣ ਗਾਉਂਦਿਆਂ ਹੋਇਆਂ ਆਪਣੀ ਨਿਮਰਤਾ ਅਤੇ ਮਿੱਠੇ ਬੋਲ ਇਉਂ ਪੇਸ਼ ਕਰਦੇ ਹਨ-

ਹਮ ਮੈਲੇ ਤੁਮ ਊਜਲ ਕਰਤੇ
ਹਮ ਨਿਰਗੁਣ ਤੂ ਦਾਤਾ।
ਹਮ ਮੂਰਖ ਤੁਮ ਚਤੁਰ ਸਿਆਣੇ
ਤੂ ਸਰਬ ਕਲਾ ਕਾ ਗਿਆਤਾ॥ ਅੰਗ ੬੧੩

ਸੋ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਕਿਸੇ ਵੀ ਸਿਰਲੇਖ, ਕਿਸੇ ਵੀ ਰਾਗ, ਕਿਸੇ ਵੀ ਛੰਦ ਕਿਸੇ ਵੀ ਵਾਕ ਤੋਂ ਪੜ੍ਹਨਾ ਸ਼ੁਰੂ ਕਰ ਦੇਈਏ, ਇੰਝ ਮਹਿਸੂਸ ਹੁੰਦਾ ਹੈ ਜਿਵੇਂ ਪਾਠੀ ਦਾ ਹਿਰਦਾ ਮਿੱਠਤ ਅਤੇ ਨਿਮਰਤਾ ਨਾਲ ਬੋਲ ਰਿਹਾ ਹੋਵੇ। ਕਿਸੇ ਵੀ ਬੋਲ ਜਾਂ ਵਾਕ ਵਿਚ ਮੈਲ ਨਹੀਂ ਲੱਭਦੀ, ਗਰਜ਼, ਹੰਕਾਰ, ਬੁਰਾਈ, ਗੁੱਸਾ, ਕਰੋਧ, ਦੰਭ, ਹੀਣ ਭਾਵਨਾ ਆਦਿ ਨਹੀਂ ਲੱਭਦੀ। ਜੇਕਰ ਗੁਰਬਾਣੀ ਵਿੱਚੋਂ ਕੁੱਝ ਲੱਭਦਾ ਹੈ ਤਾਂ ਉਹ ਮਿੱਠਤ ਅਤੇ ਨਿਮਰਤਾ ਹੀ ਹੁੰਦੀ ਹੈ। ਸਮੂਹ ਬਾਣੀਕਾਰ ਸ਼ਖਸੀਅਤਾਂ ਮਹਾਨਤਾ ਦੇ ਇਸ ਮੱਯਾਰ ਵਿਚ ਪੂਰਣ ਪ੍ਰਤਿਭਾਸ਼ਾਲੀ ਸਿੱਧ ਹੋਈਆਂ ਹਨ।

(ਦਸਮੇਸ਼ ਨਗਰ, ਸੰਗਰੂਰ-੧੪੮੦੦੧)
ਮੋਬ: ੯੪੬੩੩-੨੯੯੩੯

ਖੁਸ਼ੀ ਤੁਹਾਡੇ ਅੰਦਰ ਹੈ

—ਮਹਿਮਾ ਸਿੰਘ ਤੂਰ ਹਲਵਾਰਵੀ

ਹਰ ਵਿਅਕਤੀ ਦੀ ਖੁਸ਼ੀ ਉਸ ਦੇ ਅੰਦਰ ਹੀ ਹੁੰਦੀ ਹੈ। ਉਹ ਕਦੇ ਵੀ ਕਿਤੋਂ ਬਾਹਰੋਂ ਭਾਲਿਆਂ ਨਹੀਂ ਲੱਭਦੀ। ਆਪਣੀ ਜ਼ਮੀਰ ਦੀ ਆਵਾਜ਼ ਸੁਣੋ, ਤੁਹਾਨੂੰ ਤੁਹਾਡੀ ਖੁਸ਼ੀ ਤੁਹਾਡੇ ਅੰਦਰੋਂ ਲੱਭ ਪਵੇਗੀ। ਇਸ ਦੁਨੀਆਂ ਦੇ ਕਈ ਝੂਠੇ ਰਿਸ਼ਤੇ-ਨਾਤੇ ਹਉਮੈ ਦੀ ਸੰਤੁਸ਼ਟੀ ਲਈ ਬੇਕਾਰ ਹੀ ਰੁੱਝੇ ਰਹਿਣਾ, ਜਾਂ ਬੇ-ਲੋੜਾ ਕਿਸੇ ਦੇ ਦਬਾਅ ਵਿਚ ਹੋਣਾ ਜਾਂ ਆਪਣੇ ਹੀ ਮਨ ਦੀਆਂ ਕੁਝ ਕਮਜ਼ੋਰੀਆਂ ਕਰਕੇ ਕਿਤੇ ਆਉਣ ਜਾਣ, ਕਿਸੇ ਨੂੰ ਮਿਲਣ-ਮਿਲਾਉਣ ਦੇ ਗ਼ਲਤ ਫੈਸਲੇ ਲੈਣਾ, ਤੁਹਾਡੇ ਚੁਣੇ ਹੋਏ ਆਪਣੇ ਮੁਤਾਬਕ ਸਹੀ ਜੀਵਨ-ਅੰਦਾਜ਼ ਨੂੰ ਕਦੇ ਵੀ ਧੱਕਾ ਮਾਰ ਸਕਦਾ ਹੈ। ਤਹਾਨੂੰ ਭਟਕਾ ਸਕਦਾ ਹੈ। ਸਹੀ ਰਾਹ ਤੋਂ ਥੱਲੇ ਲਾਹ ਸਕਦਾ ਹੈ।

ਉਨ੍ਹਾਂ ਲੋਕਾਂ ਨੂੰ ਮਿਲਣ ਤੋਂ ਵੱਧ ਤੋਂ ਵੱਧ ਬਚੋ, ਜੋ ਤੁਹਾਡਾ ਜੀਵਨ ਸਟਾਈਲ ਨਹੀਂ ਸਮਝਦੇ ਜਾਂ ਜਾਣ ਬੁੱਝ ਕੇ ਉਸ ਨੂੰ ਮਾਨਤਾ ਨਹੀਂ ਦੇਣੀ ਚਾਹੁੰਦੇ, ਕਿਸੇ ਆਪਣੀ ਹਉਮੈ ਕਾਰਨ। ਜੇ ਤੁਸੀਂ ਫਿਰ ਵੀ ਲਿਹਾਜ ਕਰੀ ਗਏ ਤਾਂ ਉਹ ਲੋਕ ਹੀ ਆਪਣੀ ਕਿਸੇ ਵੀ ਇਕ ਕ੍ਰਿਆ ਨਾਲ ਤੁਹਾਨੂੰ ਨੀਵਾਂ ਦਿਖਾਉਣ ਦੀ ਇੱਛਾ ਕਾਰਨ, ਤੁਹਾਡੀ ਕਿਸੇ ਆਦਤ ਦੇ ਲੋਕਾਂ ਅੱਗੇ ਗਲਤ ਅਰਥ ਪੇਸ਼ ਕਰਕੇ ਤੁਹਾਨੂੰ ਅਜਿਹਾ ਝਟਕਾ ਦੇ ਸਕਦੇ ਹਨ ਕਿ ਤੁਹਾਡਾ ਆਪਣਾ ਸੋਚ-ਸਮਝ ਕੇ ਅਪਣਾਇਆ ਹੋਇਆ ਜੋ ਜੀਵਨ-ਸਟਾਈਲ ਹੈ ਉਸ ਦਾ ਤਵਾਜ਼ਨ ਡਾਵਾਂਡੋਲ ਹੋ ਸਕਦਾ ਹੈ। ਤੁਸੀਂ ਗੁਮਰਾਹ ਵੀ ਹੋ ਸਕਦੇ ਹੋ। ਬਦਲੇ ਦੀ ਭਾਵਨਾ ਵਿਚ ਵੀ ਗ੍ਰਸਤ ਹੋ ਸਕਦੇ ਹੋ। ਡਿਪਰੈਸ਼ਨ ਦਾ ਸ਼ਿਕਾਰ ਹੋ ਸਕਦੇ ਹੋ। ਉਨ੍ਹਾਂ ਲੋਕਾਂ ਦੇ ਕਿਸੇ ਝਾਂਸੇ ਵਿਚ ਨਾ ਆਓ, ਜੋ ਤੁਹਾਨੂੰ ਹਰ ਵੇਲੇ ਨੀਵਾਂ ਦਿਖਾਉਣ ਦੀ ਕੋਸ਼ਿਸ਼ ਵਿਚ ਰਹਿੰਦੇ ਹਨ।

ਸਭ ਤੋਂ ਵੱਧ ਖੁਸ਼ੀ ਸਿਹਤਮੰਦ ਹੋਣ ਵਿਚ ਹੈ। ਉਪਰਲੀਆਂ ਗੱਲਾਂ ਦਾ ਸਬੰਧ ਵੀ ਤੁਹਾਡੀ ਸਿਹਤ ਕਾਇਮ ਰੱਖਣ ਨਾਲ ਹੀ ਹੈ। ਇਸ ਤੋਂ ਅਗਲੀ ਗੱਲ ਕਿਸੇ ਵੀ ਤਰ੍ਹਾਂ ਦੀ ਸਿਹਤ ਦੇ ਬਾਵਜੂਦ ਕਿਸੇ ਖੇਤਰ ਵਿਚ ਨਿਪੁੰਨ ਹੋਣ ਵਿਚ ਹੈ। ਨਿਪੁੰਨ ਹੋਣ ਲਈ ਮਿਹਨਤ ਕਰਨੀ ਹੀ ਪੈਂਦੀ ਹੈ। ਕਿਸੇ ਵੱਡੀ ਖੁਸ਼ੀ ਲਈ ਕਈ ਵਾਰ ਛੋਟੀਆਂ ਖੁਸ਼ੀਆਂ ਕੁਰਬਾਨ ਕਰਨੀਆਂ ਪੈਂਦੀਆਂ ਹਨ। ਭਾਵੇਂ ਕਈ ਮੌਕਿਆਂ ਤੇ ਛੋਟੀਆਂ ਖੁਸ਼ੀਆਂ ਦੀ ਆਪਣੀ ਮਹੱਤਤਾ ਹੁੰਦੀ ਹੈ। ਵਾਹ ਲਗਦੀ ਮਨੁੱਖ ਨੂੰ ਵੱਧ ਤੋਂ ਵੱਧ ਖੁਸ਼ ਰਹਿਣਾ ਚਾਹੀਦਾ ਹੈ। ਕਿਸੇ ਸਿਆਣੇ ਕਿਹਾ ਹੈ— "ਖੁਸ਼ੀ ਭਰਿਆ ਦਿਲ ਸਭ ਤੋਂ ਵਧੀਆ ਦਵਾਈ ਹੈ।" ਵੈਸੇ ਹਰ ਖੁਸ਼ੀ ਜੰਮਣ-ਪੀੜਾ ਤੋਂ ਬਾਅਦ ਹੀ ਜੰਮਦੀ ਹੈ। ਇਹ ਸਾਡੇ ਕਰਮਾਂ ਦਾ ਹੀ ਫਲ ਹੁੰਦੀ ਹੈ। ਕਿੰਨੇ ਹੀ ਸੰਘਰਸ਼ ਕੁੱਲ-ਮਾਨਵਤਾ ਲਈ ਅਤੇ ਜਨ-ਸਧਾਰਨ ਦੀ ਖੁਸ਼ੀ ਲਈ ਵੀ ਕੀਤੇ ਜਾਂਦੇ ਹਨ। ਜਦੋਂ 'ਸੱਚੇ ਮਾਰਗ ਚੱਲਦਿਆਂ ਉਸਤਤ ਕਰੇ ਜਹਾਨ' ਵਾਲੀ ਗੱਲ ਹੋ ਜਾਂਦੀ ਹੈ ਤਾਂ ਸਾਡੇ ਅੰਦਰੋਂ ਖੁਸ਼ੀ ਦੇ ਝਰਨੇ ਆਪਣੇ-ਆਪ ਫੁੱਟਣ ਲੱਗਦੇ ਹਨ।

ਹਲਵਾਰਾ (ਲੁਧਿਆਣਾ) ੧੪੧੧੦੭

ਭਾਦਉ ਭਰਮਿ....

—ਸਾਧੂ ਸਿੰਘ ਕਿਸਾਨ

ਭਾਦਉ ਭਰਮਿ ਭੁਲੀ ....(ਤੁਖਾਰੀ ਮਹਲਾ ਪਹਿਲਾ)

ਭਾਦੁਇ ਭਰਮਿ ਭੁਲਾਣੀਆਂ.....(ਮਾਝ, ਮਹਲਾ ਪੰਜਵਾ)

ਪਰਮ ਵਿਚਾਰਵਾਨ ਸਤਿਗੁਰੂ ਸਾਹਿਬਾਂ ਨੇ ਕੇਵਲ ਭਾਦੋਂ, ਮਹੀਨੇ ਨੂੰ ਹੀ 'ਭਰਮ, ਨਾਲ ਜੋੜ ਕੇ ਬਖਾਨ ਕੀਤਾ ਹੈ। ਇਸ ਦਾ ਕਾਰਨ ਬਰਸਾਤਾਂ ਨਾਲ ਮੌਸਮ ਸਿੱਲਾ-ਤਨ ਮਨ ਢਿੱਲਾ ਹੋ ਜਾਣਾ ਹੋ ਸਕਦਾ ਹੈ। ਏਥੇ ਭਰਮ ਨੂੰ ਭੁਲੇਖੇ ਦੇ ਅਰਥਾਂ ਵਿਚ ਲਿਆ ਹੈ। ਪੰਜਾਬੀ ਬੋਲਚਾਲ ਵਿਚ ਭਰਮ, ਨੂੰ ਫਿਕਰ ਦੇ ਅਰਥਾਂ ਵਜੋਂ ਵਰਤਿਆ ਜਾਂਦਾ ਏ। ਜਿਵੇਂ ਮੈਨੂੰ ਏਹ ਗੱਲ ਸੁਣ ਕੇ ਬੜਾ ਭਰਮ ਲੱਗਾ। ਅਤੇ ਜੇ ਇਹ 'ਭਰਮ'- ਫਿਕਰ, ਬਹੁਤਾ ਵਧ ਜਾਇ, ਤਾਂ 'ਗ਼ਮ' ਦੀ ਸ਼ਕਲ ਅਖ਼ਤਿਆਰ' ਕਰ ਲੈਂਦਾ ਹੈ।

ਸਹਿਵਨ ਜਦੋਂ ਮੈਂ ਆਪਣੇ ਪਰਿਵਾਰਕ ਜੀਵਨ ਵੱਲ ਝਾਤ ਪਾਈ, ਤਾਂ ਏਹ ਢਾਈ ਅੱਖਰਾ 'ਭਾਦੋਂ ਮਹੀਨਾ' ਸਾਡੇ ਲਈ ਬੜਾ ਗ਼ਮਗੀਨ ਸਾਬਤ ਹੋਇਆ।

੧੯ ਭਾਦੋਂ ੧੯੨੦ ਦੀ ਗੱਲ ਏ, ਮੇਰੇ ਦਾਦਾ ਸ੍ਰੀ ਸ. ਸੰਤ ਸਿੰਘ ਜੀ ਕਿਤੇ ਦੁਰਾਡੀ ਰਿਸ਼ਤੇਦਾਰੀ ਵੱਲ ਗਏ। ਉਸ ਪਿੰਡ ਦੋ ਸਾਕਾਦਾਰੀਆਂ ਸਨ। ਇਕਨਾ ਵੱਲ ਰਾਤ ਰਹੇ। ਦੂਜਿਆਂ ਵੱਲ ਸਵੇਰੇ ਗਏ। ਉਹਨਾਂ ਪ੍ਰਸਾਦਾ ਛਕਾਣ ਵੇਲੇ-ਰਾਤ ਦੀ ਬੇਹੀ ਦੁੱਧ ਚੌਲਾਂ ਦੀ ਖੀਰ ਪ੍ਰੋਸ ਦਿੱਤੀ। ਘੋੜੀ ਤੇ ਪਿੰਡ ਨੂੰ ਪਰਤੇ। ਔਂਦਿਆਂ ਦੁਪੈਹਰਾਂ ਵੇਲੇ ਪੇਟ ਪੀੜ ਹੋਣੀ ਸ਼ੁਰੂ ਹੋ ਗਈ। ਪਿੰਡ ਦੇ ਇਕਲੌਤੇ ਲੁਕਮਾਨ ਹਕੀਮ ਬਾਬੇ ਹਰਨਾਮ ਸਿੰਘ ਨੇ, ਆਪਣੀ ਇਕੋ ਇਕ ਗੁੜ ਵਾਲੀ ਦਵਾ, ਠੰਢੇ-ਤੱਤੇ ਨਾਲ ਦੇ ਵੇਖੀ। ਕੋਈ ਫਰਕ ਨਾ ਪਿਆ, ਤਾਂ ਹੱਥ ਖੜ੍ਹੇ ਕਰ ਗਿਆ। ਸ਼ਾਮ ਹੋ ਗਈ। ਬਾਰਸ਼ ਦਾ ਜ਼ੋਰ, ਘੋੜੀ ਤੇ ਸ਼ਹਿਰ ਜਾ ਨਹੀਂ ਸਨ ਸਕਦੇ, ਤਾਂਗਾ ਪਿੰਡ ਵਿਚ ਹੈ ਨਹੀਂ ਸੀ। ਅੱਧੀ ਰਾਤੋਂ ਪਹਿਲਾਂ ਦਰਦ ਦਾ ਇਜੇਹਾ ਦੌਰ ਪਿਆ ਸਰੀਰ ਇਕੱਠਾ ਹੋ ਕੇ, ਪ੍ਰਾਣ ਪੰਖੇਰੂ ਹੋ ਗਏ।

ਸੱਤ-ਅੱਠ ਪੀਹੜੀਆਂ ਤੋਂ ਇਕਲਾਪਾ ਹੰਢਾ ਰਹੇ ਸਿੰਘਾਂ ਦੇ ਪਰਿਵਾਰ ਚੋਂ, ਇਹ ਸੇਹਰਾ, ਵਹਿਮੀ ਜੀ ਦੇ ਸਿਰ ਤੇ ਸਜਿਆ, ਕਿ ਏਹਨਾਂ ਪਰਿਵਾਰ 'ਚੋਂ ਪੁਰਖਾਂ ਦੀ ਘਾਟ ਦੂਰ ਕੀਤੀ। ਪਿਤਾ ਦੇ ਚਲਾਣੇ ਤੋਂ ਪਹਿਲਾਂ ਇਕ ਪੁੱਤਰੀ ਆ ਕੇ ਜਾ ਚੁੱਕੀ ਸੀ। ਫਿਰ ਦੋ ਹੋਰ ਆਈਆਂ। ਛੇ ਸੱਤ ਵਰ੍ਹੇ ਦੀ ਉਡੀਕ ਬਾਦ ਪਹਿਲੀ ਪਤਨੀ ਦੀ ਰਜ਼ਾ ਨਾਲ ਹੋਰ ਵਿਆਹ ਦੀ ਵਿਓਂਤ ਬਣੀ। ਸੋਅ ਸੁਣ ਕੇ ਸਿਆਲਕੋਟ ਜ਼ਿਲ੍ਹੇ ਦੇ ਪਿੰਡ ਕੋਟ ਬਾਜਵੇ ਦੇ ਲੰਬਰਦਾਰ ਹਰੀ ਸਿੰਘ ਨੇ ਪਹੁੰਚ ਕੀਤੀ। ਏਹ ਪਹਿਲਾਂ ਕਿਤੇ ਮੰਗੇਵਾ ਕਰ ਚੁੱਕੇ ਸਨ। ਪਤਾ ਲੱਗਾ, ਉਹਨਾਂ ਦੀ ਤਾਂਘ, ਸਾਕ ਤੋਂ ਜ਼ਮੀਨ ਵੱਲ ਬਹੁਤੀ ਸੀ। ਨੰਬਰਦਾਰ ਦੀ ਨੌਂ ਮੁਰੱਬੇ ਪੈਲੀ, ਇਕ ਨਿੱਕਾ ਜਿਹਾ ਬੱਚੜਾ... ਉਹਨਾਂ ਦੇ ਈਮਾਨ ਤੇ ਭਾਰੂ ਹੋ ਗਈ। ਹੋਰ ਜਿੱਥੇ ਗੱਲ ਤੁਰਦੀ, ਉਹ ਬੰਦਾ ਭੇਜ ਕੇ ਆਂਹਦੇ—ਸਾਡਾ ਭਾਰ ਤੋਲ ਕੇ ਸਾਕ ਲੈਣਾਂ।

ਹਿੰਦੂ ਚੱਕ ਆਦਮੀ ਆਏ ਨੂੰ ਵਹਿਮੀ ਜੀ ਨੇ ਕਿਹਾ, ਬਰਾਤ ਦਾ ਦਿਨ ਮਿਥ ਕੇ ਤੁਹਾਨੂੰ ਦੱਸ ਦਿਆਂਗੇ, ਉਥੇ ਈ ਆ ਜਾਇਓ! ਕੋਈ ਨਾ ਆਇਆ।

੧੯੪੩, ਉੱਨੀਂ ਭਾਦੋਂ ਵਾਲੇ ਦਿਨ ਔਣ ਵਾਲਾ ਸਾਡਾ ਤੀਜਾ ਵੀਰ, ਕਲੈਹਣਾਂ ਸਾਬਤ ਹੋਇਆ। ਉਨ ਸਾਨੂੰ ਤਾਂ ਮਾਂ ਮਹਿੱਟਰ ਕੀਤਾ ਆਪ ਵੀ ਸਾਡਾ ਸਾਥੀ ਨਾ ਬਣਿਆ।

ਵੀਹ ਭਾਦੋਂ ਪਿਛਲੇ ਪਹਿਰ, ਦਾਈ ਤੇ ਸਾਡੀ ਦਾਦੀ ਦੇ ਰੋਕਦਿਆਂ, ਸਾਡੀ ਮਾਤਾ ਜੀ 'ਮੇਰਾ ਅੰਦਰ ਜੀ ਕਾਹਲਾ ਪੈਂਦਾ ਏ' ਕਹਿੰਦਿਆਂ-ਬਾਹਰ ਬਰਾਂਡੇ ਵਾਲੀ ਮੰਜੀ ਤੇ, ਆ ਕੇ ਪੈ ਗਏ। ਮੈਂ ਪੈਂਦ ਪਾਸੇ ਖਲੋਤਾ ਮਾਂ ਦਾ ਗੋਰੇ ਤੋਂ ਕਾਲਾ ਹੋਂਦਾ ਰੰਗ ਵੇਖ ਰਿਹਾ ਸਾਂ। ਦਿਨ ਦੀਂਵੀਂ ਸਾਡੀ ਜ਼ਿੰਦਗੀ ਘੁੱਪ ਹਨੇਰਾ ਹੋ ਗਈ। ਸਾਡੀ ਦਾਦੀ ਦੁਹੱਥੜ ਮਾਰ ਕੇ ਕੁਰਲਾ ਉੱਠੀ—ਨੀ ਕਰਤਾਰ ਕੌਰੇ! ਤੂੰ ਵੀ ਸੌਹਰੇ ਵਾਲੇ ਦਿਨ ਸਾਡੇ ਤੇ ਕਹਿਰ ਕਰ ਗਈਓਂ! ਵੇ ਲੋਕੋ! ਏਹ ਭਾਦੋਂ ਬੜਾ ਭੈੜਾ ਜੇ। ਮੈਨੂੰ ਅੱਜ ਵੀ, ਪੀਂਘ ਝੂਟਦੀਆਂ ਕੁੜੀਆਂ ਦਾ, ਰੋਣ ਵਰਗਾ ਗੀਤ ਚੇਤੇ ਆ ਰਿਹੈ— 'ਸੌਣ, ਵੀਰ ਕੱਠੀਆਂ ਕਰੇ ਭਾਦੋਂ ਚੰਦਰਾ ਵਿਛੋੜੇ ਪਾਵੇ'।

ਤੇਈ ਸਾਲ ਬਾਦ, ਓਸੇ ਦਿਨ, ਸਾਡੇ ਘਰ ਮਾਤਮੀ ਸਫ਼ ਵਿੱਛ ਗਈ। ਓਦੋਂ ਸਾਡੇ ਪਿੰਡ ਦਾ ਸਿਰ-ਦਾਰ ਗਿਆ ਸੀ, ਅੱਜ ਸਾਡੇ ਪਿੰਡ ਦੀ ਬੋਲੀ 'ਚ ਸਤਿਕਾਰ ਭਰਨ ਵਾਲੀ ਚਲੀ ਗਈ। 'ਤੁਸੀਂ' ਅਤੇ ਜੀ, ਕਹਿ ਕੇ ਬੁਲੌਣਾਂ' ਸਾਡੀ ਮਾਤਾ ਦਾ ਪਿਤਾ ਪੁਰਖੀ ਮੁਹਾਵਰਾ ਸੀ। ਸਾਡੇ ਨਾਨਾ ਜੀ ਕਦੇ ਸਾਡੇ ਪਿੰਡ ਔਣਾਂ ਸਾਡੇ ਕਾਮਿਆਂ ਨੂੰ ਵੀ 'ਜੀ, ਕਰਕੇ ਬੁਲੌਣਾਂ। ਬਸ਼ੀਰ ਮੁਹੰਮਦ ਜੀ! ਮਹਿਰ ਚਰਾਗਦੀਨ ਜੀ! ਪਿੰਡ ਦੀਆਂ, ਪ੍ਰਚੌਣੀ ਕਰਨ ਆਈਆਂ ਤੋਂ ਸੁਣਦਾ 'ਸਾਨੂੰ ਬੋਲਣ ਦੀ ਤੇ ਕੁੜੀਆਂ ਨੂੰ ਮਸ਼ੀਨ ਦੀ ਜਾਚ ਦੱਸਣ ਵਾਲੀ ਚਲੀ ਗਈ। ਅਗੋਂ ਇਹੋ ਜਾਂਚ ਮਾਂ ਬੋਲੀ ਰਾਹੀਂ ਵਿਰਸੇ ਵਿਚ ਸਾਨੂੰ ਮਿਲ ਗਈ।' ਸਾਡੇ ਘਰੀਂ, ਪਤਨੀਆਂ, ਨੂੰਹਾਂ, ਧੀਆਂ ਨੂੰ ਸਤਿਕਾਰਤ ਸ਼ਬਦਾਂ ਨਾਲ ਸੰਬੋਧਤ ਹੋਇਆ ਜਾਂਦਾ ਹੈ। 'ਪ੍ਰੇਮ ਅੱਖਰਾਂ' ਵਿਚ ਬਾਪੂ ਜੀ ਦੀ ਇਕ ਸਤਰ ਉਸ ਵਿਛੋੜੇ ਨੂੰ ਇਜ ਬਿਆਨ ਕਰਦੀ ਏ—'ਓਹਦੇ

ਜਾਣ ਦੀਵਾਨਗੀ ਪ੍ਰੇਮ ਪਾਈ, ਦੁਖੀ ਜਾਨ ਜੁਦਾਈ ਦੇ ਗੱਲ ਕੀਤੀ'।

ਹਾਂ ਜੀ! ਤੇ ਇਸ ਢਾਈ ਔਖੇ ਮਹੀਨੇ ਵਲੋਂ, ਤੀਸਰੇ ਹਮਲੇ ਵੇਲੇ, ਸਾਡੇ ਪਰਿਵਾਰ ਨਾਲ, ਪੰਥ ਨੂੰ ਵੀ ਲਪੇਟ ਵਿਚ ਲੈ ਲਿਆ। ਮੈਂ ਏਥੇ ਪੰਥ ਨਾਲੋਂ, ਪਰਿਵਾਰ ਨੂੰ ਪਹਿਲੇ, ਕੁਝ ਸੋਚ ਕੇ ਹੀ ਰਖਿਐ। ਪੰਥ ਵਿਚ ਸਾਡੇ ਨਾਲੋਂ ਬਹੁਤੇ ਵੀ ਕਈ ਸ਼ਰਧਾਲੂ ਹੋਣਗੇ, ਪਰ ਜੋ ਦ੍ਰਿਸ਼, ਅਤੇ ਅਦ੍ਰਿਸ਼ ਤੰਦਾਂ-ਵਹਿਮੀ ਜੀ ਦੀਆਂ, ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨਾਲ ਜੁੜੀਆਂ ਹੋਈਆਂ ਸਨ, ਓਹ ਕਿਸੇ ਹੋਰ ਦੇ ਹਿੱਸੇ ਨਹੀਂ ਆਈਆਂ ਹੋਣਗੀਆਂ।

ਬਾਪੂ ਜੀ ਦਾ ਸਭ ਤੋਂ ਪਿਆਰਾ ਮਿੱਤਰ, ਜਥੇਦਾਰ ਗੁਰਬਚਨ ਸਿੰਘ 'ਨਾਮਧਾਰੀਆ' ਸੀ। ਪਿੰਡ ਵਿਚ ਹੋਰ ਵੀ ਕੂਕੇ ਸਿੰਘ ਹੈਗੇ ਸਨ। ਇਸ ਨੂੰ ਉਚੇਚਾ 'ਨਾਮਧਾਰੀਆ' ਇਸ ਕਰਕੇ ਆਖਿਆ ਜਾਂਦਾ ਸੀ, ਕਿ ਇਸ ਦੀ ਸਾਰੀ ਬਰਾਦਰੀ ਖੁੱਲ ਖੁਲਾਸੀ ਹੋਣ ਕਾਰਨ, ਓਹ ਇਸ ਨੂੰ ਨਾਮਧਾਰੀਆ ਕਹਿਣ ਲੱਗ ਪਏ। ਇਸ ਦੇ ਘਰ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਰ ਨਾਲ, ਪੁੱਤਰ ਪੈਦਾ ਹੋਇਆ... ਉਦੋਂ ਬਾਪੂ ਜੀ ਪਰਿਵਾਰ ਸਮੇਤ, ਕਈ ਮਹੀਨਿਆਂ ਤੋਂ, ਸ੍ਰੀ ਭੈਣੀ ਸਾਹਿਬ ਹੀ ਸਨ। ਢਲੀ ਰਾਤ ਸੁਪਨੇ ਆਇਆ, ਤਾਂ ਸਾਡੀ ਮਾਤਾ ਨੂੰ ਕਿਹੋ ਨੇ—ਕਰਤਾਰ ਕੌਰੇ! ਜਥੇਦਾਰ ਘਰ ਕਾਕਾ ਜਨਮਿਆ ਹੈ! ਫਿਰ ਵਾਰ ਦੇ ਭੋਗ ਬਾਦ ਸ੍ਰੀ ਸਤਿਗੁਰੂ ਜੀ ਅੱਗੇ ਵਧਾਈ ਭੇਟ ਕਰ ਦਿੱਤੀ। ਹੁਕਮ ਹੋਇਆ... ਸਮਾਂ ਲਿਖ ਲਓ! ਤੀਜੇ ਦਿਨ ਹਿੰਦੂ ਚੱਕੋਂ ਤਾਰ ਆਈ, ਤਾਂ ਸਮਾਂ ਮਿਲ ਗਿਆ।

੧੯੪੭ ਜੀਵਨ ਨਗਰ ਸ੍ਰੀ ਸਤਿਗੁਰੂ ਜੀ ਹੁਕਮ ਕੀਤਾ 'ਫ਼ੀ ਮੁਰੱਬਾ ਇਕ ਆਦਮੀ ਏਥੇ ਰਹਵੇ।' ਕਿਉਂਕਿ ਖਰੀਦਾਰ, ਪਿੱਛੇ ਨਹਿਰਾਂ ਦੇ ਗਿੱਝੇ ਹੋਏ, ਏਥੇ ਔਣ ਤੋਂ ਕਤਰਾਂਦੇ ਸਨ।

ਬਾਪੂ ਜੀ ਤੇ ਬਲੀ ਸਿੰਘ ਏਥੇ ਸਨ। ਮੈਂ ਇਕੱਲਾ ਪਿੱਛੇ ਹਿੰਦੂ ਚੱਕ ਸਾਂ। ਗਰਮੀਆਂ 'ਚ ਸਾਡੇ ਇਲਾਕੇ ਤੇ ਚੇਚਕ ਦਾ ਹਮਲਾ ਹੋ ਗਿਆ। ਮੁੰਡਿਆਂ 'ਚੋਂ, ਸਭ ਤੋਂ ਸੋਹਣਾ ਤੇ ਸਲੀਕੇ ਵਾਲਾ ਮੇਰਾ ਪਿਆਰਾ ਦੋਸਤ ਸੁੱਚਾ ਸਿੰਘ ਇਸਦਾ ਪਹਿਲਾ ਸ਼ਿਕਾਰ ਹੋਇਆ। ਮੈਂ ਇਸ ਦੁੱਖ 'ਚੋਂ ਅਜੇ ਸੰਭਲਿਆ ਨਹੀਂ ਸਾਂ, ਕਿ ਬਾਪੂ ਜੀ ਤੋਂ ਉੱਤਰ ਕੇ-ਮੇਰੇ ਪਿਆਰ ਸਤਕਾਰ ਦਾ ਪਾਤਰ, ਜਥੇਦਾਰ, ਪਹਿਲਾਂ ਬੁਖ਼ਾਰ ਫਿਰ ਚੇਚਕ ਦੇ ਕਾਬੂ ਆ ਗਿਆ।

ਸੁੱਚਾ ਸਿੰਘ ਕੋਲ ਵੀ ਬਹੁਤਾ ਮੈਂ ਈ ਰਹਿੰਦਾ ਸਾਂ, ਹੁਣ ਜਥੇਦਾਰ ਕੋਲ ਹਰ ਵੇਲੇ ਮੈਂ ਈ ਰਹਿਣਾਂ। ਆਂਹਦੇ ਸਨ, ਜਿਸ ਨੂੰ ਇਕ ਵਾਰ ਚੇਚਕ ਨਿਕਲ ਚੁੱਕੀ ਹੋਵੇ, ਦੁਬਾਰਾ ਨਹੀਂ ਨਿਕਲਦੀ। ਇਸ ਪੱਖੋਂ, ਮੈਂ ਚੋਖਾ ਤਕੜਾ ਸਾਬਤ ਹੋ ਚੁੱਕਾ ਸਾਂ। ਏਹ ਮਾਤਾ, ਮੇਰੇ ਤੇ ਬਹੁਤ ਮੇਹਰਬਾਨ ਹੋ ਗਈ ਸੀ। ਪਰ ਮੈਂ ਬਚ ਗਿ... । ਪਰ ਏਹਨਾਂ ਦੋਹਾਂ ਦਿਲਦਾਰਾਂ ਕੋਲ, ਘਰ ਦੇ ਜੀਆਂ ਨਾਲੋਂ ਬਹੁਤਾ ਰਹਿ ਕੇ ਵੀ ਮੈਨੂੰ ਕੁਝ ਨਾ ਹੋਇਆ। ਪਰ ਨਹੀਂ ਬਹੁਤ ਕੁਝ ਹੋ ਗਿਆ। ਸੁੱਚਾ ਸਿੰਘ ਦੇ ਜਾਣ ਨਾਲ ਮੈਂ ਅੰਦਰੋਂ ਹਿੱਲ ਗਿਆ। ਪਰ ਜਥੇਦਾਰ ਦੀ ਬੀਮਾਰੀ ਨੇ ਮੈਨੂੰ ਧਿਆਨ ਲਾਇਆ। ਜਦੋਂ ਏਹ ਵੀ ਚੱਲ ਵੱਸਿਆ, ਤਾਂ ਮੈਨੂੰ ਸੰਭਾਲਣ ਵਾਲਾ ਕੋਲ ਨਾ ਹੋਣ ਕਰਕੇ, ਰੋ ਰੋ ਕੇ, ਮੇਰੇ ਗਲੇ 'ਚ ਪੱਤਰੀਆਂ ਪੈ ਗਈਆਂ।

ਜੀਵਨ ਨਗਰ, ਬਾਪੂ ਜੀ ਨੂੰ ਮੰਦੇ ਸੁਪਨੇ ਆਏ। ਸਤਿਗੁਰੂ ਜੀ ਅੱਗੇ, ਪਿਛੇ ਜਾਣ ਦੀ ਅਰਜ਼ ਕੀਤੀ। ਹੁਕਮ ਹੋਇਆ, ਪਰਸੋਂ ਚਲੇ ਜਾਇਓ! ਪਰ ਸ਼ਾਮ ਨੂੰ ਪਿਛੋਂ ਤਾਰ ਆ ਗਈ, ਤਾਂ ਓਸੇ ਦਿਨ ਤੁਰ ਪਏ। ਦੋ ਦਿਨਾਂ 'ਚ ਪਿੰਡ ਪਹੁੰਚੇ। ਮੇਰੀ ਹਾਲਤ ਵੇਖ ਕੇ ਫ਼ਿਕਰਮੰਦ ਹੋ ਗਏ। ਮੈਨੂੰ ਗੋਦ ਵਿਚ ਲੈ ਕੇ ਧੀਰਜ ਦੇ ਰਹੇ ਸਨ, ਅਤੇ ਆਪਣੇ ਹੰਝੂਆਂ ਨਾਲ ਮੈਨੂੰ ਭਿਓਂ ਰਹੇ ਸਨ। ਮੈਂ ਦੁਖ ਭਰੀ ਧਾਹ ਮਾਰੀ 'ਸਾਡਾ ਬਾਦਸ਼ਾਹ ਚਲਾ ਗਿਐ' (ਚਾਚੇ ਗੁਰਬਚਨ ਸਿੰਘ ਵਿਚ ਬਾਦਸ਼ਾਹਾਂ ਵਾਲੇ ਅਨੇਕਾਂ ਗੁਣ ਸਨ) ਸੁਣ ਕੇ, ਬਾਪੂ ਜੀ ਇਕ ਦਮ ਸੁਚੇਤ ਹੋ ਗਏ। 'ਨਾ ਨਾ, ਇੰਜ ਨਹੀਂ ਆਖਣਾ! ਸਾਡਾ ਪਾਤਸ਼ਾਹ ਸਾਡੇ ਸਿਰ ਤੇ, ਸਦਾ ਸਦਾ ਜੀਵਤ ਹੈ।'

ਤੇ ਹੁਣ 'ਸਦਾ ਸਦਾ ਜੀਵਤ' ਦੇਹ ਦਾ ਓਹਲਾ ਕਰ ਗਿਆ ਸੀ। ਕਦੀ ਸੋਚਿਆ ਤਕ ਨਹੀਂ ਸੀ, ਸਾਡੀ ਜ਼ਿੰਦਗੀ ਵਿਚ ਏਹ ਭਾਣਾ ਵਰਤ ਸਕਦਾ ਹੈ। ਮੈਂ ਘਰੋਂ ਬਾਹਰ ਖੇਤਾਂ ਵੱਲ ਜਾ ਰਿਹਾ ਸਾਂ। ਕਿਸੇ ਚਲਦੀ ਜਹੀ ਗੱਲ ਕੀਤੀ- 'ਸਤਿਗੁਰੂ ਜੀ ਵਿਛੋੜਾ ਦੇ ਗਏ ਹਨ, ਮੈਂ ਆਖਿਆ, ਏਹ ਕਿਵੇਂ ਹੋ ਸਕਦਾ ਹੈ?' ਪਰ, ਹੋ ਗਿਆ ਸੀ। ਬਾਪੂ ਜੀ 'ਵਹਿਮੀ', ਤਾਂ ਅੱਗੇ ਵੀ ਸਨ, ਹੁਣ ਬੌਰੇ ਜਹੇ ਹੋ ਗਏ। ਏਹ ਭੈੜਾ ਭਾਦੋਂ ੧੯੫੯ ਵੀਹ ਤੋਂ ਪੰਜ ਤੇ ਆ ਗਿਆ।

ਓਧਰ ਧਾਰਮਕ ਜ਼ਿੰਮੇਵਾਰੀ ਬਦਲੀ, ਏਧਰ ਪਰਿਵਾਰਕ ਤੇ ਨਿੱਜੀ ਜੀਵਨ ਵਿਚ ਬਦਲਾਵ ਆ ਗਿਆ। ਬਾਪੂ ਜੀ ਸਾਨੂੰ ਕਿਹਾ- ਬੱਚਿਓ! ਮੇਰੀ ਜ਼ਿੰਦਗੀ ਦਾ ਸਹਾਰਾ ਨਹੀਂ ਰਿਹਾ। ਕੀ ਪਤਾ-ਮੈਨੂੰ ਕਦੋਂ ਬੁਲਾਵਾ ਆ ਜਾਇ। ਤੁਸੀਂ ਹੁਣ ਘਰ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਸੰਭਾਲੋ! ਮੈਂ ਆਪਣੇ ਦਿਲਦਾਰ ਸਤਿਗੁਰੂ ਜੀ ਦੇ, ਲਿਖੇ 'ਜੱਸ' ਨੂੰ ਛਪਣਯੋਗ ਕਰਨ ਦਾ ਜਤਨ ਕਰਾਂਗਾ। ਅਤੇ ਏਨਾ ਖੁੱਭ ਕੇ ਲਿਖਣ ਲੱਗ ਪਏ-ਜਿਵੇਂ ਹਰ ਵੇਲੇ ਸਤਿਗੁਰੂ ਜੀ ਅੰਗ ਸੰਗ ਹੋਣ। ਇੰਜ ਵਿਛੋੜੇ ਦਾ ਅਸਰ ਘਟ ਹੋ ਗਿਆ।

ਮੇਰਾ ਵਿਆਹ ੧੯੪੯ ਦੇ ਹੋਲੇ ਵਿਚ ਸੰਤ ਨਗਰ ਹੋ ਚੁੱਕਾ ਸੀ। ੧੯੯੯ 'ਚ ਵਿਆਹ ਦੀ ਅਰਧ ਸ਼ਤਾਬਦੀ ਮਨਾਉਣ ਬਾਰੇ ਸੋਚ ਰਿਹਾ ਸਾਂ। ਮੇਰੀ ਸਾਥਣ ਦਾ, ਇਸ ਤੋਂ ਛੋਟਾ-ਪਿਆਰਾ

ਤੇ ਅਤਿ ਸੁੰਦਰ ਵੀਰ ਅਧਰੰਗ ਨਾਲ ਕਾਲ ਵੱਸ ਹੋ ਗਿਆ। ਬਹੁਤਾ ਰੋਈ ਕਲਪੀ ਤੇ ਨਾ, ਪਰ ਅੰਦਰੋਂ ਅੰਦਰ ਘੁਣ ਲੱਗਣ ਵਾਂਗ ਖਾਲੀ ਜਹੀ ਹੋ ਗਈ।

ਸਾਲ ਦੇ ਅੰਦਰ ਹੀ ਪਰਿਵਾਰ ਵਿਚ ਬੈਠਿਆਂ ਗੱਲਾਂ ਬਾਤਾਂ ਕਰਦਿਆਂ ਇਕਦਮ ਚੁੱਪ ਹੋ ਗਈ। ਜ਼ਬਾਨ ਤਾਲੂ ਨਾਲ ਜਾ ਲੱਗੀ। ਅੱਖਾਂ ਪੁੱਠੀਆਂ ਹੋ ਗਈਆਂ। ਸਰੀਰ ਅਹਿੱਲ ਹੋ ਗਿਆ। ਸਮਝਿਆ ਅੰਤ ਸਮਾਂ ਆ ਗਿਆ ਹੈ। ਮੈਂ ਵੀ ਕੋਲ ਹੀ ਬੈਠਾ ਸਾਂ। ਮੁੱਕ ਜਾਂਦੀ, ਚੰਗਾ ਰਹਿੰਦਾ। ਸਿਰਫ਼ ਸਾਹ ਚੱਲਦੇ ਸਨ। ਹੋਮਿਓਪੈਥੀ ਨਾਲ ਮੋੜ ਪੈ ਗਿਆ।

ਮੋੜ ਕਾਹਦਾ ਪਿਆ, ਡੇਢ ਸਾਲ ਤਿੰਨਾਂ ਨੂੰਹਾਂ ਨੇ ਜੇਹੜੇ ਕਸ਼ਟ ਨਾਲ ਸੰਭਾਲਿਆ... ਵਿਚਾਰੀਆਂ ਨੂੰ ਪੇਕੇ ਭੁੱਲੇ ਰਹੇ। ਕਦੇ ਚਾਰ ਦਿਨ ਠੀਕ, ਫਿਰ ਦਸ ਦਿਨ ਮੰਜੀ ਤੇ। ਸਦੀ ਦੇ ਆਖ਼ਰੀ ਸਾਲ ਦਾ ਭਾਦੋਂ ਆ ਗਿਆ। ਮੈਂ ਬਾਹਰ ਯੂ. ਪੀ. ਗਿਆ ਹੋਇਆ ਸਾਂ। ਬੱਚਿਆਂ ਫੋਨ ਕੀਤਾ... ਘਰ ਆਇਆ, ਵੇਖਿਆ ਖਾਣ ਪੀਣ ਖ਼ਤਮ ਹੋ ਚੁੱਕਾ ਹੈ। ਮੈਂ ਸੋਚਿਆ, 'ਵੀਹ ਭਾਦੋਂ ਦੀ ਉਡੀਕ ਹੋਇਗੀ।

ਪਾਕਿਸਤਾਨ ਵਿਚ ਵਹਿਮੀ ਜੀ ਦਾ ਇਕ ਸ਼ਾਇਰ ਦੋਸਤ ਸੀ। ਮੇਘਦੂਤ ਵਾਲਾ 'ਕਾਲੀਦਾਸ' ਨਹੀਂ... ਕਾਲੀਦਾਸ ਕੁਝਰਾਂ ਵਾਲੀਆ। ਇਸ ਨੇ 'ਰੂਪ ਬਸੰਤ', 'ਪੂਰਨ ਭਗਤ' ਆਦਿ ਪੰਜਾਬੀ ਵਿਚ ਕਈ ਕਿੱਸੇ ਲਿਖੇ ਛਪਵਾਏ। ਫੋਟੋ ਹੌਦੀ-ਪਤਲੀ ਲੰਮੀ ਦਾੜੀ, ਚਿੱਟੀ ਉੱਚੀ ਨੋਕਦਾਰ ਦਸਤਾਰ, ਜਿਵੇਂ ਕਿਸੇ ਗੁਰਦੁਆਰੇ ਦਾ ਭਾਈ ਹੋਵੇ। ਕਿੱਸੇ ਦਰਦ ਭਰੇ ਹੀ ਲਿਖਦਾ।

ਏਹਦੀ ਸਾਥਣ ਵਿਛੜ ਗਈ, ਤਾਂ ਇਕ ਸਤਰ ਲਿਖੀਓ ਸੂ, ਜੋ ਓਵੇਂ ਕਿਵੇਂ ਚੇਤੇ ਵਿਚ ਵੱਸੀ ਹੋਈ ਹੈ– "ਤੁਰ ਚੱਲੀ ਦਿਨ ਦਸਵੇਂ ਦਾਸਾ, ਪੂਰਾ ਕੀਤਾ ਪੋਹ ਨਹੀਂ"।

ਮੇਰੀ ਸਾਥਣ ਮਹਿੰਦਰ ਕੌਰ-ਤਨ ਦੀ ਕਰੜੀ-ਮਨ ਦੀ ਕੋਮਲ, ਨਿਰਛਲ-ਸੱਚੀ ਸੁੱਚੀ, ਬਹੁਤ ਗਹਿਰੀ ਸਿਆਣਪ-ਉਂਜ ਅਨਪੜ੍ਹ।

ਜਦੋਂ ਸਾਡਾ ਅਨੰਦ ਹੋਣਾ ਸੀ, ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦਾ ਹੁਕਮ ਸੀ, ਅਨਪੜ੍ਹਾਂ ਦੇ ਅਨੰਦ ਨਹੀਂ ਕੀਤੇ ਜਾਣਗੇ। ਪੰਜ ਪਉੜੀਆਂ ਜਪੁਜੀ ਸਾਹਿਬ ਦੀਆਂ ਜ਼ਰੂਰ ਸੁਣੀਆਂ ਜਾਂਦੀਆਂ। ੧੯੪੬ ਦੇ ਹੋਲੇ 'ਚ ਅਨੰਦਾਂ ਦਾ ਮੁਖ਼ਤਿਆਰ, ਜਥੇਦਾਰ ਹਰਨਾਮ ਸਿੰਘ 'ਧੱਕੇਸ਼ਾਹੀਆ' ਸੀ। ਹਰ ਕਿਸੇ ਤੋਂ ਪੰਜ ਪਉੜੀਆਂ ਸੁਣਦਾ। ਮੇਰਾ ਪਤਾ ਸੀ, ਮੈਂ ਅਖੰਡ ਪਾਠੀ ਹਾਂ, ਫਿਰ ਵੀ ਆਖੇ, ਜ਼ਰੂਰ ਸੁਣਾਂਗਾ। ਮੈਨੂੰ ਪਤਾ ਸੀ, ਕਿੰਨਾ ਕੁ ਪੜ੍ਹਿਆ ਹੋਇਆ ਹੈ, ਮੈਂ ਕਾਹਲੀ ਕਾਹਲੀ ਜਾਪੁ ਸਾਹਿਬ ਦੀਆਂ ਕਈ ਪਉੜੀਆਂ ਸੁਣਾ ਦਿੱਤੀਆਂ। ਕਹਿੰਦਾ ਠੀਕ ਹੈ। ਜਦੋਂ ਮੇਰੀ ਮਸ਼ਹੂਰ ਅਨਪੜ੍ਹ ਤੋਂ ਸੁਣਨ ਲੱਗਾ... ਦੋ ਜਣੀਆਂ ਨੇ, ਇੱਕੋ ਜਹੇ ਚਿੱਟੇ ਸੂਟ ਪਾਏ ਹੋਏ ਸਨ। ਗੱਲ ਅਸਲੀ ਏਹ ਸੀ, ਏਹ ਆਂਹਦੀ ਸੀ, 'ਅਨੰਦ ਭਾਵੇਂ ਨਾ ਹੋਵੇ, ਪੜ੍ਹਾਈ ਦਾ ਪੁਆੜਾ ਨਹੀਂ ਕਰਨਾ। ਦੂਸਰੀ ਸਹੇਲੀ ਨੇ ਸੁਣਾਇਆ, ਅਨੰਦ ਏਹਦਾ ਹੋ ਗਿਆ।

ਸਤਿਗੁਰੂ ਜੀ ਦੇ ਮੁਖ਼ਤਾਰਿਆਮ ਸ. ਅਵਤਾਰ ਸਿੰਘ ਝੱਬਰ ਦੀ ਭਤੀਜੀ ਸੀ। ਕਿਸੇ ਪੱਕੀ ਸ਼ਿਕਾਇਤ ਕੀਤੀ–ਕੁੜੀ ਨੂੰ ਤਾਂ 'ਸਤਿਗੁਰ ਪ੍ਰਸਾਦਿ' ਤੋਂ ਅੱਗੇ ਔਂਦਾ ਈ ਕੁਝ ਨਹੀਂ। ਧੱਕੇ ਸ਼ਾਹੀਏ, ਹਿੱਕ ਠੋਕ ਗਵਾਹੀ ਦਿੱਤੀ–ਮੈਂ ਬੜੇ ਧਿਆਨ ਨਾਲ ਪਾਠ ਸੁਣਿਆ ਸੀ। ਦੋਵੇਂ ਸੱਚੇ ਸਨ। ਜਦੋਂ ਨੂੰ ਭੇਤ ਖੁੱਲਿਆ, ਹੱਸਣ ਤੋਂ ਬਿਨਾਂ, ਹੋਰ ਕੁਝ ਨਹੀਂ ਸੀ ਹੋ ਸਕਦਾ।

ਸਾਡਾ ਰਿਸ਼ਤਾ ਪਾਕਿਸਤਾਨ ਵਿਚ ਹੀ ਪੱਕਾ ਹੋ ਗਿਆ ਸੀ। ਹਿੰਦੂ ਚੱਕੋਂ ਨੌਂ ਚੱਕ ਝੱਬਰ, ਾਲੀ ਪੰਜਾਹ ਮੀਲ ਦੂਰ ਹੋਣਗੇ। ਹਰ ਕਿਸੇ ਆਖਣਾ ਤੇਰੇ ਸੌਹਰੇ ਬੜੇ ਦੂਰ ਬਣੇ ਨੇ। ਕਈ ਦਿਨ ਲਾ ਕੇ ਆਇਆ ਕਰੇਂਗਾ। ਸਵਾਰੀ ਘੋੜੀ-ਜਾਂ ਰੇਲ ਦੀ ਸੀ, ਬੱਸਾਂ ਬਹੁਤ ਘੱਟ ਚੱਲਦੀਆਂ ਸਨ। ਕੁਝਰਾਂ ਵਾਲਿਓਂ ਲਾਹੌਰ, ਫਿਰ ਨਨਕਾਣੇ ਸਾਹਬੋਂ ਅੱਗੇ ਪੈਦਲ ਪਤਾ ਨਹੀਂ ਕਿੰਨਾ ਦੂਰ ਸੀ। ਵੰਡਾਰੇ ਨੇ, ਹੋਰ ਬੜੇ ਕੁਝ ਨਾਲ, ਮੇਰੇ ਸੌਹਰੇ ਨੇੜੇ ਕਰਦਿਆਂ, ਪਿੰਡ ਵਿਚ ਹੀ ਲੈ ਆਂਦੇ। ਦੁਹਾਂ ਦੇ ਘਰ ਵੀ ਪਿੰਡੋਂ ਚੜ੍ਹਦੇ ਪਾਸੇ ਹੋ ਗਏ। ਸੰਤ ਨਗਰੋਂ ਚੜ੍ਹਦੇ, ਨਹਿਰ ਬੰਗਲੇ ਦੀ ਖੂਹੀ ਦਾ ਪਾਣੀ, ਸਭ ਤੋਂ ਸਵਾਦਲਾ ਸੀ।

ਮੈਂ ਤੇ ਮਾਸਟਰ. ਅਮਰੀਕ ਸਿੰਘ ਜੀ ਇਕ ਦੇ ਸਿਰ ਤੇ ਚਾਟੀ, ਦੂਜੇ ਦੇ ਮੋਢੇ ਤੇ ਲੰਮੀ ਲੱਜ ਤੇ ਇਕ ਹੱਥ ਬਾਲਟੀ। ਬੋੜਿਆਂ ਵਿਚ ਸਤਿਗੁਰੂ ਜੀ ਵਾਲੇ ਤਿਲ ਤੇ ਸੱਕਰ। ਦੋ ਤਿੰਨ ਗੇੜੇ ਲੱਗ ਜਾਣੇ। ਝੱਬਰਾਂ ਦੇ ਕਈ ਘਰ, ਇਕੋ ਪਾਸੇ ਬੈਠੇ ਹੋਏ ਸਨ। ਪਾਣੀ ਲੈਣ ਵਾਲੀਆਂ ਮੁਟਿਆਰਾਂ, ਪੰਜ ਸੱਤ ਕੱਠੀਆਂ ਔਣੀਆਂ। ਏਹ ਦੇ ਸਿਰ ਤੇ ਦੋ ਚਾਟੀਆਂ, ਇਕ ਮੋਢੇ ਲੱਜ, ਦੂਜੇ ਹੱਥ ਬਾਲਟੀ। ਚਾਟੀਆਂ ਵਿਚਾਰੀਆਂ ਨੂੰ, ਘਰੇ ਜਾ ਕੇ ਈ ਕਿਸੇ ਨੇ ਸਿਰੋਂ ਉਤਾਰਨਾ, ਰਸਤੇ ਵਿਚ ਅਡੋਲ ਸਿਰ ਤੇ ਟਿਕੀਆਂ ਰਹਿਣੀਆਂ।

ਜਿਵੇਂ, ਜੱਟੀ ਵਿਚ ਜਾਨ ਬੜੀ ਸੀ-ਤਿਵੇਂ ਕੁਦਰਤ ਨੇ ਦਿਲ ਵੀ ਬਹੁਤ ਵੱਡਾ ਧਰਿਆ ਹੋਇਆ ਸੀ। ਬਾਪੂ ਜੀ ਦੇ ਇਕੋ ਬਚਨ ਤੇ ਦਿਲ ਦਾ ਟੁਕੜਾ ਭੇਟ ਕਰ ਦਿੱਤਾ। ਕਦੇ ਜਨਾਇਆ ਤੱਕ ਨਹੀਂ। ਸਾਡੇ ਘਰ ਦੇ ਇਕੱਠ ਦਾ ਭਾਰ, ਇਸ ਧਰਤੀ ਦੇ ਧੀਰਜ ਵਾਲੀ ਦੇ ਸਿਰ ਤੇ ਹੀ ਟਿਕਿਆ ਹੋਇਆ ਸੀ।

ਇਕ ਵਾਰੀ ਬੰਨ੍ਹੇ ਬੰਨ੍ਹ ਸਾਈਕਲ ਤੇ ਕਰੀਵਾਲੇ ਨੂੰ ਜਾ

ਰਹੇ ਸਾਂ। ਕਣੀਆਂ ਪੈਣ ਲੱਗ ਪਈਆਂ। ਸਾਈਕਲ ਤਿਲਕਿਆ। ਪਿਛੋਂ ਡਿੱਗ ਕੇ, ਭਰ ਵਗਦੀ ਘੱਗਰ ਨਦੀ ਵਿਚ ਜਾ ਡਿੱਗੀ। ਮੇਰੇ ਸਾਈਕਲ ਸੁੱਟ ਕੇ ਫੜਦਿਆਂ ਨੂੰ ਕਈ ਗੋਤੇ ਆ ਗਏ। ਬਾਹਰ ਕੱਢਿਆ... ਕੋਈ ਘਬਰਾਹਟ ਨਹੀਂ-ਕੋਈ ਉਭੇ ਸਾਹ ਨਹੀਂ, ਹੱਸਦਿਆਂ ਕਹਿਣ ਲੱਗੀ – ਘੜੀ ਕੁ ਨਾ ਫੜਦੇ-ਰਾਜਸਥਾਨ ਚਲੀ ਜਾਣਾ ਸੀ।" ਮੈਂ ਕਿਹਾ, ਪਿਛਾਂਹ ਮੁੜ ਚੱਲੀਏ! ਕਹਿੰਦੀ, ਕਪੜੇ ਨਚੋੜ ਕੇ ਚਲੇ ਚੱਲੀਏ... ਜਾਂਦਿਆਂ ਨੂੰ ਸੁੱਕ ਜਾਣਗੇ।

ਲੰਮੀ ਬੀਮਾਰੀ ਤੋਂ ਅੱਕ ਗਈ, ਤਾਂ ਕਹਿੰਦੀ–"ਕੋਈ ਪਿਛਲੇ ਜਨਮ ਦਾ ਕੀਤਾ, ਅੱਗੇ ਆ ਗਿਐ-ਕਦੀ ਕਿਸੇ ਦਾ ਬੁਰਾ, ਨਾ ਕੀਤਾ ਏ, ਨਾ ਸੋਚਿਆ ਏ।

ਇਕ ਦਿਨ ਚੰਗਾ ਹੋ ਵੇਖ ਕੇ ਸਮਝਾਇਆ, ਤੇਰਾ ਤਾਂ ਏਹ ਪਹਿਲਾ ਜਨਮ ਹੈ। ਪਿਛਲੇ ਜਨਮ ਦਾ ਫ਼ਿਕਰ ਨਾ ਕਰ। ਏਹ ਰੋਗ ਸੋਗ,- ਤਨ ਮਨ ਦੇ ਵਿਕਾਰਾਂ ਤੋਂ ਲੱਗਦੇ ਹਨ। ਫਲਾਣੇ-ਫਲਾਣੇ ਸਾਧ ਨੇ, ਏਨਾਂ ਭਜਨ ਬੰਦਗੀ ਕੀਤਾ-ਕਰਾਇਆ-ਕਿੰਨਾਂ ਦੁਖੀ ਹੋ ਕੇ ਮਰਿਆ। ਫਲਾਣੇ ਨੇ ਸਾਰੀ ਉਮਰ ਕੋਈ ਚੰਗਾ ਕੰਮ ਨਹੀਂ ਕੀਤਾ.... ਸਾਡੇ ਵੇਂਦਿਆਂ, ਗੱਲਾਂ ਕਰਦਾ, ਹਵਾ ਹੋ ਗਿਆ।

ਕਹਿੰਦੀ, ਕੋਈ ਵਰਨੀ ਪਾਠ ਕਰਾਓ! ਹੁਣ ਜੀਣ ਦਾ ਕੋਈ ਹੱਜ ਨਹੀਂ। ਏਨੀਆਂ ਚੰਗੀਆਂ ਨੂੰਹਾਂ ਨੂੰ ਦੁਖੀ ਕੀਤਾ ਹੋਇਐ। ਬੱਚਿਆਂ ਦੀ ਖੇਚਲ ਦਾ ਕੋਈ ਬੰਨਾ ਨਹੀਂ ਰਿਹਾ। ਬੇਓੜਕਾ ਖਰਚ ਕਰੀ ਜਾਂਦੇ ਨੇ। ਬੱਸ! ਛੁੱਟੀ ਦੇ ਦਿਓ।

ਏਧਰ ਮੈਂ ਸਾਂ, ਜਿਨੂੰ ਔਂਤਰੇ ਭਾਦੋਂ ਦੀ ਉੱਨੀ-ਵੀਹ ਨੇੜੇ ਔਂਦੀ ਜਾਪਦੀ ਸੀ। ਓਹੋ ਗੱਲ ਹੋਈ, ਨੂੰਹਾਂ-ਧੀਆਂ, ਪੁੱਤਰ, ਪਰਿਵਾਰ ਕੋਲ ਬੈਠਾ ਸੀ। ਮੈਂ ਨਬਜ਼ ਵੇਖੀ, ਕਮਜ਼ੋਰ ਹੋਂਦੀ ਜਾਪੀ, ਤਾਂ ਬਲੀ ਸਿੰਘ ਨੂੰ ਕਿਹਾ, ਤੂੰ ਵੇਖ ਨਬਜ਼! ਦੂਸਰੀ ਬਾਂਹ ਉਹਦੇ ਹੱਥ ਵਿਚ ਸੀ, ਕਹਿੰਦਾ, ਨਬਜ਼ ਪਿੱਛੇ ਹਟ ਰਹੀ ਹੈ। ਕਈ ਦਿਨ ਹੋਏ, ਬੀਮਾਰੀ ਖਹਿੜਾ ਛੱਡ ਗਈ ਹੋਈ ਸੀ। ਸਾਹ ਚੱਲਦੇ ਸਨ। ੧੯ ਭਾਦੋਂ ੨੦੦੦ ਵੱਸਦਾ ਰੱਸਦਾ ਪਰਿਵਾਰ ਛੱਡ ਕੇ, ਨਾ ਮੁੜਨ ਵਾਲੇ ਰਾਹੇ ਪੈ ਗਈ। ਅੱਜ ਫੇਰ ਚੌਥੀ ਵਾਰ, ਸਾਡੇ ਘਰ ਮਾਤਮ ਦੀ ਸਫ਼ ਵਿੱਛ ਗਈ।

ਵੀ. ਵੀ. ਓ ਭੁਚੋਮਾੜੀ (ਰਾਮਪੁਰ)
ਸਿਰਸਾ, ਹਰਿਆਣਾ

ਇੰਡੀਆ ਡੇਅ ਪਰੇਡ 'ਚ ਨਾਮਧਾਰੀ ਸਿੱਖਾਂ ਦੀ ਸ਼ਮੂਲੀਅਤ

ਨਿਊਯਾਰਕ (ਵਿਸ਼ੇਸ਼ ਪ੍ਰਤੀਨਿਧ)–ਇਸ ਵਾਰ ਇਥੇ ਹੋਈ ਇੰਡੀਆ ਡੇਅ ਪਰੇਡ ਵਿਚ ਨਾਮਧਾਰੀ ਸਿੱਖਾਂ ਨੇ ਪਹਿਲੀ ਵਾਰ ਵਧ ਚੜ੍ਹ ਕੇ ਹਿੱਸਾ ਲਿਆ ਅਤੇ ਇਕ ਸਾਦਾ ਪਰ ਪ੍ਰਭਾਵਸ਼ਾਲੀ ਫਲੋਟ ਵੀ ਪਰੇਡ ਵਿਚ ਸ਼ਾਮਿਲ ਕੀਤਾ।

ਨਾਮਧਾਰੀ ਸਿੱਖ ਫਾਉਂਡੇਸ਼ਨ ਇੰਕ. ਦੇ ਚੀਫ਼ ਕੁਆਰਡੀਨੇਟਰ ਭੁਪਿੰਦਰ ਸਿੰਘ ਭੁਰਜੀ ਦਾ ਕਹਿਣਾ ਹੈ ਕਿ ਪਰੇਡ ਦੇ ਪ੍ਰਬੰਧਕਾਂ ਵੱਲੋਂ ਇਸ ਵਾਰ ਪਰੇਡ ਦਾ ਮੁੱਖ ਵਿਸ਼ਾ ਵਿਸ਼ਵ ਸ਼ਾਂਤੀ ਮਿਥਿਆ ਗਿਆ ਸੀ ਅਤੇ ਮਹਾਤਮਾ ਗਾਂਧੀ ਦੇ ਅਹਿੰਸਾ ਦੇ ਸਿਧਾਂਤ ਨੂੰ ਅੱਗੇ ਤੋਰਨ ਦਾ ਸੰਕਲਪ ਕੀਤਾ ਗਿਆ ਸੀ। ਇਸ ਲਈ ਨਾਮਧਾਰੀ ਸਿੱਖਾਂ ਨੇ ਇਸ ਪਰੇਡ ਵਿਚ ਫਲੋਟ ਸ਼ਾਮਿਲ ਕਰਕੇ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਕਿ ਸ਼ਾਂਤੀ, ਅਹਿੰਸਾ ਅਤੇ ਨਾ-ਮਿਲਵਰਤਣ ਅਤੇ ਸਵਦੇਸ਼ੀ ਲਹਿਰ ਦਾ ਆਰੰਭ ਮਹਾਤਮਾ ਗਾਂਧੀ ਤੋਂ ੬੦ ਸਾਲ ਪਹਿਲਾਂ ਨਾਮਧਾਰੀ ਸਿੱਖਾਂ ਦੇ ਆਗੂ ਬਾਬਾ ਰਾਮ ਸਿੰਘ ਨੇ ਆਰੰਭ ਕੀਤਾ ਸੀ, ਜਿਹਨਾਂ ਨੂੰ ਨਾਮਧਾਰੀ ਸਿੱਖ ਗੁਰੂ ਮੰਨਦੇ ਹਨ। ਮਹਾਤਮਾ ਗਾਂਧੀ ਦੇ ਸ਼ਾਂਤੀ, ਅਹਿੰਸਾ ਤੇ ਨਾ-ਮਿਲਵਰਤਣ ਸਿਧਾਂਤ ਦੇ ਅਸਲ ਜਨਮਦਾਤਾ ਬਾਬਾ ਰਾਮ ਸਿੰਘ ਸਨ।

ਭੁਰਜੀ ਜੀ ਦਾ ਕਹਿਣਾ ਹੈ ਕਿ ਇਸ ਗੱਲ ਨੂੰ ਸਪੱਸ਼ਟ ਕਰਨ ਲਈ ਨਾਮਧਾਰੀ ਸੰਗਠਨ ਨੇ ਬਿਨਾਂ ਕਿਸੇ ਸੱਦੇ ਦੇ ਇਹ ਫਲੋਟ ਪਰੇਡ ਵਿਚ ਸ਼ਾਮਿਲ ਕਰਨ ਦਾ ਫ਼ੈਸਲਾ ਕੀਤਾ ਸੀ। ਉਹਨਾਂ ਨੂੰ ਇਸ ਗੱਲ ਦਾ ਸ਼ਿਕਵਾ ਵੀ ਹੈ ਕਿ ਉਹਨਾਂ ਦੇ ਇਸ ਯਤਨ ਦਾ ਠੀਕ ਢੰਗ ਨਾਲ ਪ੍ਰਚਾਰ ਨਹੀਂ ਕੀਤਾ ਜਾ ਸਕਿਆ। ਇਸੇ ਕਾਰਨ ਇੰਡੀਆ ਡੇਅ ਪਰੇਡ ਵਿਚ ਸਿੱਖਾਂ ਦੀ ਸ਼ਮੂਲੀਅਤ ਦਾ ਪ੍ਰੈੱਸ ਨੇ ਨੋਟਿਸ ਨਹੀਂ ਲਿਆ। ਇਸ ਵਾਰ ਨਾਮਧਾਰੀ ਸਿੱਖਾਂ ਤੋਂ ਇਲਾਵਾ ਗੁਰੂ ਰਵੀਦਾਸ ਟੈਂਪਲ ਦੇ ਸਿੱਖਾਂ ਵਲੋਂ ਵੀ ਪਰੇਡ ਵਿੱਚ ਫਲੋਟ ਸ਼ਾਮਿਲ ਕੀਤਾ ਗਿਆ ਸੀ।

ਸਪਤਾਹਿਕ ਸ਼ੇਰੇ ਪੰਜਾਬ ਨਿਊਯਾਰਕ (ਅਮਰੀਕਾ)
ਸਤੰਬਰ, ੧੨,੨੦੦੮

ਚੋਣਵੇਂ ਪੰਜਾਬੀ ਸ਼ਿਅਰ



ਅਜਾਇਬ ਕਮਲ

☆ ਹੈ ਇਕੋ ਖੂਨ ਬੰਦੇ ਦਾ ਤੇ ਇਕੋ ਜ਼ਾਤ ਬੰਦੇ ਦੀ,
ਕਿਉਂ ਫਿਰ ਆਦਮੀ ਨੂੰ ਆਦਮੀ ਖੁਦ ਤੋਂ ਜੁਦਾ ਲੱਗੇ।

☆ ਹੈ ਹਰ ਕੋਈ ਪਾਗਲਾਂ ਵਾਂਗਰ ਚੁਫੇਰੇ ਦੌੜਿਆ ਫਿਰਦਾ,
ਬੜਾ ਲੱਭਾ ਨਾ ਪਰ ਇਸ ਰੋਗ ਦਾ ਕੁਝ ਥਹੁ ਪਤਾ ਲੱਗੇ।

☆ ਖਲੋਤੇ ਕੋਲ ਨੇ ਬੰਦੇ ਮਨੁੱਖੀ ਸਾਂਝ ਪਰ ਗਾਇਬ,
ਇਨ੍ਹਾਂ ਗੱਭੇ ਹੈ ਦਿਸਦਾ ਫੈਲਿਆ ਪੂਰਾ ਖਲਾਅ ਲੱਗੇ।

☆ ਬਿਨਾ ਅੰਦਰ ਦੀ ਸ਼ਕਤੀ ਦੇ ਇਦ੍ਹਾ ਜੀਊਣਾ ਅਸੰਭਵ ਹੈ,
ਹੈ ਹਰ ਪਲ ਆਦਮੀ ਕਿਸ਼ਤਾਂ 'ਚ ਮੈਨੂੰ ਮਰ ਰਿਹਾ ਲੱਗੇ।

☆ ਦਹਾਕੇ ਬੀਤ ਗਏ ਲਿਖਦੇ ਪਿਆ ਨਾ ਮੁੱਲ ਮਾਸਾ ਵੀ,
ਇਨ੍ਹਾਂ ਸਾਹਿਤ ਦੇ ਪੰਡਤਾਂ ਦੇ ਨਾ ਘਪਲੇ ਦਾ ਪਤਾ ਲੱਗੇ।

ਸਤੀਸ਼ ਗੁਲਾਟੀ

☆ ਜੇ ਖਿਆਲਾਂ 'ਚ ਝਖੜ ਹੀ ਝੁਲਦੇ ਰਹੇ,
ਤਾਂ ਉਮੀਦਾਂ ਦੇ ਦੀਵੇ ਜਗਾਵਾਂਗੇ ਕੀ,

ਜ਼ਹਿਰ ਪੌਣਾਂ 'ਚ ਇਞ ਹੀ ਜੇ ਘੁਲਦਾ ਰਿਹਾ,
ਨਸਲ ਅਗਲੀ ਨੂੰ ਆਪਾ ਦਿਖਾਵਾਂਗੇ ਕੀ?

☆ ਜੇ ਕਲਮ ਦਾ ਕਿਤੇ ਵੀ ਚਲਣ ਨਾ ਰਿਹਾ,
ਹੂਕ ਫਿਰ ਬੰਸਰੀ ਦੀ ਸੁਣਾਂਗੇ ਕਿਵੇਂ,

ਸੁਣਨ ਵਾਲਾ ਜੇ ਕੋਈ ਰਿਹਾ ਨਾ ਕਿਤੇ,
ਸਾਜ਼ ਛੇੜਾਂਗੇ ਕੀ, ਗੀਤ ਗਾਵਾਂਗੇ ਕੀ?

☆ ਗੀਤ ਦੇ ਬੋਲ ਕੋਮਲ ਤੇ ਨਾਜ਼ੁਕ ਬੜੇ,
ਦਿਲ ਦੇ ਅੰਦਰ ਮਚਾਉਂਦੇ ਨੇ ਹਲਚਲ ਜਿਹੀ,

ਜਾਂ ਤਾਂ ਸੁਰਤਾਲ ਨੂੰ ਪਹਿਲਾਂ ਸਮਝੋ ਜ਼ਰਾ,
ਵਰਨਾ ਚੰਗੇ ਤਰਾਨੇ ਦੀ ਗਲ ਨਾ ਕਰੋ।

☆ ਹੋਂਦ ਮਿਟ ਜਾਏਗੀ ਗੀਤ ਰੁਲ ਜਾਣਗੇ,
ਆਪਣਾ ਵਿਰਸਾ ਨਾ ਜੇਕਰ ਤੁਸਾਂ ਸਾਂਭਿਆ।

ਦਰਸ਼ਨ ਖਟਕੜ

☆ ਪੱਕਿਆਂ ਨੂੰ ਲੈ ਕੇ ਤਰਨਾ ਸੌਖਾ ਭਨਾ ਹੈ ਹੁੰਦਾ,
ਕੱਚਿਆਂ ਤੇ ਬਾਝ ਸਿਦਕੋਂ ਵਜਦੀ ਹੈ ਛਾਲ ਕਿੱਥੇ।

ਕਰਤਾਰ ਸਿੰਘ ਬਲੱਗਣ

☆ ਕਿਸੇ ਦੇ ਤਿੱਖਿਆਂ ਨੈਣਾਂ ਨੂੰ, ਇਓਂ ਦਿਲ ਦੇਖਦਾ ਹੈ,
ਜਿਵੇਂ ਕੰਡਿਆਂ ਨੂੰ ਫੁੱਲਾਂ ਦੇ ਲੰਗਾਰੇ ਦੇਖਦੇ ਨੇ।

ਰਾਬਿੰਦਰ ਮਸਰੂਰ

☆ ਮੁਰਦਿਆਂ ਦਾ ਭਾਰ ਚੁੱਕੀ ਫਿਰ ਰਹੇ ਸਨ ਦੇਰ ਤੋਂ,
ਆਦਮੀ ਚੰਗੇ ਭਲੇ ਸਨ ਫੇਰ ਕਬਰਾਂ ਹੋ ਗਏ।

☆ ਝੜ ਰਹੇ ਪੱਤਿਆਂ ਨੂੰ ਇਸ ਗੱਲ ਤੇ ਸਖਤ ਇਤਰਾਜ਼ ਹੈ,
ਇਹ ਨਵੇਂ ਪੱਤੇ ਨਿਕਲਦੇ ਸਾਰ ਸਿਖਰਾਂ ਹੋ ਗਏ।

☆ ਮੈਂ ਤਾਂ ਸ਼ਾਇਦ ਜਾ ਸਕਾਂ ਜਾਂ ਨਾ ਮਗਰ,
ਚੱਲ ਮਨਾ ਤੈਨੂੰ ਤਾਂ ਘਰ ਪਹੁੰਚਾ ਦਿਆਂ।

ਸੰਤ ਰਾਮ ਉਦਾਸੀ

☆ ਸਾਡੀ ਭੁੱਖ ਵਾਲੀ ਭੱਠੀ ਜੇ ਤੂੰ ? ਹੀਂ ਸੀ ਬੁਝਾਉਣੀ,
ਕਾਹਨੂੰ ਵਿਚੋਂ ਵਿਚ ਭੁੰਨੀ ਗਏ ਦਾਣਿਆਂ ਦੇ ਵਾਂਗ।

☆ ਗੱਲਾਂ ਤੇਰੀਆਂ 'ਚ ਆਉਂਦਾ ਕਿਤੇ ਸਾਡਾ ਵੀ ਜ਼ਿਕਰ,
ਮਿੱਠੇ ਅਸੀਂ ਵੀ ਹੋ ਜਾਣਾ ਸੀ ਮਖਾਣਿਆਂ ਦੇ ਵਾਂਗ।

ਲਖਵਿੰਦਰ ਜੌਹਲ

☆ ਏਦਾਂ ਕਦੇ ਨਾ ਉਸਨੇ ਨਾ ਮੈਂ ਹੀ ਸੋਚਿਆ ਸੀ,
ਮੈਂ ਉਸਨੂੰ ਹੋਰ ਸਮਝਾਂ ਉਹ ਮੈਨੂੰ ਹੋਰ ਸਮਝੇ।

☆ ਵੇਖੀਂ ਕਿਤੇ ਨਾ ਮੈਨੂੰ, ਮੁੜਕੇ ਤੂੰ ਛੇੜ ਬੈਠੀਂ,
ਨਾ ਰਾਖ ਵਿਚ ਅਜੇ ਵੀ, ਦਗਦਾ ਅੰਗਿਆਰ ਹੋਵੇ।

ਵਿਜੈ ਧੰਮੀ

☆ ਬਹਾਰਾਂ ਦੀ ਕਰੋ ਚਰਚਾ, ਕਹੋ ਇਹ ਵੀ ਕਰੋ ਜੇਰਾ,
ਜਿਨ੍ਹਾਂ 'ਚੋਂ ਮਹਿਕ ਆਉਂਦੀ ਹੈ ਖਿੜੇ ਗੁਲਜ਼ਾਰ ਹਨ ਕਿੰਨੇ!

ਭੁਪਿੰਦਰ

☆ ਤਾਹੀਓਂ ਰੰਗ ਵਟਾਇਆ ਹੈ ਇਸ ਧਰਤੀ ਨੇ,
ਇਸ ਧਰਤ ਤੇ ਖੂਨ ਸ਼ਹੀਦਾਂ ਚੋਇਆ ਹੈ।

☆ ਮੈਂ ਪਤਝੜ ਦਾ ਮੌਸਮ ਕੱਲ੍ਹ ਤੁਰ ਜਾਵਾਂਗਾ,
ਮੈਨੂੰ ਆਪਣੀ ਦਰਦ ਕਹਾਣੀ ਕਹਿਣ ਦਿਓ।

ਨਾਜਰ ਸਿੰਘ ਤਰਸ

☆ ਕਾਇਰਾਂ ਵਾਂਗੂੰ ਡਰਨ ਦੀ ਗੱਲ ਹੋਰ ਹੈ।
ਸਿਰ ਤਲੀ ਤੇ ਧਰਨ ਦੀ ਗੱਲ ਹੋਰ ਹੈ।

☆ 'ਤਰਸ' ਸੌਖਾ ਹੈ ਜ਼ਬਾਨੋ ਆਖਣਾ,
ਪਰ ਆਖ ਪੂਰਾ ਕਰਨ ਦੀ ਗੱਲ ਹੋਰ ਹੈ।

—ਚਰਨ ਸੀਚੇਵਾਲਵੀ
੪੨੯, ਗੁਰੂ ਨਾਨਕਪੁਰਾ (ਵੈਸਟ)
ਡਾਕ. ਚੌਗਿਟੀ, ਜਲੰਧਰ ੧੪੪੦੦੯
ਫੋਨ- ੦੧੮੧-੨੨੩੧੬੫੪

ਦੋ ਗ਼ਜ਼ਲਾਂ/ *—ਸਰਬਜੀਤ ਦਰਦੀ*

ਨਹੀਂ ਮੈਨੂੰ ਝੁਕਾ ਸਕਦੀ, ਕਿਸੇ ਸਰਕਾਰ ਦੀ ਤਾਕਤ।
ਭੁਲਾ ਸਕਦੀ ਨਾ ਮੈਥੋਂ ਝੂਠ, ਵੀ ਤਲਵਾਰ ਦੀ ਤਾਕਤ।

ਮੇਰਾ ਸਿਰ ਚਾਹੇ ਕਟ ਜਾਵੇ, ਹਮੇਸ਼ਾ ਸੱਚ ਬੋਲੂੰ ਮੈਂ,
ਨਹੀਂ ਮੈਨੂੰ ਦਬਾ ਸਕਦੀ ਕਿਸੇ ਹਥਿਆਰ ਦੀ ਤਾਕਤ।

ਹਮੇਸ਼ਾ ਜਿੱਤਦੇ ਜਿਹੜਾ, ਨਸ਼ੇ ਵਿਚ ਚੂਰ ਹੋ ਜਾਂਦੈ,
ਸਿਖਾ ਦਿੰਦੀ ਹੈ ਬੰਦੇ ਨੂੰ ਬੜਾ ਕੁਝ ਹਾਰ ਦੀ ਤਾਕਤ।

ਲੈ ਜਾਊ ਸਾਮ੍ਹਣੇ ਤੇਰੇ, ਰਹੀਂ ਤੂੰ ਵੇਖਦਾ ਕੈਦੋ,
ਪਤਾ ਤੈਨੂੰ ਵੀ ਲੱਗ ਜਾਊ ਹੈ ਕਿੰਨੀ ਪਿਆਰ ਦੀ ਤਾਕਤ।

ਮੇਰੇ ਫ਼ਨ ਦੀ ਉਡਾਉਂਦੇ ਨੇ ਜੋ ਖਿੱਲੀ ਉਹ ਨੇ ਗਲਤੀ ਤੇ,
ਉਨਾਂ ਵੇਖੀ ਨਹੀਂ ਹੋਣੀ ਕਦੇ ਫ਼ਨਕਾਰ ਦੀ ਤਾਕਤ।

ਜਦੋਂ ਬੇਗਾਨੇ ਤੈਨੂੰ ਬੇਸਹਾਰਾ ਛੱਡ ਕੇ ਤੁਰ ਜਾਵਣ,
ਤੂੰ ਆਵੀਂ ਕੋਲ ਮੇਰੇ, ਫਿਰ ਤੂੰ ਪਰਖੀਂ ਯਾਰ ਦੀ ਤਾਕਤ।

ਨਹੀਂ ਅੱਤਵਾਦ ਰਹਿਣਾ, ਫਿਰ ਇਨ੍ਹੇਂ ਜੜ੍ਹ ਤੋਂ ਹੀ ਮੁੱਕ ਜਾਣੈ,
ਜਦੋਂ ਆਪਸ 'ਚ "ਦਰਦੀ" ਰਲ ਗਈ ਸੰਸਾਰ ਦੀ ਤਾਕਤ।

ਪਿੱਠ ਵਿਖਾ ਤੁਰ ਜਾਣਾ ਕੰਮ ਮੱਕਾਰਾਂ ਦਾ।
ਸੀਸ ਤਲੀ ਤੇ ਧਰਨਾ ਕੰਮ ਸਰਦਾਰਾ ਦਾਂ।

ਜਿਸ ਦਾ ਕੰਮ ਹੈ ਰੋਗ ਅਵੱਲੇ ਲਾ ਦੇਣੇ,
ਹਾਲ ਉਨ੍ਹੇ ਕੀ ਪੁੱਛਣਾ ਹੈ ਬੀਮਾਰਾਂ ਦਾ।

ਜਦ ਮਰਜੀ ਤੂੰ ਕੈਸ਼ ਕਰਾ ਲਈ ਸੱਜਣਾ ਵੇ,
ਅੱਜ ਤੋਂ ਤੇਰੇ ਨਾਂ ਹੋਇਆ ਦਿਲ ਯਾਰਾਂ ਦਾ।

ਇਕ ਪੈਸੇ ਜਿੰਨੀ ਵੀ ਉਸਦੀ ਵੁੱਕਤ ਨ੍ਹਈ,
ਧੰਦਾ ਜੋ ਕਰਦੈ ਹੈ ਲੱਖ ਹਜ਼ਾਰਾਂ ਦਾ।

ਲੋਕੋ! ਭਾਸ਼ਣ ਸੁਣਕੇ ਪਿੱਛੇ ਨਾ ਤੁਰਿਓ,
ਝੂਠੇ ਲਾਰੇ ਲਾਉਣੇ ਕੰਮ ਸਰਕਾਰਾਂ ਦਾ।

ਫੁਲ ਮਾਸੂਮ ਝੁਕੇ ਨਾ ਜ਼ਾਲਿਮ ਦੇ ਅੱਗੇ,
ਚਿੱਤ ਡੁਲਾ ਨਾ ਸਕਿਆ ਖ਼ੌਫ਼ ਦੀਵਾਰਾਂ ਦਾ।

ਸਿਰ ਝੁਕ ਜਾਊ "ਦਰਦੀ" ਦਾ ਕੱਢ ਦਿਲ ਵਿਚੋਂ,
ਦੁਸ਼ਮਣ ਡਰ ਨਾ ਦੇ ਮੈਨੂੰ ਤਲਵਾਰਾਂ ਦਾ।

ਕੋਟਲੀ ਥਾਨ ਸਿੰਘ ਜਲੰਧਰ
ਮੋ-੯੮੭੨੧-੬੫੫੮੯
ਮੋ-੯੮੧੪੬-੧੪੯੮੮

ਗ਼ਜ਼ਲ

—ਬਲਬੀਰ ਸਿੰਘ ਢਿੱਲੋਂ
ਮੋਹਾਲੀ

ਅਜ਼ਾਦ ਤੇਰਾ ਵਤਨ ਹੈ, ਇਕ ਵਾਰ ਆ ਕੇ ਵੇਖ ਲੈ।
ਬਦਲੀ ਹੋਈ ਏਸ ਦੀ, ਨੁਹਾਰ ਆ ਕੇ ਵੇਖ ਲੈ।

ਭੌਰ ਉੱਡ ਗਏ ਚਮਨ ਅੰਦਰ, ਪੱਤਝੜਾਂ ਦਾ ਰਾਜ ਹੈ,
ਸਹਿਮੀ ਸਹਿਮੀ ਸਿਸਕਦੀ, ਗੁਲਜ਼ਾਰ ਆ ਕੇ ਵੇਖ ਲੈ।

ਗੋਰੇ ਖ਼ੂਨੀ ਸ਼ਿਕਰਿਆਂ ਤੋਂ, ਬਚ ਗਈਆਂ ਜੋ ਬੁਲਬੁਲਾਂ,
ਗ਼ਮ ਨੇ ਦਿੱਤਾ ਮਾਰ ਹੈ, ਗ਼ਮਖ਼ਾਰ ਆ ਕੇ ਵੇਖ ਲੈ।

ਨੋਟ, ਵੋਟ, ਸੋਟ ਅਤੇ ਖੋਟ ਜਿਨ੍ਹਾਂ ਪਾਸ ਨੇ,
ਬਣਦੀ ਉਹਨਾਂ ਲੋਕਾਂ ਦੀ ਸਰਕਾਰ ਆ ਕੇ ਵੇਖ ਲੈ।

ਧਰਮ ਕਰਮ ਸੱਚ ਨੂੰ, ਛਿੱਕੇ ਤੇ ਟੰਗਿਆ ਜਿਨ੍ਹਾਂ ਨੇ
ਧਰਮ ਦੇ ਉਹ ਵੱਡੇ, ਠੇਕੇਦਾਰ ਆ ਕੇ ਵੇਖ ਲੈ।

ਮਰ ਮਿਟੇ ਜੋ ਦੇਸ਼ ਲਈ, ਉਨ੍ਹਾਂ ਦੀ ਪੁੱਛ ਪੜਤਾਲ ਨਹੀਂ,
ਮੁਖ਼ਬਰ ਬਣੇ ਫਿਰਦੇ ਨੇ, ਸਰਦਾਰ ਆ ਕੇ ਵੇਖ ਲੈ।

ਕਹਿਣ ਨੂੰ ਤੇ ਦੇਸ਼ ਤੇਰਾ ਚੰਨ 'ਤੇ ਵੀ ਪਹੁੰਚਿਐ,
ਮੱਠੀ ਪਰ ਇਸਦੀ ਧਰਤ ਤੇ, ਰਫਤਾਰ ਆ ਕੇ ਵੇਖ ਲੈ।

ਧਰਮ ਦੇ ਮੋਢੇ ਤੇ ਰੱਖ ਕੇ, ਲੀਡਰ ਨੇ ਗੋਲੇ ਦਾਗ਼ਦੇ,
ਲੁੱਕ ਲੁੱਕ ਕੇ ਕਰਦੇ ਵਾਰ ਨੇ, ਗ਼ੱਦਾਰ ਆ ਕੇ ਵੇਖ ਲੈ।

ਸਜਨਾਂ ਤੇ ਭਾਗੋਆਂ ਦੀ ਸਾਂਝੀ ਚੱਕੀ ਚੱਲ ਰਹੀ,
ਲਾਲੋ ਤਾਂ ਪਿਸਦੇ ਜਾ ਰਹੇ, ਵਿਚਕਾਰ ਆ ਕੇ ਵੇਖ ਲੈ।

ਭੁੱਲ ਗਏ ਉਪਦੇਸ਼ ਤੇਰਾ ਸੋਚ ਨੀਵੀਂ ਹੋ ਗਈ,
ਬੌਣੇ ਬੌਣੇ ਲੱਗਦੇ, ਕਿਰਦਾਰ ਆ ਕੇ ਵੇਖ ਲੈ।

ਔਣ ਦਾ ਇਕਰਾਰ ਕਰ, ਉਸ ਪਾਰ ਜਦ ਦਾ ਤੁਰ ਗਇਓਂ,
ਕਰਦੇ ਪਏ ਇੰਤਜ਼ਾਰ ਹਾਂ ਇਸ ਪਾਰ ਆ ਕੇ ਵੇਖ ਲੈ।

ਧੀਆਂ ਦੀ ਫਰਿਆਦ

— ਜੁਗਿੰਦਰ ਸਿੰਘ ਮੁਕਤਾ

ਮੇਰੀ ਅੰਮੀਏਂ ਨਾ ਮੰਗਦੀ ਜੈਦਾਦ, ਮੈਂ ਰੰਗਲਾ ਜਹਾਨ ਵੇਖਣਾ।
ਮੇਰੇ ਬਾਬਲਾ ਇਹ ਮੇਰੀ ਫਰਿਆਦ ਮੈਂ ਰੰਗਲਾ ਜਹਾਨ ਵੇਖਣਾ।

ਬਾਬਲ ਦੀ ਬਦਲੀ ਏਂ ਸੋਚ ਕੇਹੜੀ ਗੱਲ ਤੋਂ,
ਕੱਚਾ ਫਲ ਤੋੜਦਾ ਨਹੀਂ ਮਾਲੀ ਕੋਈ ਵਲ ਤੋਂ,
ਮੇਰੇ ਮਾਰਨ ਲਈ ਚਲਦਾ ਵਿਵਾਦ,
ਮੈਂ ਰੰਗਲਾ ਜਹਾਨ ਵੇਖਣਾ, ਮੇਰੀ ਅਮੀਏਂ......

ਤੇਰੇ ਲਾਡਾਂ ਲੋਰੀਆਂ ਦੀ ਰੂਹ ਮੇਰੀ ਭੁੱਖੀ ਮਾਂ,
ਮੰਗਦੀ ਨਹੀਂ ਚੂਰੀਆਂ ਖਾਵਾਂਗੀ ਰੁਖੀ ਸੁਕੀ ਮਾਂ,
ਮੰਗਾਂ ਬਾਪੂ ਤੋਂ ਨਾ ਇਮਦਾਦ,
ਮੈਂ ਰੰਗਲਾ ਜਹਾਨ ਵੇਖਣਾ, ਮੇਰੀ ਅਮੀਏਂ....

ਤੇਰੇ ਕੰਮ ਕਾਜ ਵਿਚ ਹਥ ਮੈਂ ਵਟਾਵਾਂਗੀ,
ਫੇਰਾਂਗੀ ਬਹਾਰੀ ਨਾਲੇ ਵੀਰੇ ਨੂੰ ਖਿਡਾਵਾਂਗੀ,
ਕਹਿਦੇ ਬਾਪੂ ਨੂੰ ਨਾ ਕਰੇ ਬਰਬਾਦ,
ਮੈਂ ਰੰਗਲਾ ਜਹਾਨ ਵੇਖਣਾ, ਮੇਰੀ ਅੰਮੀਏ.......

ਕਰੀ ਨਾ ਕਤਲ ਮਾਏਂ ਮੇਰੀਆਂ ਇਛਾਵਾਂ ਨੀ,
ਮਾਪਿਆਂ ਲਈ ਹਰ ਧੀ ਮੰਗਦੀ ਦਵਾਵਾਂ ਨੀ,
ਵੇਹੜਾ ਬਾਬਲ ਦਾ ਵਸੇ ਸਦਾ ਸ਼ਾਦ,
ਮੈਂ ਰੰਗਲਾ ਜਹਾਨ ਵੇਖਣਾ, ਮੇਰੀ ਅੰਮੀਏ....

ਪਿਤਾ ਮਾਂ ਦੇ ਪੇਟ ਵਿਚ ਮਾਰਨ ਲਈ ਤੁਲਿਆ
ਸੱਚਾ ਉਪਦੇਸ਼ ਗੁਰੂ ਨਾਨਕ ਦਾ ਭੁੱਲਿਆ
ਲੋਭੀ ਦਾਜ ਦੇ ਹੀ ਧੀਆਂ ਲਈ ਸਜਾਦ,
ਮੈਂ ਰੰਗਲਾ ਜਹਾਨ ਵੇਖਣਾ ਮੇਰੀ ਅਮੀਏ ....

ਜਗ ਦੀ ਜਨਮ ਦਾਤੀ ਤਾਈਂ ਦੁਰਕਾਰੋ ਨਾ
ਚਾਹੁੰਦੇ ਹੋ ਜੇ ਰੌਣਕਾਂ ਤੇ ਬੱਚੀਆਂ ਨੂੰ ਮਾਰੋ ਨਾ
ਰਹੇ ' ਮੁਕਤਾ' ਇਹ ਦੁਨੀਆ ਅਬਾਦ,
ਮੈਂ ਰੰਗਲਾ ਜਹਾਨ ਵੇਖਣਾ ਮੇਰੀ ਅਮੀਏਂ ......

ਪਿੰਡ ਸੰਤ ਨਗਰ, ਜ਼ਿਲ੍ਹਾ ਸਿਰਸਾ, ਹਰਿਆਣਾ
ਫੋਨ - ੯੯੯੨੩੩੯੫੨੪

ਗੀਤਾਂ ਦੀ ਗੰਢ

—ਦਲਬੀਰ ਸਿੰਘ ਤਰਸ, ਅਸਟ੍ਰੇਲੀਆ

ਗੀਤਾਂ ਦੀ ਗੰਢ, ਪ੍ਰਭ ਜੀ ਮੇਰੇ, ਤੁਧ[1] ਬੋਲ ਪਰਾਹੁਣੇ ਆਏ,
ਅਣਲੱਗ ਚਿੱਟੇ ਬਸਤਰ ਵਿਛ ਗਏ, ਉਪਰ ਅਸਾਂ ਬਠਾਏ।

ਟਪਕ ਪਿਆ ਸਾਡੇ ਨੈਣੋਂ ਸਾਗਰ, ਸਭੁ[2] ਹਿਝ ਪਵਿੱਤਰ ਕੀਤੇ
ਧੋ ਧੋ ਕੇ ਸਾਰੀ ਧੂੜ ਰਾਹਾਂ ਦੀ, ਆਸਾਂ ਰੱਜ ਚਰਨਾਮਤ ਪੀਤੇ।

ਸੁਰਾਂ ਸਾਰੀਆਂ ਬਿਹਬਲ ਹੋਈਆਂ, ਅਸਾਂ ਰੱਜ ਬੋਲਾਂ ਨੂੰ ਗਾਇਆ,
ਅੰਬਰ ਪਾੜ ਕੇ ਲੱਭਿਆ ਕਿਧਰੋਂ, ਇਨ ਗੀਤਾਂ ਨੂੰ ਸਰਮਾਇਆ।

ਹੋਂਦ ਤੁਰੀ ਵਿੱਚ ਰਚ ਕੇ ਪ੍ਰੀਤਮ, ਅਵਗੁਣ ਸਾਰੇ ਭੁੱਲੇ,
ਛੂਹ ਤੇਰੀ ਜਾਂ ਸੰਗੀਤ ਪਾਈ, ਸਾਡੇ ਰੋਂ ੜ ਕੰਚਨਾਂ ਤੁੱਲੇ।

ਧੰਨ ਤੇਰੀ ਵਡਿਆਈ ਪ੍ਰੀਤਮ, ਖਿਨ ਭਰ ਭੀ ਹਿਰਦਿ[3] ਸਮਾ ਜਏਂ,
ਗਾੜ੍ਹੇ ਗਿਆਨ ਦੇ ਅੰਬਰ ਉੜੀਏ, ਜਿਸ ਆਪਣਾ ਸੇਵੁ[4] ਬਣਾ ਜਏਂ।

ਬਾਗ਼ ਸੁੱਕੇ ਹਰਿਆ ਜਏਂ,
ਪ੍ਰਭੂ ਜੀ!
ਖਿਨ ਭਰ ਜੇ ਹਿਰਦ ਸਮਾਂ ਜਏਂ।

1ਤੁਧ-ਤੇਰੇ 2 ਸਭੁ-ਸਾਰੇ ਦੇ ਸਾਰੇ3 ਹਿਰਦਿ-ਹਿਰਦੇ ਵਿੱਚ
4ਸੇਵ-ਸੇਵਕ।

(੨)

ਗੀਤਾਂ ਦੀ ਗੰਢ, ਪ੍ਰਭ ਜੀ ਮੇਰੇ, ਇੱਕ ਵਹਿੰਦਾ ਚਸ਼ਮਾਂ ਵੇਖ ਰਹੀ,
ਇਸ ਵਿੱਚ ਵਹਿੰਦਾ ਤੈਨੂੰ ਵੇਖਾਂ, ਮੈਂ ਵਹਿਣਾਂ ਦੇ ਰੰਗ ਲੇਖ[1] ਰਾਹੀ।

ਇਕ ਰੁੱਖ ਖਲੋਤਾ ਕੰਢੇ ਇਸਦੇ, ਮਾਣੇ ਘਣੀਆਂ ਛਾਵਾਂ ਨੂੰ,
ਚੁੱਪ ਚੁਪੀਤਾ ਵਾਸ ਤੁਸਾਂ ਦਾ, ਵੰਡਦਾ ਜਾਏ ਅਦਾਵਾਂ ਨੂੰ।

ਬੰਜਰਾਂ ਦੇ ਵਿੱਚ ਸਬਜ਼ ਸੁਹਾਵੇਂ[2]!, ਸ਼ਬਜ਼ਾਂ ਦੇ ਵਿੱਚ ਵੱਸੇਂ ਤੂੰ,
ਕੂੜ ਕਾਲ ਨੇ ਨ੍ਹੇਰਿਆਂ ਵਿੱਚ ਭੀ, ਸੱਚ ਦਾ ਚਾਨਣ ਹੱਸੇਂ ਤੂੰ।

ਆਉਂਦੇ ਜਾਂਦੇ ਮਾਨਣ ਛਾਵਾਂ, ਕੋਈ ਅਮਰ ਕਹਾਣੀ ਚੱਲ ਪੈਂਦੀ,
ਹੋਂਦ ਤੁਸਾਂ ਦੀ ਪਰਗਟ ਹੋ ਕੇ, ਸਦਾ ਸਾਥ ਅਸਾਡੇ ਰਲ ਪੈਂਦੀ।

ਰਜ਼ ਵਿੱਚ ਰੰਗ ਖਿੰਡਾਵਣ ਵਾਲੇ!, ਝੋਲੇ ਪੈਣ ਦੀਦਾਰਾਂ ਦੇ,
ਤੱਕ ਤੇਰੀ ਬਖਸ਼ੀਸ਼ ਸੁਆਮੀ, ਖਿੜਦੇ ਫੁੱਲ ਬਹਾਰਾਂ ਦੇ।

ਧਰ[3] ਤੇ ਸੁਰਗ ਪਿਆਰਾਂ ਦੇ,
ਪ੍ਰਭੂ ਜੀ!
ਝੌਲੇ ਪੈਣ ਦੀਦਾਰਾਂ ਦੇ।

1ਲੇਖ-ਲਿਖ ਸੁਹਾਵੇਂ ਪੈਦਾ ਕਰੇਂ 3ਧਰ ਧਰਤੀ।





ਵਰਿਆਮ ਦਾ ਅਗਲਾ ਅੰਕ ਨਵੰਬਰ ੨੦੦੮ ਇਕ ਵਿਸ਼ੇਸ਼ ਅੰਕ ਹੋਵੇਗਾ। ਤਸਵੀਰਾਂ ਅਤੇ ਖਾਸ ਲੇਖਾਂ ਵਾਲਾ।

ਨਵੰਬਰ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ਦਿਵਸ ਹੁੰਦਾ ਹੈ। ਸੋ ਇਹ ਅੰਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸਮਰਪਿਤ ਹੋਵੇਗਾ। ਅਸੀਂ ਸਤਿਗੁਰੂ ਜੀ ਨੂੰ ਅਕੀਦਤ ਪੇਸ਼ ਕਰਨੀ ਹੈ। ਅਸੀਂ ਬੇਨਤੀ ਕਰਦੇ ਹਾਂ ਕਿ ਸਤਿਗੁਰੂ ਜੀ ਨੂੰ ਸਤਿਕਾਰ ਭੇਟ ਕਰਨ ਲਈ-ਵਧਾਈਆਂ ਅਤੇ ਖੁਸ਼ੀਆਂ ਪ੍ਰਗਟ ਕਰਨ ਲਈ ਤੁਸੀਂ ਆਪਣੀ ਇਕ ਤਸਵੀਰ ਸਾਨੂੰ ਦੋ ਹਫਤੇ ਦੇ ਵਿਚ ਜ਼ਰੂਰੀ ਭੇਜ ਦਿਓ। ਵਰਿਆਮ ਦੀ ਚੜ੍ਹਦੀ ਕਲਾ ਲਈ ਆਪਣੀ ਸਹਿਯੋਗ ਰਾਸ਼ੀ ਵੀ ਭੇਜ ਕੇ ਧੰਨਵਾਦੀ ਬਣਾਓ। ਇਹ ਰਾਸ਼ੀ ਤੁਹਾਡੀ ਆਪਣੀ ਸ਼ਰਧਾ ਅਤੇ ਸਮਰਥਾ ਅਨੁਸਾਰ ਹੈ।

ਇਸ ਅੰਕ ਨਾਲ ਵਰਿਆਮ ਚੌਂਤੀਵੇ ਸਾਲ ਵਿਚ ਵੀ ਪ੍ਰਵੇਸ਼ ਕਰੇਗਾ।

ਦੇਸ਼ ਵਿਦੇਸ਼ ਵਿਚ ਵਸਦੇ ਪਾਠਕਾਂ ਨੂੰ ਖਾਸ ਬੇਨਤੀ ਹੈ ਕਿ ਵਰਿਆਮ ਦੇ ਚੰਦੇ ਸ੍ਰੀ ਭੈਣੀ ਸਾਹਿਬ ਅੱਸੂ ਦੇ ਮੇਲੇ ਤੇ ਜ਼ਰੂਰ ਲੈ ਕੇ ਆਉਣ। ਮੇਲੇ ਦਾ ਭੋਗ ੧੬ ਅਕਤੂਬਰ ਨੂੰ ਪਵੇਗਾ ਅਤੇ ਅੰਤਲੇ ਤਿੰਨ ਦਿਨ ਵਰਿਆਮ ਦਾ ਸਟਾਲ ਵੀ ਲਗੇਗਾ।



ਨਿਊਯਾਰਕ ਅਮਰੀਕਾ ਵਿਚ ਐਨ.ਐਸ.ਐਫ. ਰਾਤ ਦੇ ਭੋਜ ਸਮਾਗਮ ਸਮੇਂ ਖੱਬਿਓਂ ਸ. ਭੁਪਿੰਦਰ ਸਿੰਘ ਭੁਰਜੀ,
ਸ. ਜੁਗਿੰਦਰ ਸਿੰਘ ਸਾਬਕਾ ਸੀ.ਬੀ.ਆਈ. ਪ੍ਰਮੁੱਖ, ਅਵਤਾਰ ਸਿੰਘ ਪੰਨੂੰ, ਗੁਰਭੇਜ ਸਿੰਘ ਵੜੈਚ,
ਹਰਭਜਨ ਸਿੰਘ ਅਰੋੜਾ ਅਤੇ ਗੁਰਪ੍ਰੀਤ ਸਿੰਘ।



ਹਿੰਦੂ ਟੈਂਪਲ, ਫਲੈਸ਼ਿੰਗ ਨਿਊਯਾਰਕ ਵਿਚ ਚੌਧਵੇਂ ਸੰਗਠਨ ਦਿਸਵ ਦੇ ਮੌਕੇ ਤੇ ਸਮਾਗਮ ਵਿਚ ਬੈਠੇ ਖੱਬਿਓਂ
ਬੀਬੀ ਸੁਖਵਿੰਦਰ ਕੌਰ, ਭੁਪਿੰਦਰ ਸਿੰਘ ਭੁਰਜੀ, ਸੁਆਮੀ ਭਕਤਾਨੰਦ, ਡਾ. ਸੁਬਰਮਨੀਅਮ ਸੁਆਮੀ,
ਸ. ਜੁਗਿੰਦਰ ਸਿੰਘ ਸਾਬਕਾ ਸੀ.ਬੀ.ਆਈ. ਪ੍ਰਮੁੱਖ।





ਨਾਮਧਾਰੀ ਸਿੱਖ ਫਾਊਂਡੇਸ਼ਨ ਵੱਲੋਂ ਨਿਊਯਾਰਕ ਵਿਚ ਇੰਡੀਆ ਡੇ ਪਰੇਡ ਸੰਬੰਧੀ ਕੱਢੀਆਂ ਝਾਕੀਆਂ ਦੇ ਦ੍ਰਿਸ਼।



ਸ਼੍ਰੀਮਤੀ ਮਹਿੰਦਰ ਕੌਰ (ਸਵਰਗਵਾਸੀ) ਸੁਪਤਨੀ ਸ. ਸਾਧੂ ਸਿੰਘ ਕਿਸਾਨ....ਲੇਖ ਪੰਨਾ ੧੭ 'ਤੇ



ਰਾਜਿੰਦਰ ਪ੍ਰਦੇਸੀ ਦੀ ਕਾਵਿਪੁਸਤਕ ਗੂੰਗੀ ਰੁੱਤ ਦੀ ਪੀੜ ਲੁਧਿਆਣਾ ਵਿਚ ਰੀਲੀਜ਼ ਕਰਦੇ ਹੋਏ, ਸਰਵ ਸ੍ਰੀ ਕੁਲਵਿੰਦਰ
[illegible] ਹੁਸਨਪੁਰੀ, ਅਜਾਇਬ ਚਿੱਤਰਕਾਰ, [illegible]

ਪੰਜਾਬੀ ਖੋਜ ਸੰਦਰਭ

ਲੇਖਕ : ਡਾ. ਧਰਮ ਸਿੰਘ
ਪ੍ਰਕਾਸ਼ਕ : ਰਵੀ ਸਾਹਿਤ ਪ੍ਰਕਾਸ਼ਤ
ਮੁੱਲ : ੨੫੦ ਰੁਪਏ,
ਸਫੇ : ੧੯੮

ਹੱਥਲੀ ਪੁਸਤਕ ਲੇਖਕ ਦੀ ਲਗਾਤਾਰ ਲੰਮੀ ਮਿਹਨਤ, ਅਡੋਲ ਸਿਰੜ ਤੇ ਦੀਰਘ ਸਬਰ ਦੀ ਉਪਜ ਹੈ। ਉਸ ਨੇ ਨਿੱਠ ਕੇ ਕਈ ਵਰ੍ਹੇ ਲੋੜੀਂਦੀ ਸਾਮਗਰੀ ਵੱਖ-ਵੱਖ ਸੋਮਿਆਂ ਤੋਂ ਇਕੱਤਰ ਕਰਨ ਵਾਸਤੇ ਜੁਟਾਏ, ਅਤੇ ਫਿਰ ਇਸ ਨੂੰ ਸੁਚੱਜੀ ਤਰਤੀਬ ਦੇ ਕੇ ਪੰਜਾਬੀ ਸਾਹਿਤ ਦੇ ਵਿਦਿਆਰਥੀਆਂ, ਖੋਜਾਰਥੀਆਂ ਤੇ ਅਧਿਆਪਕਾਂ ਵਾਸਤੇ ਪੁਸਤਕ ਰੂਪ ਵਿਚ ਪੇਸ਼ ਕੀਤਾ ਹੈ। ਇਸ ਰਚਨਾ ਦਾ ਬਹੁਤਾ ਭਾਗ (ਪਹਿਲੇ ੨੪ ਕੁ ਸਫ਼ੇ ਛਡ ਕੇ ਬਾਕੀ ਦੇ ੧੭੪) ਉਨ੍ਹਾਂ ਖੋਜ-ਪ੍ਰਬੰਧਾਂ (ਥੀਸਿਸ) ਦੇ- (ਖੋਜਾਰਥੀ ਦੇ ਨਾਮ, ਖੋਜ-ਪ੍ਰਬੰਧ ਦੇ ਸ਼ੀਸ਼ਕ, ਸੰਬੰਧਿਤ ਯੂਨੀਵਰਸਿਟੀ ਦੇ ਨਾਮ ਤੇ ਸੰਨ ਸਮੇਤ)- ਵੇਰਵੇ ਨੇ ਮਲਿਆ ਹੋਇਆ ਹੈ, ਜੋ ਵੱਖ-ਵੱਖ ਖੋਜਾਰਥੀਆਂ ਨੇ ਪੀ. ਐਚ. ਡੀ. ਦੀ ਡਿਗਰੀ ਹਾਸਲ ਕਰਨ ਲਈ ਪੇਸ਼ ਕੀਤੇ। ਉਸ ਨੇ ਸੰਨ ੨੦੦੮ ਦੀ ਪਹਿਲੀ ਤਿਮਾਹੀ ਤੱਕ ਪ੍ਰਕਾਸ਼ਿਤ ਹੋਏ ਲਗਭਗ ੧੪੦੦ ਖੋਜ-ਪ੍ਰਬੰਧਾਂ ਦੀ ਤਫ਼ਸੀਲ ਦਿੱਤੀ ਹੈ, ਜਿਸ ਵਿਚ ਪਾਕਿਸਤਾਨ ਤੇ ਕੁਝ ਇਕ ਹੋਰ ਦੇਸ਼ਾਂ ਵਿਚ ਹੋਇਆ ਕੰਮ ਵੀ ਸ਼ਾਮਲ ਹੈ। ਪੰਜਾਬੀ ਸਾਹਿਤ ਤੇ ਸਭਿਆਚਾਰ ਸੰਬੰਧੀ ਹੋਈ ਖੋਜ ਨੂੰ ਇਕ ਥਾਂ ਸੰਚਿਤ ਕਰਨ ਬਦੌਲਤ ਡਾ. ਧਰਮ ਸਿੰਘ ਇਸ ਮਹੱਤਵਪੂਰਨ ਤੇ ਸਾਰਥਕ ਕਾਰਜ ਸਦਕਾ ਪ੍ਰਸੰਸਾ ਦਾ ਪਾਤਰ ਹੈ, ਜੋ ਪੰਜਾਬੀ ਸਾਹਿਤ ਦੇ ਅਧਿਅਨ ਤੇ ਅਧਿਆਪਨ ਵਾਸਤੇ ਬਹੁਤ ਲਾਹੇਵੰਦ ਸਾਬਤ ਹੋਵੇਗਾ।

ਪੁਸਤਕ ਦੇ ਮੁੱਢ ਵਿਚ ਲੇਖਕ ਵੱਲੋਂ ਲਿਖੇ ਦੋ ਕਾਂਡ ਖ਼ਾਸ ਧਿਆਨ ਮੰਗਦੇ ਹਨ : ਇਕ 'ਪੰਜਾਬੀ ਖੋਜ ਦਾ ਮਹਾਂਦ੍ਰਿਸ਼' ਅਤੇ ਦੂਜਾ 'ਬੋਲਣ ਦੀ ਨਹੀਂ ਜਾ ਵੇ ਅੜਿਆ'। ਪਹਿਲੇ ਵਿਚ ਉਸ ਨੇ ਪੰਜਾਬੀ ਭਾਸ਼ਾ ਤੇ ਸਾਹਿਤ ਬਾਰੇ ਖੋਜ ਦੇ ਆਰੰਭ ਤੇ ਫੈਲਾਅ ਦਾ ਜ਼ਿਕਰ ਕੀਤਾ ਹੈ। ਉਨ੍ਹੀਵੀਂ ਸਦੀ ਦੇ ਪਿਛਲੇ ਅੱਧ ਵਿਚ ਇਸ ਪਾਸੇ ਅੰਗਰੇਜ਼ ਵਿਦਵਾਨਾਂ-ਅਰਨੈਸਟ ਟਰੰਪ, ਲਾਈਟਨਰ, ਗ੍ਰੀਅਰਸਨ ਤੇ ਸਰ ਰਿਚਰਡ ਟੈਂਪਲ ਆਦਿ-ਨੇ ਨਿੱਗਰ ਕਦਮ ਪੁਟੇ, ਜੋ ਅਗੋਂ ੨੦ਵੀਂ ਸਦੀ ਵਿਚ ਔਨ, ਜੈਰਲਡ ਬੈਰੀਅਰ, ਕ੍ਰਿਸਟੋਫਰ ਸ਼ੈਕਲ ਤੇ ਡਬਲਿਊ. ਐੱਚ. ਮੈਕਲੋਡ ਦਵਾਰਾ ਚੋਖਾ ਅੱਗੇ ਵਧੇ।

ਅਸਲ ਵਿਚ ਪੰਜਾਬੀ ਖੋਜ ਦਾ ਕੰਮ ਹਿੰਦੋਸਤਾਨ ਵਿਚ ਹੋਇਆ ਅਤੇ ਉਹ ਵੀ ਬਹੁਤਾ ਕਰ ਕੇ ਦੇਸ਼ ਦੀ ਵੰਡ ਪਿਛੋਂ ਹੀ, ਜੋ ਸਹਿਜੇ-ਸਹਿਜੇ ਜ਼ੋਰ ਫੜਦਾ ਹੁਣ ਸਿਖਰਾਂ ਛੂਹ ਰਿਹਾ ਹੈ। ਏਥੇ ਮੈਂ ਗੁਣਵੱਤਾ ਦੀ ਗੱਲ ਨਹੀਂ ਕਰ ਰਿਹਾ। ਸੰਨ ੧੯੪੭ ਪਿਛੋਂ ਪੰਜਾਬ (ਪੂਰਬੀ ਪੰਜਾਬ) ਵਿਚ ਪੰਜਾਬੀ ਸਾਹਿਤ ਦਾ ਅਧਿਆਪਨ ਉਚੇਰੀਆਂ ਕਲਾਸਾਂ ਵਿਚ ਕਰਵਾਇਆ ਜਾਣ ਲਗਾ। ਸੰਨ ੧੯੪੯ ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਤੇ ਮਹਿੰਦਰਾ ਕਾਲਜ ਪਟਿਆਲਾ ਵਿਚ ਅਤੇ ਸੰਨ ੧੯੫੦ ਵਿਚ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਵਿਚ ਪੰਜਾਬੀ ਐਮ.ਏ. ਆਰੰਭ ਹੋ ਗਈ, ਜਿਸ ਦੇ ਫਲਸਰੂਪ ਲੋੜ ਨੂੰ ਮੁਖ ਰਖਦਿਆਂ ਪੰਜਾਬੀ ਵਿਚ ਖੋਜ ਤੇ ਆਲੋਚਨਾ ਦਾ ਕਾਰਜ ਵੀ ਸਾਲ-ਬਸਾਲ ਜ਼ੋਰ ਫੜਦਾ ਗਿਆ; ਠੀਕ ਹੀ ਕਹਿੰਦੇ ਹਨ: ਜ਼ਰੂਰਤ ਈਜਾਦ ਦੀ ਮਾਂ ਹੈ। ਐਮ. ਏ. ਪੰਜਾਬੀ ਕੋਰਸ ਵਿਚ ਖੋਜ-ਨਿਬੰਧ (dissertation) ਦੀ ਵਿਵਸਥਾ ਨੇ ਇਸ ਨੂੰ ਹੋਰ ਉਤਸ਼ਾਹ ਦਿੱਤਾ। ਇਸ ਪਿੱਛੋਂ ਵਕਤ ਦੀ ਨਜ਼ਾਕਤ ਨੂੰ ਪਛਾਣਦਿਆਂ ਪੰਜਾਬੀ ਦੇ ਉਚੇਰੇ ਅਧਿਆਪਨ-ਖੇਤਰ ਵਿਚ ਸ਼ਾਮਲ ਹੋਣ ਤੇ ਰੋਜ਼ਗਾਰ ਪ੍ਰਾਪਤੀ ਨੂੰ ਮੁਖ ਰੱਖ ਕੇ ਪੀ. ਐਚ. ਡੀ. ਦੀ ਡਿਗਰੀ ਹਾਸਲ ਕਰਨ ਹਿਤ ਖੋਜ-ਪ੍ਰਬੰਧ ਲਿਖੇ ਜਾਣ ਲੱਗੇ। ਇਹ ਸਿਲਸਿਲਾ ਹੁਣ ਤੱਕ ਜਾਰੀ ਹੈ।

ਦੂਜੇ ਕਾਂਡ 'ਬੋਲਣ ਦੀ ਨਹੀਂ ਜਾ ਵੇ ਅੜਿਆ' ਵਿਚ ਡਾ. ਧਰਮ ਸਿੰਘ ਨੇ ਪੰਜਾਬੀ ਖੋਜਕਾਰੀ ਵਿਚ ਕੁਝ ਸਮੇਂ ਤੋਂ ਆ ਵੜੇ ਨਿਘਾਰ ਤੇ ਭ੍ਰਿਸ਼ਟਾਚਾਰ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਹੈ। ਉਸ ਨੇ ਦੋ ਅਜੇਹੇ ਖੋਜ-ਪ੍ਰਬੰਧਾਂ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਦੇ ਸ਼ੀਸ਼ਨ ਹੂ-ਬਹੂ ਮਿਲਦੇ ਹਨ, ਅਤੇ ਤਿੰਨ ਅਜੇਹੇ ਖੋਜ-ਪ੍ਰਬੰਧਾਂ ਦਾ ਜਿਨ੍ਹਾਂ ਦੇ ਸ਼ੀਸ਼ਕਾਂ ਵਿਚ ਨਾਂਮਾਤਰ ਅੰਤਰ ਹੈ, ਉਹ ਵੀ ਸਮਝੋ ਮਿਲਦੇ ਹੀ ਹਨ। ਹੈ ਨਾ ਮੌਜ! ਨਾ ਮੌਕੇ ਉਤੇ ਕੋਈ ਪਕੜ-ਧਕੜ ਅਤੇ ਨਾ ਹੀ ਕੋਈ ਮੌਕੇ ਦਾ ਗੁਆਹ। ਮੇਰੇ ਆਪਣੇ ਅਧਿਆਪਨ-ਕਾਲ (੧੯੫੭ ਤੋਂ ੧੯੭੫ ਤੱਕ) ਐਮ. ਏ. ਪੰਜਾਬੀ ਪ੍ਰੀਖਿਆ ਵਿਚ ਉੱਤਰ-ਕਾਪੀਆਂ ਨੂੰ ਖ਼ਾਸ ਨਿਸ਼ਾਨੀਆਂ ਨਾਲ ਲਭ ਕੇ ਦੋ-ਚਾਰ ਅੰਕ ਵਧਾਉਣ ਦੀ ਚਰਚਾ ਤਾਂ ਸੁਣੀ-ਸੁਣਾਈ ਜਾਂਦੀ ਸੀ; ਪਰ ਇਹ ਦੁਰਦਸ਼ਾ ਨਹੀਂ ਸੀ ਹੋਈ, ਜਿਸ ਦਾ ਜ਼ਿਕਰ ਇਸ ਪੁਸਤਕ ਦੇ ਲੇਖਕ ਨੇ ਕੀਤਾ ਹੈ। ਇਸ ਦਾ ਇਹ ਮਤਲਬ ਕਢਣਾ ਕਦਾਚਿਤ ਠੀਕ ਨਹੀਂ ਹੋਵੇਗਾ ਕਿ ਇਕ ਵੰਢਿਓਂ ਸਾਰੇ ਹੀ ਬੁਰੇ ਹਨ; ਪਰ ਇਹ ਵੀ ਚੇਤੇ ਰਖਣਾ ਚਾਹੀਦਾ ਹੈ ਕਿ ਜਲ ਗੰਦਾ ਕਰਨ ਲਈ ਇਕ ਮੱਛੀ ਹੀ ਕਾਫ਼ੀ ਹੁੰਦੀ ਹੈ। ਮੁਕਦੀ ਗੱਲ, ਡਾ. ਧਰਮ ਸਿੰਘ ਨੇ ਹੌਸਲਾ ਕਰ ਕੇ ਸੱਚ ਆਖ ਦਿੱਤਾ ਹੈ। ਫਿਰ ਭਾਂਬੜ ਤਾਂ ਮਚ ਹੀ ਜਾਣਾ ਹੋਇਆ: 'ਸੱਚ ਕਹਾਂ ਤਾਂ ਭਾਂਬੜ ਮਚਦਾ ਹੈ' (ਬੁੱਲ੍ਹੇਸ਼ਾਹ)।

ਮੈਂ ਡਾ. ਧਰਮ ਸਿੰਘ ਦਾ ਧੰਨਵਾਦੀ ਹਾਂ, ਜਿਸ ਨੇ ਸਾਨੂੰ ਸੁੱਤਿਆਂ ਨੂੰ ਜਗਾਇਆ ਹੈ। ਯੂਨੀਵਰਸਿਟੀਆਂ ਨੂੰ ਇਹ ਲਾਅਨਤ ਖ਼ਤਮ ਕਰਨ ਲਈ ਲੋੜੀਂਦੇ ਕਦਮ ਤੁਰੰਤ ਪੁਟਣ ਦੀ ਲੋੜ ਹੈ। ਸ਼ਾਇਦ ਯੂ. ਜੀ. ਸੀ. ਨੇ ਪੀ. ਐਚ. ਡੀ. ਵਾਸਤੇ ਰਜਿਸਟਰੇਸ਼ਨ ਉਤੇ ਕੋਈ ਕੁੰਡਾ ਲਾਇਆ ਵੀ ਹੈ। ਧਰਮ ਸਿੰਘ ਨੇ ਤਾਂ ਧਰਮ ਨਿਭਾ ਦਿੱਤਾ ਹੈ, ਦੇਖੋ, ਹੁਣ ਅਸੀਂ ਕੀ ਕਰਦੇ ਹਾਂ? ਘਟੋ-ਘਟ ਆਪਣੇ ਅੰਦਰ ਤਾਂ ਝਾਤ ਮਾਰ ਹੀ ਲਾਈਏ!

—ਮੋਹਨ ਸਿੰਘ ਸੰਧਲ
ਸਾਬਕਾ ਰਜਿਸਟਰਾਰ ਜੀ. ਐਨ. ਡੀ. ਯੂ.
ਫ਼ੋਨ- ੦੧੯੧-੨੨੨੨੭੯੯

ਆਪਣੀ ਆਪਣੀ ਉਡਾਨ

—ਭੁਪਿੰਦਰ ਉਸਤਾਦ

ਗਲੀ ਗੁਆਂਢ ਨੂੰ ਇਸ ਗੱਲ ਦਾ ਪਤਾ ਲੱਗ ਗਿਆ ਸੀ ਕਿ ਹਰਜਿੰਦਰ ਅਤੇ ਉਸਦੇ ਘਰ ਵਾਲਿਆਂ ਨੂੰ, ਹਰਜਿੰਦਰ ਵਾਸਤੇ ਕੁੜੀ ਪਸੰਦ ਆ ਗਈ ਹੈ। ਇਹ ਵੀ ਉਨ੍ਹਾਂ ਨੇ ਜਾਣ ਲਿਆ ਸੀ ਕਿ ਕੁੜੀ ਕਿਸੇ ਅਮੀਰ ਘਰ ਦੀ ਪੜੀ, ਲਿਖੀ ਤੇ ਚੰਗੀ ਨੌਕਰੀ ਉਤੇ ਲੱਗੀ ਹੋਈ ਹੈ। ਬਰਾਤੇ ਜਾਣ ਵਾਲੇ ਸੱਜਣ ਮਿੱਤਰ ਹੁਣ ਇਸ ਉਡੀਕ ਵਿਚ ਸਨ ਕਿ ਹਰਜਿੰਦਰ ਹੁਰਾਂ ਦੇ ਘਰ ਕਿੰਨੀ ਜਲਦੀ ਸ਼ਹਿਨਾਈਆਂ ਵੱਜਣਗੀਆਂ।

ਹਰਜਿੰਦਰ ਪੜਿਆ ਲਿਖਿਆ ਐਮ.ਏ. ਪਾਸ ਸਮਾਰਟ ਅਤੇ ਵਿਆਹ ਦੇ ਕਾਬਲ ਮੁੰਡਾ ਸੀ। ਪਰ ਐਮ. ਏ. ਕਰਨ ਤੋਂ ਬਾਅਦ ਵੀ ਉਸ ਨੂੰ ਕੋਈ ਚੰਗੀ ਨੌਕਰੀ ਨਹੀਂ ਸੀ ਮਿਲ ਸਕੀ। ਜਦ ਚੰਗੀ ਨੌਕਰੀ ਦੀ ਭਾਲ ਵਿਚ ਦੋ ਸਾਲ ਲੰਘ ਗਏ ਤਾਂ ਉਸਨੇ ਘਰ ਦੇ ਹਾਲਾਤ ਜਾਣਦਿਆਂ ਵਿਹਲੇ ਰਹਿਣ ਨਾਲੋਂ ਕੋਈ ਛੋਟੀ ਮੋਟੀ ਨੌਕਰੀ ਕਰਨ ਨੂੰ ਤਰਜੀਹ ਦਿੱਤੀ। ਨੌਕਰੀ ਭਾਵੇਂ ਛੋਟੀ ਹੀ ਸੀ ਤੇ ਘਰ ਦੀ ਹਾਲਤ ਵੀ ਪਤਲੀ, ਪਰ ਉਨਾਂ ਸਭਨਾਂ ਦੇ ਸੁਪਨੇ ਬਹੁਤ ਉੱਚੇ ਸਨ। ਪਰ ਵਕਤ ਉਨਾਂ ਨੂੰ ਐਡੀ ਉੱਚੀ ਉਡਾਰੀ ਨਹੀਂ ਸੀ ਮਾਰਨ ਦਿੰਦਾ। ਚੰਗੀ ਨੌਕਰੀ ਦੀ ਉਮੀਦ 'ਚ ਹੀ ਹਰਜਿੰਦਰ ਦੀ ਉਮਰ ੩੫ ਸਾਲਾ ਦੀ ਹੋ ਗਈ ਸੀ। ਹੁਣ ਤਾਂ ਲੋਕ ਇਹ ਸਮਝ ਕੇ "ਇਨਾਂ ਦਾ ਨੱਕ ਬਹੁਤ ਉੱਚਾ ਹੈ।" ਇਨਾਂ ਦੀ ਪੁੱਛ ਪੜਤਾਲ ਕਰਨੋਂ ਵੀ ਹੱਟ ਗਏ ਸਨ।

ਹਰਜਿੰਦਰ ਹੁਰਾਂ ਨੇ ਕਈ ਕੁੜੀਆਂ ਦੇਖੀਆਂ ਸਨ। ਉਹ ਪੜ੍ਹੀਆ ਤਾਂ ਭਾਵੇਂ ਹਰਜਿੰਦਰ ਜਿੰਨੀਆਂ ਹੀ ਹੁੰਦੀਆਂ, ਪਰ ਹਰਜਿੰਦਰ ਅਤੇ ਉਸਦੇ ਮਾਪੇ, ਉਨ੍ਹਾਂ ਵਿਚ ਕੋਈ ਨਾਂ ਕੋਈ ਨੁਕਸ ਕੱਢ ਹੀ ਦਿੰਦੇ। ਇਸ ਤਰਾਂ ਕੋਈ ਗੱਲ ਵੀ ਸਿਰੇ ਨਾ ਚੜਦੀ। ਅਸਲ ਵਿਚ ਹਰਜਿੰਦਰ ਹੁਰਾਂ ਦੀ ਸੋਚ ਵੱਡੀ ਸੀ।

ਕੁੜੀ ਸੋਹਣੀ ਵੀ ਹੋਵੇ
ਬਰਾਬਰ ਪੜ੍ਹੀ ਲਿਖੀ ਵੀ ਹੋਵੇ
ਨਾਲ ਚੰਗੀ ਨੌਕਰੀ ਤੇ ਵੀ ਲੱਗੀ ਹੋਵੇ।
ਘਰੋਂ ਅਮੀਰ ਹੋਵੇ ਤਾਂ ਸੋਨੇ ਤੇ ਸੁਹਾਗਾ।

ਉਹ ਇਸ ਗੱਲ ਨੂੰ ਤਾਂ ਭੁੱਲ ਹੀ ਜਾਂਦੇ ਕਿ ਹਰਜਿੰਦਰ ਆਪ ਕਿੰਨੇ ਪਾਣੀ 'ਚ ਹੈ ਤੇ ਉਨਾਂ ਦੇ ਘਰ ਦਾ ਮਿਆਰ ਕੀ ਹੈ। ਹਰਜਿੰਦਰ ਆਪ ਤਾਂ ਨੌਕਰੀ ਪੱਖੋਂ ਠਨ ਠਨ ਗੁਪਾਲ ਹੀ ਸੀ ਤੇ ਘਰ ....। ਖੈਰ ਦੇਖਦਿਆਂ ਭਾਲਦਿਆਂ ਉਨਾਂ ਨੂੰ ਇਕ ਕੁੜੀ ਜੱਸੀ ਦੇ ਰੂਪ ਵਿਚ ਮਿਲ ਹੀ ਗਈ। ਜੱਸੀ ਹਰਜਿੰਦਰ ਦੇ ਬਰਾਬਰ ਪੜੀ ਲਿਖੀ ਚੰਗੇ ਘਰ ਦੀ ਸਮਾਰਟ ਕੁੜੀ ਸੀ। ਹਰਜਿੰਦਰ ਹੁਰਾਂ ਹਾਂ ਕਹਿਣ ਨੂੰ ਦੇਰ ਨਾ ਕੀਤੀ।

ਜੱਸੀ ਨੇ ਵਿਚੋਲੇ ਕੋਲ ਸੁਨੇਹਾ ਘਲਿਆ ਕਿ ਉਹ ਇਕ ਵਾਰ ਹਰਜਿੰਦਰ ਨੂੰ ਇਕੱਲਿਆ ਮਿਲਣਾ ਚਾਹੁੰਦੀ ਹੈ। ਹਰਜਿੰਦਰ ਨੂੰ ਇਸ ਵਿਚ ਕੀ ਇਤਰਾਜ਼ ਹੋ ਸਕਦਾ ਸੀ। ਉਸ ਨੇ ਵਿਚੋਲੇ ਨੂੰ ਹਾਂ ਕਹਿ ਦਿੱਤੀ ਤੇ ਮਿਲਣ ਵਾਸਤੇ ਤਿਆਰ ਹੋ ਗਿਆ। ਜੱਸੀ ਨੇ ਹਰਜਿੰਦਰ ਨੂੰ ਐਤਵਾਰ ਦਸ ਵਜੇ ਨਵੇਂ ਖੁੱਲੇ ਹੋਟਲ ਰੈਡੀਸਨ ਵਿਚ ਮਿਲਣ ਦੀ ਫਰਮਾਇਸ਼ ਕੀਤੀ ਸੀ।

ਹਰਜਿੰਦਰ ਪੁੱਛ ਪੁਛਾ ਕੇ ਸਮੇਂ ਨਾਲ ਉਥੇ ਪਹੁੰਚ ਤਾਂ ਗਿਆ ਪਰ ਮਿਲਣੀ ਦੀ ਖੁਸ਼ੀ ਦਾ ਕੋਈ ਨਿਸ਼ਾਨ ਉਸਦੇ ਚਿਹਰੇ ਉੱਤੇ ਦਿਸ ਨਹੀਂ ਸੀ ਰਿਹਾ, ਬਲਕਿ ਖਰਚੇ ਦੀ ਘਬਰਾਹਟ ਉਸ ਵਿਚ ਸਾਫ ਦਿਸ ਰਹੀ ਸੀ। ਟਾਇਮ ਸਿਰ ਜੱਸੀ ਵੀ ਪਹੁੰਚ ਗਈ। ਉਸਨੇ ਹਰਜਿੰਦਰ ਅੱਗੇ ਚਾਹ ਪੀਣ ਦਾ ਪ੍ਰਸਤਾਵ ਰੱਖਿਆ। ਹਰਜਿੰਦਰ ਅਨਮਨੇ ਮਨ ਨਾਲ, ਜੱਸੀ ਮਗਰ ਹੋ ਤੁਰਿਆ। ਅੰਦਰ ਹਾਲ ਵਿਚ ਜਾ ਕੇ ਜੱਸੀ ਨੇ ਇਕ ਟੇਬਲ ਨਾਲ ਪਈ ਕੁਰਸੀ ਉੱਤੇ ਬੈਠਣ ਲਈ ਹਰਜਿੰਦਰ ਨੂੰ ਇਸ਼ਾਰਾ ਕੀਤਾ, ਤੇ ਆਪ ਵੀ ਸਾਹਮਣੇ ਵਾਲੀ ਕੁਰਸੀ ਤੇ ਬੈਠ ਕੇ ਮੀਨੂ ਦੇਖਣ ਲੱਗ ਪਈ। ਐਨੇ ਨੂੰ ਵੇਟਰ ਨੇ ਦੋ ਗਿਲਾਸ ਪਾਣੀ ਦੇ ਲਿਆ ਕੇ ਉਨਾਂ ਅੱਗੇ ਟੇਬਲ ਤੇ ਰੱਖ ਦਿੱਤੇ। ਜੱਸੀ ਨੇ ਮੀਨੂੰ ਦੇਖਦਿਆਂ ਦੋ ਕੱਪ ਕੌਫੀ ਤੇ ਕੁਝ ਸਨੈਕ ਲਿਆਉਣ ਦਾ ਆਰਡਰ ਦਿੱਤਾ। ਹਰਜਿੰਦਰ ਡੌਰ ਭੌਰ ਹੋਇਆ ਸਭ ਦੇਖਦਾ ਰਹਿ ਗਿਆ। ਕਿਉਂਕਿ ਉਹ ਤਾਂ ਛੋਟੇ ਮੋਟੇ ਢਾਬਿਆਂ ਵਿਚ ਹੀ ਚਾਹ ਪੀਣ ਜਾਂ ਰੋਟੀ ਖਾਣ ਜੋਗਾ ਸੀ। ਉਹ ਤਾਂ ਪਹਿਲੀ ਵਾਰ ਹੀ ਅਜਿਹੇ ਹੋਟਲ ਵਿਚ ਮਜਬੂਰੀ ਵੱਸ ਗਿਆ ਸੀ ਤੇ ਇੱਥੇ ਆਉਣਾ ਉਸਦੀ ਹੈਸੀਅਤ ਤੋਂ ਬਾਹਰ ਸੀ। ਉਸ ਦੇ ਤਾਂ ਚਿਤ ਚੇਤੇ ਵੀ ਨਹੀਂ ਸੀ ਕਿ ਅਚਾਨਕ ਉਹ ਅਜਿਹੀ ਕੁੜਿੱਕੀ 'ਚ ਫਸ ਜਾਏਗਾ। ਘਬਰਾਹਟ ਵਿਚ ਉਸ ਤੋਂ ਜੱਸੀ ਨਾਲ ਠੀਕ ਤਰਾਂ ਗੱਲ ਵੀ ਨਹੀਂ ਸੀ ਹੋ ਰਹੀ। ਜੱਸੀ ਦੀ ਚਾਲ ਢਾਲ ਤੇ ਗੱਲ ਕਰਨ ਦੇ ਅੰਦਾਜ਼ ਨੇ ਉਸਨੂੰ ਬਿਲਕੁਲ ਨਰਵਸ ਕਰ ਦਿੱਤਾ ਸੀ।

ਜਦੋਂ ਕੌਫੀ ਪੀ ਹਟੇ ਤੇ ਜੱਸੀ ਨੇ ਵੇਟਰ ਨੂੰ ਬਿਲ ਲਿਆਉਣ ਵਾਸਤੇ ਇਸ਼ਾਰਾ ਕੀਤਾ। ਮੁੜਦੇ ਪੈਰੀਂ ਵੇਟਰ ਨੇ ਇਕ ਜਿਲਦ ਲਿਆ ਕੇ ਜੱਸੀ ਅੱਗੇ ਰੱਖ ਦਿੱਤੀ। ਹਰਜਿੰਦਰ ਉਸ ਵਲ ਦੇਖਦਾ ਰਹਿ ਗਿਆ। ਜੱਸੀ ਨੇ ਇਕ ਮਿੰਟ ਉਸ ਵਲ ਦੇਖਿਆ ਤੇ ਜਿਲਦ ਚੁੱਕ ਉਸ ਨੂੰ ਖੋਲਿਆ ਪੈਸੇ ਦੇਖੇ ਕਿੰਨੇ ਲਿਖੇ ਸਨ। ਫਿਰ ਉਸਨੇ ਆਪਣੇ ਪਰਸ ਵਿਚੋਂ ਪੰਜ ਸੌ ਦਾ ਨੋਟ ਕੱਢ ਕੇ ਜਿਲਦ ਵਿਚ ਰੱਖ ਕੇ ਵੇਟਰ ਨੂੰ ਦੇ ਦਿੱਤੀ। ਵੇਟਰ ਨੇ ਦੋ ਮਿੰਟਾਂ 'ਚ ਵਾਪਸੀ ਕੀਤੀ ਤੇ ਬਿਲ ਬੁੱਕ ਜੱਸੀ ਅੱਗੇ ਰੱਖ ਦਿੱਤੀ। ਜੱਸੀ ਨੇ ਫਿਰ ਉਸ ਨੂੰ ਖੋਲਿਆ ਤੇ ਉਸ ਵਿਚੋਂ ਸੌ ਸੌ ਦੇ ਦੋ ਨੋਟ ਚੱਕ ਲਏ ਤੇ ਬਾਕੀ ਜੋ ਦਸਾਂ ਵੀਹਾਂ ਦੇ ਨੋਟ ਸਨ ਉਹ ਵਿਚੇ ਰੱਖ ਕੇ ਬਿਲ ਬੁੱਕ ਵੇਟਰ ਵਲ ਕਰ ਦਿੱਤੀ।

ਸਲਾਮ ਮੇਮ ਸਾਬ੍ਹ! ਕਹਿਕੇ ਵੇਟਰ ਨੇ ਸਲੂਟ ਮਾਰਿਆ ਤੇ ਬਿਲ ਬੁੱਕ ਲੈ ਕੇ ਚਲੇ ਗਿਆ। ਪਰ ਹਰਜਿੰਦਰ ਨੂੰ ਤਾਂ ਠੰਡ 'ਚ

ਹੀ ਪਸੀਨਾ ਆ ਗਿਆ। ਜੱਸੀ ਉਠ ਕੇ ਤੁਰ ਪਈ ਤੇ ਹਰਜਿੰਦਰ ਵੀ ਪਿੱਛੇ ਪਿੱਛੇ ਤੁਰ ਪਿਆ।

ਹੋਟਲ ਤੋਂ ਬਾਹਰ ਆ ਕੇ ਜੱਸੀ ਨੇ ਹਰਜਿੰਦਰ ਨੂੰ ਉਸਦੇ ਘਰ ਜਾ ਕੇ, ਉਸ ਦੀ ਮਾਤਾ ਨੂੰ ਮਿਲਣ ਦੀ ਖਾਹਸ਼ ਜ਼ਾਹਰ ਕੀਤੀ। ਹਰਜਿੰਦਰ ਨੇ ਦੂਰ ਜਾਂਦੇ ਇਕ ਰਿਕਸ਼ਾਂ ਵਾਲੇ ਨੂੰ ਆਵਾਜ਼ ਦਿੱਤੀ। ਇਸ ਤੋਂ ਪਹਿਲਾਂ ਕਿ ਰਿਕਸ਼ਾਵਾਲਾ ਉਨਾਂ ਤੱਕ ਪਹੁੰਚਦਾ, ਇਕ ਆਟੋ ਰਿਕਸ਼ਾ ਉਨਾਂ ਅੱਗੇ ਆਣ ਖਲੋਇਆ। ਜੱਸੀ ਉਸ ਵਿਚ ਬੈਠ ਗਈ, ਹਰਜਿੰਦਰ ਨੂੰ ਵੀ ਮਜਬੂਰੀ ਆਟੋ ਵਿਚ ਬਹਿਣਾ ਪਿਆ।

ਗਲੀ ਦੀ ਇਕ ਨੁੱਕਰ ਉੱਤੇ ਜਾ ਕੇ ਹਰਜਿੰਦਰ ਨੇ ਆਟੋ ਵਾਲੇ ਨੂੰ ਰੁਕਣ ਲਈ ਕਿਹਾ। ਆਟੋ ਰੁਕਿਆ ਤਾਂ ਦੋਵੇਂ ਉਤਰ ਗਏ। ਹਰਜਿੰਦਰ ਨੇ ਆਟੋ ਵਾਲੇ ਨੂੰ ਪੈਸੇ ਦਿੱਤੇ ਤੇ ਜੱਸੀ ਦੇ ਅੱਗੇ ਅੱਗੇ ਤੁਰ ਪਿਆ। ਸਾਰੀ ਗਲੀ 'ਚ ਆਮ ਜਿਹੇ ਮਕਾਨ ਸਨ ਦੋ ਦੋ ਤਿੰਨ ਤਿੰਨ ਕਮਰਿਆਂ ਵਾਲੇ। ਗਲੀ ਦੇ ਤਿੰਨ ਚਾਰ ਘਰ ਛੱਡ ਕੇ ਹਰਜਿੰਦਰ ਨੇ ਇਕ ਘਰ ਦਾ ਦਰਵਾਜ਼ਾ ਹੌਲੀ ਜਿਹੀ ਖੋਲ੍ਹਿਆ ਤੇ ਜੱਸੀ ਨੂੰ ਅੰਦਰ ਆਉਣ ਲਈ ਕਿਹਾ।

ਦੋਵੇਂ ਅੰਦਰ ਲੰਘ ਗਏ। ਇਹ ਢਾਈ ਕੁ ਕਮਰਿਆਂ ਨਾਲ ਰਸੋਈ ਤੇ ਬਾਥਰੂਮ ਵਾਲਾ ਘਰ ਸੀ। ਦੋਹਾਂ ਕਮਰਿਆਂ ਵਿਚ ਦੋ ਦੋ ਬੈੱਡ ਲੱਗੇ ਹੋਏ ਸਨ, ਇਕ ਕਮਰਾ ਜੋ ਬਰਾਂਡੇ ਵਿਚ ਪੜਦਾ ਕਰਕੇ ਬਣਾਇਆ ਹੋਇਆ ਸੀ, ਉਸ ਨੂੰ ਦਰਵਾਜ਼ਾ ਨਹੀਂ ਸੀ। ਉਸ ਵਿਚ ਵੀ ਇਕ ਬੈੱਡ ਲੱਗਾ ਹੋਇਆ ਸੀ। ਤੇ ਬਰਾਂਡੇ ਦੇ ਬਾਹਰਲੇ ਹਿੱਸੇ ਵਿਚ ਤਿੰਨ ਕੁਰਸੀਆਂ ਤੇ ਇਕ ਮੇਜ ਪਿਆ ਸੀ ਹਰਜਿੰਦਰ ਦੀ ਮਾਂ ਪਿਛਲੇ ਅੰਦਰ ਬੈਠੀ ਕੋਈ ਕਪੜਾ ਸੀਊ ਰਹੀ ਸੀ। ਹਰਜਿੰਦਰ ਨੇ ਉਸ ਨੂੰ ਬੁਲਾ ਕੇ ਉਸ ਦਾ ਧਿਆਨ ਆਪਣੇ ਵੱਲ ਕਰਾਇਆ।

ਹਰਜਿੰਦਰ ਦੀ ਮਾਂ ਨੂੰ ਤਾਂ ਜੱਸੀ ਵਲ ਦੇਖ ਕੇ ਚਾਅ ਚੜ੍ਹ ਗਿਆ। ਉਸਨੇ ਇਕ ਕੁਰਸੀ ਤੋਂ ਕੱਪੜੇ ਚੁੱਕਦਿਆਂ ਜੱਸੀ ਨੂੰ ਬੈਠਣ ਲਈ ਕਿਹਾ। ਜੱਸੀ ਨੇ ਕੁਰਸੀ ਉੱਤੇ ਬੈਠਦਿਆਂ ਆਲੇ ਦੁਆਲੇ ਇਕ ਘੋਖ ਵੀ ਨਜ਼ਰ ਮਾਰੀ। ਹਰਜਿੰਦਰ ਦੀ ਮਾਂ ਨੇ ਜੱਸੀ ਨੂੰ ਪੁਛਿਆ

ਧੀਏ ਪਹਿਲਾਂ ਪਾਣੀ ਪੀਏਂਗੀ ਜਾਂ ਸੋਡਾ ਮੰਗਾਵਾਂ। ਉਸ ਦੇ ਲਹਿਜੇ ਵਿਚ ਬੜੀ ਅਪਣੱਤ ਸੀ।

ਨਹੀਂ ਮਾਂ ਜੀ, ਕੁਝ ਨਹੀਂ ਚਾਹੀਦਾ, ਅਸੀਂ ਹੁਣੇ ਕੌਫੀ ਪੀ ਕੇ ਆਏ ਹਾਂ। ਮੈਂ ਸੋਚਿਆ ਤੁਹਾਨੂੰ ਵੀ ਮਿਲਦੀ ਜਾਵਾਂ। ਜੱਸੀ ਨੇ ਬੜੇ ਪਿਆਰ ਨਾਲ ਜੁਆਬ ਦਿੱਤਾ।

ਪੁੱਤ ਕੌਫੀ ਕਿਥੋਂ ਪੀ ਆਏ? ਹਰਜਿੰਦਰ ਦੀ ਮਾਂ ਨੇ ਸੁਭਾਵਕ ਹੀ ਪੁੱਛ ਲਿਆ।

ਮਾਂ ਜੀ ਰੋਡੀ[illegible]। ਜੱਸੀ ਨੇ ਹਰਜਿੰਦਰ ਵਲ ਦੇਖਦਿਆਂ ਕਿਹਾ।

ਮਾਂ ਦੇ ਪੱਲੇ ਕੁਝ ਨਾ ਪਿਆ ਤੇ ਉਹ ਚੁੱਪ ਕਰ ਗਈ।

ਮਾਂ ਜੀ ਤੁਸੀਂ ਘਰ ਵਿਚ ਕਿੰਨੇ ਜੀਅ ਰਹਿੰਦੇ ਹੋ? ਜੱਸੀ ਵੱਲੋਂ ਅਚਾਨਕ ਸੁਆਲ ਆਇਆ।

ਸੁੱਖ ਨਾਲ ਪੰਜ ਜੀਅ ਹਾਂ! ਹਰਜਿੰਦਰ, ਛੋਟਾ ਮਹਿੰਦਰ, ਧੀ ਰਾਣੀ ਸੁੱਖੀ, ਇਨਾਂ ਦੇ ਬਾਪੂ ਜੀ ਤੇ ਮੈਂ। ਹਰਜਿੰਦਰ ਦੀ ਮਾਂ ਨੇ ਖੁਸ਼ੀ ਖੁਸ਼ੀ ਸਭ ਗਿਣਾ ਦਿੱਤੇ।

ਕਮਰੇ ਤਾਂ ਤੁਹਾਡੇ ਕੋਲ ਦੋ ਹੀ ਹਨ ਜਾਂ ਹੋਰ ਵੀ ਹੈ ਕੋਈ? ਜੱਸੀ ਦਾ ਅਗੋਂ ਸੁਆਲ ਸੀ।

ਹਾਂ ਧੀਏ ਕਮਰੇ ਤਾਂ ਦੋ ਹੀ ਹਨ, ਬਸ ਰਲ ਮਿਲ ਕੇ ਗੁਜ਼ਾਰਾ ਹੋਈ ਜਾਂਦਾ। ਹਰਜਿੰਦਰ ਦੀ ਮਾਂ ਨੇ ਬੁਣਿਆ ਜਿਹਾ ਜੁਆਬ ਦਿੱਤਾ।

ਫਿਰ ਮਾਂ ਜੀ ਤੁਸੀਂ ਬਰਾਬਰ ਦੀ ਪੜ੍ਹੀ ਤੇ ਚੰਗੀ ਨੌਕਰੀ ਕਰਦੀ ਨੂੰਹ ਨੂੰ ਕਿਹੜਾ ਕਮਰਾ ਦਿਉਗੇ?

ਜੱਸੀ ਦੀ ਗੱਲ ਸੁਣ ਕੇ ਮਾਂ ਪੁੱਤ ਦੋਵੇਂ ਇਕ ਦੂਜੇ ਦਾ ਮੂੰਹ ਦੇਖਣ ਲੱਗੇ।

ਮਾਂ ਜੀ ਤੁਸੀਂ ਤਾਂ ਸਿਆਣੇ ਸੀ, ਤੁਸੀਂ ਕੁਝ ਸਮਝਦਾਰੀ ਕਰਦੇ। ਤੁਸੀਂ ਸਾਰਿਆਂ ਨੇ ਅੰਬਾਲੇ ਵਾਲੀ ਕੁੜੀ ਨੂੰ ਇਸ ਕਰਕੇ ਰਿਜੈਕਟ ਕਰ ਦਿੱਤਾ ਸੀ ਕਿ ਨਾ ਤਾਂ ਉਸ ਕੋਲ ਚੰਗੀ ਨੌਕਰੀ ਸੀ ਤੇ ਨਾ ਹੀ ਉਨਾਂ ਦਾ ਘਰ ਚੰਗਾ ਸੀ। ਉਨਾਂ ਤਾਂ ਕੁੜੀ ਤੋਰਨੀ ਸੀ। ਉਨਾਂ ਦੇ ਛੋਟੇ ਵੱਡੇ ਘਰ ਨਾਲ ਤੁਹਾਨੂੰ ਕੀ ਮਤਲਬ। ਘਰ ਤਾਂ ਇਹ ਵੱਡਾ ਹੋਣਾ ਚਾਹੀਦਾ, ਜਿੱਥੇ ਕੁੜੀ ਨੇ ਆ ਕੇ ਸਦਾ ਰਹਿਣਾ ਹੈ।

ਹਾਂ......ਹਾਂ........। ਮੈਂ ਸਮਝੀ ਫਰਕ ਪੈਣਾ ਸੀ। ਉਨਾਂ ਦਾ ਘਰ ਜੇਕਰ ਛੋਟਾ ਸੀ ਤਾਂ ਇਸ ਦਾ ਮਤਲਬ ਹੈ ਉਨਾਂ ਕੋਲ ਪੈਸੇ ਨਹੀਂ ਹੋਣਗੇ। ਜੇ ਉਨਾਂ ਕੋਲ ਪੈਸੇ ਨਹੀਂ ਹਨ ਤਾਂ ਫਿਰ ਉਹ ਤੁਹਾਨੂੰ ਕੀ ਦੇਣਗੇ? ਉਸ ਕੁੜੀ ਨੂੰ ਚੰਗੀ ਨੌਕਰੀ ਅੱਜ ਨਹੀਂ ਤਾਂ ਕਲ ਮਿਲ ਹੀ ਜਾਏਗੀ, ਪਰ ਤੁਹਾਡੇ ਕਹੇ ਹੋਏ ਲਫਜ ਭੁਲਾਏ ਨਹੀਂ ਜਾ ਸਕਣਗੇ।

ਹਾਂ... ਤੁਸੀਂ ਉਸਦੀ ਨੌਕਰੀ ਤਾਂ ਦੇਖੀ, ਪਰ ਆਪਣੇ ਪੁੱਤਰ ਦੀ ਨੌਕਰੀ ਨਹੀਂ ਦੇਖੀ ਜੋ ਐਨੀ ਵੀ ਨਹੀਂ ਕਿ ਉਹ ਕਿਸੇ ਨੂੰ, ਕਿਸੇ ਚੰਗੇ ਹੋਟਲ ਵਿਚ ਕੌਫੀ ਹੀ ਪਿਆ ਸਕੇ।

ਮਾਂ ਜੀ ਹਰ ਬੰਦਾ ਉਡਣ ਦੀ ਕੋਸ਼ਿਸ਼ ਕਰਦਾ ਹੈ। ਕੋਸ਼ਿਸ਼ ਕਰਨੀ ਵੀ ਚਾਹੀਦੀ ਹੈ। ਉਡਾਰੀ ਮਾਰਨ 'ਚ ਕੋਈ ਹਰਜ ਨਹੀਂ। ਪਰ ਉਡਾਰੀ ਐਨੀ ਉਚੀ ਵੀ ਨਾ ਹੋ ਜਾਏ ਕਿ ਹੇਠਾਂ ਜ਼ਮੀਨ ਵੀ ਨਾ ਦਿੱਸੇ। ਜੱਸੀ ਨੇ ਗੁੱਸੇ ਨਾਲ ਦੋਹਾਂ ਵਲ ਦੇਖਿਆ ਤੇ ਜੁਆਬ ਉਡੀਕੇ ਬਿਨਾਂ ਹੀ ਉਹ ਬਾਹਰਲੇ ਦਰਵਾਜ਼ੇ ਵਲ ਨੂੰ ਤੁਰ ਪਈ।

ਪਰ ਥੋਹੜੀ ਅਗਾਂਹ ਜਾ ਕੇ ਫਿਰ ਮੁੜ ਆਈ ਤੇ ਧੀਰਜ ਨਾਲ ਇਕ ਹੋਰ ਗੱਲ ਕਹਿ ਕੇ ਚਲੀ ਗਈ।

ਜੱਸੀ ਨੇ ਕਿਹਾ ਸੀ ਹੁਣ ਤੁਸੀਂ ਲੋਕਾਂ ਨੂੰ ਕਹਿ ਦੇਣਾ... ਅਸੀਂ ਜੱਸੀ ਨੂੰ ਵੀ ਰਿਜੈਕਟ ਕਰ ਦਿੱਤਾ ਹੈ। ਇਸ ਤਰਾਂ ਤੁਹਾਡਾ ਨੱਕ ਵੀ ਰਹਿ ਜਾਏਗਾ ਤੇ ਸ਼ਰਮਿੰਦੇ ਵੀ ਨਹੀਂ ਹੋਣਾ ਪਏਗਾ।

ਈ.ਜੀ. ੯੧੯ ਗੋਬਿੰਦਗੜ੍ਹ
ਜਲੰਧਰ ੧੪੪੦੦੧

(ਇਕ ਸੱਚ)

ਸਮਾਜਿਕ ਸਮੱਸਿਆ

ਜਿਸਦਾ ਹੱਲ ਪੜ੍ਹੀ ਲਿਖੀ ਬੱਚੀ ਨੇ ਲਭਿਆ

—ਮਹਿੰਦਰ ਸਿੰਘ ਚਿਤਾਰ

ਕਿਰਤ ਕਰਨ ਵਾਲੇ ਸਾਊ ਮਾਪਿਆਂ ਦੇ ਘਰ ਬੱਚੀ ਨੇ ਜਨਮ ਲਿਆ, ਮਾਂ-ਪਿਉ ਨੂੰ ਇਵੇਂ ਜਾਪਿਆ ਜਿਵੇਂ ਜੀਵਨ ਧੰਨ ਹੋ ਗਿਆ। ਗੁਰਦੁਆਰੇ ਮੱਥਾ ਟਿਕਾ ਬੱਚੀ ਦਾ ਨਾਮ ਰੱਖ ਅਰਦਾਸ ਕਰ ਕੇ ਖੋਏ ਦੀ ਬਰਫੀ ਵੰਡੀ ਗਈ, ਪਰ ਘਰ ਦੇ ਬਜ਼ੁਰਗਾਂ, ਰਿਸ਼ਤੇਦਾਰਾਂ ਜਾਂ ਸਮਝੋ ਸੌਖੇ ਪਰਿਵਾਰਾਂ ਨੇ ਇਸ ਬੱਚੀ ਦੇ ਮਾਤਾ-ਪਿਤਾ ਤੇ ਹਰ ਢੰਗ ਨਾਲ ਦਬਾਉ ਪਾਣ ਦਾ ਜਤਨ ਸ਼ੁਰੂ ਕਰ ਦਿੱਤਾ— "ਕੁੜੀ ਬੋਝ ਹੈ ਕਿਵੇਂ ਇਸਦਾ ਭਾਰ ਜ਼ਿੰਦਗੀ ਭਰ ਢੋਂਹਦਾ ਰਹੇਗਾ ਪਾ ਲੈ ਇਸ ਤੋਂ ਛੁਟਕਾਰਾ" ਸਮਝੋ ਸੁਝਾਵਾਂ ਦੀ ਬਹਾਰ ਆ ਗਈ ਹੋਵੇ ਖਾਸ ਕਰਕੇ ਉਨਾਂ ਮਾਪਿਆਂ ਵਲੋਂ ਜਿਹਨਾਂ ਸਿਰਫ ਮੁੰਡੇ ਹੀ ਜਾਏ ਸਨ। ਕੁੜੀ ਦਾ ਪਿਉ ਕੀ ਕਰਦਾ ਛੋਟੇ ਜਿਹੇ ਕਸਬੇ ਵਿਚ ਦਿਹਾੜੀ ਕਰ ਕਿਰਤ ਕਰਦਾ ਆਪਣਾ ਅਤੇ ਆਪਣੀ ਪਤਨੀ ਦਾ ਗੁਜਾਰਾ ਬੜੇ ਅਰਾਮ ਨਾਲ ਕਰਦਾ, ਦੋਨੋਂ ਜੀਅ ਬੜੇ ਸਿੱਧੇ ਸਾਦੇ ਢੰਗ ਨਾਲ ਆਪਣੇ ਨਿੱਤ ਦੇ ਕੰਮ ਨਿਪਟਾਉਂਦੇ ਜੋ ਮਿਲਦਾ ਧੰਨ ਸਮਝਦੇ ਬੱਚੀ ਦੇ ਜਨਮ ਨੇ ਇਕ ਆਹਰ ਦਿੱਤਾ ਬੜੇ ਖੁਸ਼ ਸਨ, ਪਰ ਕੀ ਕਰਦੇ ਇਸ ਤਰਾਂ ਦੇ ਵਾਤਾਵਰਨ ਕਾਰਨ ਸਮਾਂ ਕੁੱਝ ਤੰਗ ਜਿਹਾ ਹੋ ਕੇ ਰਹਿ ਗਿਆ। ਆਖਿਰ ਇੱਕ ਦਿਨ ਦੋਨਾਂ ਜੀਆਂ ਸਲਾਹ ਕੀਤੀ ਕਿ ਵੱਡੇ ਸ਼ਹਿਰ ਚਲੇ ਜਾਂਦੇ ਹਾਂ। ਸੱਜਨ ਕਿਰਤ ਦਾ ਮਾਹਰ ਹੋਣ ਕਰਕੇ, ਕੰਮ ਦੀ ਕਦਰ ਕਰਨ ਵਾਲੇ ਵੀ ਮਿਲ ਗਏ। ਵੱਡੇ ਸ਼ਹਿਰ ਵਿਚ ਛੋਟਾ ਜਿਹਾ ਕਮਰਾ ਕਿਰਾਏ ਤੇ ਲੈ ਲਿਆ, ਰੋਜ਼-ਰੋਜ਼ ਦੇ ਉਲਾਂਭਿਆਂ ਤੋਂ ਛੁਟਕਾਰਾ ਮਿਲ ਗਿਆ। ਜੀਵਨ ਦੀ ਗੱਡੀ ਆਪਣੀ ਰਾਹ ਤੇ ਤੁਰ ਪਈ ਸਮਾਂ ਬੀਤਦਾ ਗਿਆ ਪਤੀ ਪਤਨੀ ਨੇ ਮੁੜ ਪਿੱਛਾ ਨਹੀਂ ਦੇਖਿਆ। ਸਾਧਾਰਨ ਜੀਵਨ ਜੀਉਣ ਵਾਲਾ ਇਹ ਪਰਿਵਾਰ ਬੜਾ ਸੌਖਾ ਅਤੇ ਆਰਥਿਕ ਤੌਰ ਤੇ ਸੰਪਨ ਵੀ ਹੋ ਗਿਆ।

ਸਮੇਂ ਅਨੁਸਾਰ ਬੱਚੀ ਵੀ ਜੁਆਨ ਹੋ ਗਈ, ਸਾਧਾਰਨ ਡੀਲ-ਡੌਲ, ਸਾਧਾਰਨ ਰੰਗ ਰੂਪ ਪਰ ਅਸਾਧਾਰਨ ਬੁੱਧੀ ਅਤੇ ਸੂਝ ਬੂਝ ਵਾਲੀ ਇਹ ਲੜਕੀ ਬਾਕੀ ਲੜਕੀਆਂ ਵਾਂਗੂ ਹੀ ਜਾਪਦੀ ਸੀ। ਪ੍ਰਾਇਮਰੀ ਦੀ ਪੜ੍ਹਾਈ ਵਿਚ ਸਾਧਾਰਨ ਹੀ ਰਹੀ, ਮਿਡਲ ਦੀ ਸਕੂਲੀ ਪੜ੍ਹਾਈ ਵਿਚ ਬੁਧੀਮਤੀ ਦਾ ਰੰਗ ਚੜ੍ਹਨਾ ਸ਼ੁਰੂ ਹੋ ਗਿਆ। ਹਾਈ ਸੈਕੰਡਰੀ ਪਾਸ ਕਰਦਿਆਂ ਇਸ ਆਪਣੀ ਇਕ ਖਾਸ ਜਗ੍ਹਾ ਬਣਾ ਲਈ। ਬੱਚੀ ਦੀ ਕਾਬਲੀਅਤ ਦੇਖ ਮਾਂ-ਪਿਉ ਵੀ ਉਤਸਾਹਿਤ ਕਰਦੇ ਰਹੇ। ਭਾਵੇਂ ਮਾਂ ਦਸਵੀਂ ਜਮਾਤ ਤੱਕ ਪੜ੍ਹੀ ਹੋਈ ਸੀ ਪਿਉ ਤਾਂ ਉੱਥੋਂ ਤੱਕ ਪਹੁੰਚਿਆ ਹੀ ਨਹੀਂ ਸੀ, ਕਿਰਤ ਹੀ ਕਰਨੀ ਇਸ ਕਰਕੇ ਸਿਆਣਿਆਂ ਵਲੋਂ ਵੀ ਇਸ ਸੱਜਣ ਨੂੰ ਮਾਰਗ ਦਰਸ਼ਨ ਨਹੀਂ ਸੀ ਮਿਲਿਆ। ਸਮਾਂ ਪਾ ਇਹ ਲੜਕੀ "ਆਰਕੀਟੈਕਟਰ" ਬਣ ਗਈ ਅਤੇ ਆਪਣੇ ਪ੍ਰੋਫੈਸ਼ਨ ਵਿਚ ਬੜੀ ਕਾਮਯਾਬ ਰਹੀ।

ਸਾਡੇ ਸਮਾਜ ਦਾ ਢਾਂਚਾ ਹੀ ਕੁਝ ਇਸ ਪ੍ਰਕਾਰ ਦਾ ਬਣਿਆ ਹੋਇਆ ਹੈ ਕਿ ਆਪਣੇ ਰਿਸ਼ਤੇਦਾਰ "ਕਾਮਯਾਬ" ਹੋਣ ਵਾਲੇ ਪਰਿਵਾਰ ਨੂੰ ਮੁੜ ਕਿਵੇਂ ਥੱਲੇ ਸੁੱਟਣਾ ਹੈ ਇਹ ਕੋਸ਼ਿਸ਼ ਕਰਦੇ ਹਨ? ਕਾਮਯਾਬ ਸੱਜਣਾਂ ਦੇ ਆਪਣੇ ਨਾਲਾਇਕ ਬੱਚਿਆਂ ਵੱਲ ਦੇਖ ਇਸ ਤਰ੍ਹਾਂ ਦੇ ਬੱਚੇ ਇਹਨਾਂ ਦੀਆਂ ਅੱਖਾਂ ਵਿਚ ਚੁੱਭਣ ਲੱਗ ਪੈਂਦੇ ਹਨ, ਉਹਨਾਂ ਦਾ ਆਪਣਾ ਇੱਜ਼ਤ ਮਾਣ ਦਾਵ ਤੇ ਲੱਗ ਜਾਂਦਾ ਹੈ। ਇਥੋਂ ਸ਼ੁਰੂ ਹੁੰਦਾ ਹੈ ਇਨਸਾਨੀਯਤ ਦਾ ਨਿੱਚਲਾ ਸਤਰ। ਸ਼ਹਿਰ ਦੇ ਬਹੁਤ ਵੱਡੇ ਸਾਊ ਕਿਰਤ ਕਰਨ ਵਾਲੇ ਠੇਕੇਦਾਰ ਦੇ ਪਰਿਵਾਰ ਨਾਲ ਇਸ ਬੱਚੀ ਦਾ ਰਿਸ਼ਤਾ ਜੋੜਨ ਦੀਆਂ ਜੁਗਤਾਂ ਬਣਨ ਲੱਗ ਪਈਆਂ।

ਕਿਸੇ ਸਮੇਂ ਇਹ ਠੇਕੇਦਾਰ ਵੀ ਦਿਹਾੜੀ ਤੇ ਕੰਮ ਕਰਿਆ ਕਰਦੇ ਸਨ ਬੜੇ ਸਾਧਾਰਨ ਅਤੇ ਬਹੁਤ ਹੀ ਗਰੀਬ ਜਿਹੀ ਪਿਛੋਕੜ ਸੀ ਇਹਨਾਂ ਦੀ। ਮਿਹਨਤ ਅਤੇ ਲਗਨ ਨਾਲ ਕੰਮ ਕਰਨ ਕਾਰਨ ਇਸੇ ਸ਼ਹਿਰ ਦੇ ਬੜੇ ਨਾਮੀ ਕਾਮਯਾਬ ਠੇਕੇਦਾਰ ਸਿੰਘ ਸਰਦਾਰ ਦੀ ਨਜ਼ਰ ਇਸ ਤੇ ਪੈ ਗਈ। ਫੇਰ ਕੀ ਸੀ ਆਪਣੇ ਪ੍ਰਭਾਵ ਦੀ ਵਰਤੋਂ ਕਰ ਆਪਣੇ ਕੋਲ ਕੰਮ ਤੇ ਰੱਖ ਲਿਆ। ਦੂਰਦਰਸ਼ਿਤਾ ਰੱਖਣ ਵਾਲੇ ਬੜੀ ਲੰਮੀ ਸੋਚਦੇ ਹਨ... ਸਮਾਂ ਪਾ ਆਪਣੀ ਜੁਆਨ, ਖੂਬਸੂਰਤ, ਖੁਸ਼ ਮਿਜਾਜ ਅਤੇ ਸੁਲਝੀ ਹੋਈ ਲੜਕੀ ਵੀਰੋ ਦਾ ਵਿਆਹ ਇਸ ਨੌਜੁਆਨ ਨਾਲ ਕਰ ਘਰ ਜੁਆਈ ਬਣਾ ਲਿਆ। ਫਿਰ ਕੀ ਸੀ ਸਾਊ ਜੀਅ ਸ਼ਾਮਿਲ ਹੋਣ ਕਰਕੇ ਠੇਕੇਦਾਰ ਸਿੰਘ ਸਰਦਾਰ ਦੇ ਕਾਰੋਬਾਰ ਵਿਚ ਬਹੁਤ ਵਾਧਾ ਹੀ ਹੁੰਦਾ ਗਿਆ ਜਦਕਿ ਇਸ ਦਾ ਆਪਣਾ ਪੁੱਤਰ ਜੀਤਾ ਆਪਣੀ ਹੀ ਮੌਜ ਮਸਤੀ ਵਿਚ ਰਹਿੰਦਾ ਸੀ ਕਾਰੋਬਾਰ ਵੱਲ ਕਦੇ ਵੀ ਧਿਆਨ ਨਹੀਂ ਸੀ ਦਿੰਦਾ। ਸਮੇਂ ਨੇ ਕਰਵਟ ਬਦਲੀ ਠੇਕੇਦਾਰ ਸਿੰਘ ਸਰਦਾਰ ਅਤੇ ਇਹਨਾਂ ਦੀ ਘਰ ਵਾਲੀ ਅਕਾਲ-ਚਲਾਣਾ ਕਰ ਗਏ ਇਕ ਹੋਰ ਪੋਤੇ ਦਾ

ਮੂੰਹ ਦੇਖਣ ਦੀ ਪ੍ਰਬਲ ਲਾਲਸਾ ਨੇ ਪੰਜ-ਪੰਜ ਪੋਤੀਆਂ ਦੇ ਭਾਗ ਲਾ ਦਿੱਤੇ। ਦਾਤਾ ਦੀ ਕਿਰਪਾ ਨਾਲ ਦੂਸਰੇ ਪੋਤੇ ਦਾ ਆਨੰਦ ਵੀ ਆਪਣੇ ਜੀਵਨ ਕਾਲ ਵਿਚ ਮਾਣ ਲਿਆ ਸੀ। ਜੀਤਾ ਕਿਰਤ ਕਰਨ ਵਾਲੇ ਅਮੀਰ ਪਰਿਵਾਰਾਂ ਵਾਂਗੂੰ ਅਲਗਰਜ, ਬੇਪਰਵਾਹ, ਪਿਉ ਦੀ ਦੌਲਤ ਤੇ ਮੌਜ ਕਰਨ ਵਾਲਾ ਪੁੱਤਰ, ਪੰਜ ਲੜਕੀਆਂ ਦੋ ਲੜਕੇ ਹੋਣ ਦੇ ਬਾਵਜੂਦ ਕਦੇ ਵੀ ਪਰਵਾਰਿਕ ਜੁਆਬਦਾਰੀ ਆਪਣੇ ਜੀਵਨ ਕਾਲ ਵਿਚ ਨਹੀਂ ਨਿਭਾਈ। ਪਿਉ ਦੀ ਦੌਲਤ ਨੇ ਜਾਂ ਉਸਨੂੰ ਹਜਮ ਕਰਨ ਵਾਲੇ "ਚਮਚਿਆਂ" ਨੇ ਮਿਲ ਕੇ ਕਿਸੇ ਤਰਾਂ ਜੀਤੇ ਦੀ ਕਬੀਲਦਾਰੀ ਨਜਿੱਠ ਦਿੱਤੀ। ਇਸ ਘਰ ਦੀ ਬੀਬੀ ਵੀਰੋ ਦੇ ਜੀਵਨ ਦੀ ਤ੍ਰਾਸਦੀ ਸ਼ਾਇਦ ਧੁਰੋਂ ਹੀ ਲਿਖੀ ਹੋਈ ਸੀ, ਭਰਾ ਨੇ ਭੈਣ ਨਾਲ ਵਿਗਾੜ ਪਾ ਲਿਆ। ਇਸ ਕਾਰਨ ਘਰ ਛੱਡਣਾ ਪਿਆ, ਮੁੜ ਤੋਂ ਨਵਾਂ ਆਸ਼ਿਆਨਾ ਬਨਾਣਾ ਪਿਆ ਅਤੇ ਮੁੜ ਨਵਾਂ ਕੰਮਕਾਰ ਸ਼ੁਰੂ ਕਰਨ ਲਈ ਹੱਥ ਪੈਰ ਮਾਰਨੇ ਪਏ। ਕਾਰੋਬਾਰ ਦੀ ਦੁਨੀਆ ਵਿਚ ਚੰਗਾ ਪ੍ਰਭਾਵ ਹੋਣ ਕਾਰਨ ਜਲਦ ਹੀ ਕਾਮਯਾਬੀ ਵੀ ਮਿਲ ਗਈ। ਇਧਰ ਜੀਤਾ ਆਰਥਿਕ ਤੌਰ ਤੇ ਕਰਜ਼ਾਈ ਬਣ ਗਿਆ, ਵੀਰੋ ਨੇ ਭਰਾ ਦੀਆਂ ਦੋ ਛੋਟੀਆਂ ਬੱਚੀਆਂ ਨੂੰ ਆਪਣੇ ਕੋਲ ਰੱਖ ਕੇ ਪਾਲਿਆ ਅਤੇ ਪੜ੍ਹਾਇਆ ਲਿਖਾਇਆ, ਦੋਨਾਂ ਦੇ ਆਨੰਦ ਕਾਰਜ ਆਪ ਕੀਤੇ ਬਾਦ ਵਿਚ ਪੇਂਡੂ ਗਰੀਬ ਦੇਵਰ ਸੰਤੂ ਦੇ ਵੱਡੇ ਲੜਕੇ ਨੂੰ ਆਪਣੇ ਕੋਲ ਬੁਲਾ ਲਿਆ, ਲਿਖਾਇਆ ਪੜਾਇਆ ਜਦੋਂ ਕੰਮਕਾਰ ਕਰਨ ਲੱਗ ਪਿਆ ਸਮੇਂ ਸਿਰ ਲੜਕੇ ਦਾ ਆਨੰਦ ਕਾਰਜ ਵੀ ਕਰ ਦਿੱਤਾ, ਘਰ ਪੋਤਾ ਵੀ ਹੋ ਗਿਆ। ਵੀਰੋ ਨੇ ਦੇਉਰ ਦੇ ਛੋਟੇ ਲੜਕੇ ਨੂੰ ਵੀ ਪਿੰਡੋਂ ਆਪਣੇ ਕੋਲ ਸੱਦ ਲਿਆ, ਆਪਣੀ ਕੋਈ ਔਲਾਦ ਨਾਂ ਹੋਣ ਕਾਰਨ ਸਮੇਂ ਤੋਂ ਪਹਿਲਾਂ ਹੀ ਵੀਰੋ ਨੇ ਇਸ ਸੰਸਾਰ ਨੂੰ ਵੀ ਅਲਵਿਦਾ ਕਹਿ ਦਿੱਤਾ।

ਸਰਦਾਰ ਜੀ ਬੜੇ ਰਸੂਕ ਵਾਲੇ ਸੱਜਣ ਸਨ, ਕੁਝ ਸੁਅਰਗੀਯ ਠੇਕੇਦਾਰ ਸਿੰਘ ਸਰਦਾਰ ਜੀ ਕਾਰਨ, ਇਹਨਾਂ ਦੀ ਭਲੇਮਾਨਸੀ ਦੀ ਕਦਰ ਪੂਰਾ ਸ਼ਹਿਰ ਕਰਦਾ ਸੀ। ਸਮਾਜ ਅਤੇ ਬਿਰਾਦਰੀ ਦੀ ਸੇਵਾ ਕਰਨ ਵਿਚ ਬਹੁਤ ਦਾਨੀ ਕਰਕੇ ਜਾਣੇ ਜਾਂਦੇ ਸਨ, ਖਾਸ ਕਰਕੇ ਉਹ ਪਰਿਵਾਰ ਦੇ ਬੱਚਿਆਂ ਲਈ ਜੋ ਜ਼ਿੰਦਗੀ ਵਿਚ ਕੁਝ ਬਣਨਾ ਚਾਹੁੰਦੇ, ਪਰ ਆਰਥਿਕ ਤੌਰ ਤੇ ਸਾਧਾਰਨ ਹੈਸੀਅਤ ਕਾਰਨ ਕੁਝ ਕਰਨ ਤੋਂ ਵਾਂਝੇ ਰਹਿ ਜਾਂਦੇ, ਸਰਦਾਰ ਜੀ ਨੂੰ ਜੇ ਇਸ ਦੀ ਭਣਕ ਵੀ ਮਿਲ ਜਾਂਦੀ ਹੈ ਤਾਂ ਆਪ ਖੁਦ ਸਹਾਇਤਾ ਕਰਨ ਲਈ ਪਹੁੰਚ ਜਾਂਦੇ, ਅੱਜ ਤੱਕ ਕਿਤਨੇ ਕੁ ਪਰਿਵਾਰਾਂ ਦੇ ਬੱਚਿਆਂ ਦਾ ਜੀਵਨ ਬਣਾਇਆ ਇਸ ਬਾਰੇ ਕਿਸੇ ਕੋਲ ਵੀ ਜਾਣਕਾਰੀ ਨਹੀਂ ਦੇ ਬਰਾਬਰ ਹੈ। ਪਰ ਜਦ ਵੀ ਕਿਸੇ ਵੀ ਸਾਧਾਰਨ ਪਰਿਵਾਰ ਦੇ ਪੜੇ ਲਿੱਖੇ ਕਾਮਯਾਬ ਨੌਜੁਆਨ ਨੂੰ ਪੁੱਛੋ ਬਾਬਾ ਸਰਦਾਰ ਜੀ ਦਾ ਨਾਂ ਬੜੀ ਸਹਜਤਾ ਨਾਲ ਦੱਸ ਦੇਵੇਗਾ।

ਸਰਦਾਰ ਜੀ ਅਤੇ ਬੜੇ ਲੜਕੇ ਨੂੰ ਕਾਰੋਬਾਰ ਨੇ ਇਤਨਾ ਰੁਝਾ ਦਿੱਤਾ ਕਿ ਛੋਟੇ ਬੱਚੇ ਵੱਲ ਧਿਆਨ ਹੀ ਨਹੀਂ ਗਿਆ। ਬੜੀ ਨੂੰਹ ਨੇ ਦੇਵਰ ਦੀ ਵਰਤੋਂ ਆਪਣੀ ਸੁਵਿਧਾ ਲਈ ਕਰਦੀ ਰਹੀ ਅਤੇ ਘਰ ਦੇ ਕੰਮ ਕਾਰ ਵਿਚ ਉਲਝਾ ਕੇ ਰੱਖਿਆ। ਪੜ੍ਹਾਈ ਰਹਿ ਗਈ ਇਕ ਪਾਸੇ, ਇਸ ਗੱਲ ਨੂੰ ਬਿਰਾਦਰੀ ਦੇ ਚਤੁਰ ਅਤੇ ਚਲਾਕ ਸੱਜਣ ਚੰਗੀ ਤਰ੍ਹਾਂ ਜਾਣਦੇ ਸਨ ਇਹ ਖਾਸ ਕਾਰਨ ਸੀ ਕਿ ਬਲਵੰਤ ਕੌਰ ਦਾ ਰਿਸ਼ਤਾ ਇਸ ਲੜਕੇ ਨਾਲ ਕਰਨ ਦੀ ਜੁਗਤ ਬਣਾ ਲਈ ਅਤੇ ਇਸ ਰਿਸ਼ਤੇ ਨੂੰ ਸਿਰੇ ਵੀ ਚੜ੍ਹਾ ਦਿੱਤਾ। ਲੜਕੀ ਦੇ ਮਾਤਾ-ਪਿਤਾ ਖੁਸ਼ ਸਨ ਕਿ ਸ਼ਹਿਰ ਦੇ ਸਫਲ ਕਾਰੋਬਾਰੀ ਦੇ ਲੜਕੇ ਨਾਲ ਰਿਸ਼ਤਾ ਜੁੜ ਗਿਆ। ਇਧਰ ਸ. ਜਸਵੰਤ ਸਿੰਘ ਬੜਾ ਖੁਸ਼ ਸੀ ਕਿ ਛੋਟੀ ਬਹੂ ਪੜੀ ਲਿੱਖੀ ਆਰਕੀਟੈਕਟ ਹੈ, ਕੰਮ ਕਾਰ ਵਿਚ ਕਾਫੀ ਸਹਾਇਤਾ ਮਿਲਦੀ ਰਹੇਗੀ। ਕੁਦਰਤ ਦੇ ਰੰਗ ਨਿਆਰੇ ਹੁੰਦੇ ਹਨ, ਘਰ ਦੀ ਬੜੀ ਨੂੰਹ ਨੇ ਤਾਂ ਬੜੀ ਗੂਹੜੀ ਵਿਉਂਤ ਬਣਾ ਰੱਖੀ ਸੀ ਦੇਵਰ ਦੇ ਭਵਿੱਖ ਨੂੰ ਹਨੇਰ ਦੀ ਦੁਨੀਆ ਵਿਚ ਸੁੱਟਣ ਲਈ, ਅੱਜ ਦੇ ਖੁੱਲੇ ਮਾਹੌਲ ਨੇ ਜਨਾਨੀਆਂ ਨੂੰ ਵੀ ਤਾਂ ਬਹੁਤ ਖੁੱਲ ਦੇ ਰੱਖੀ ਹੈ ਖ਼ਾਸ ਕਰਕੇ ਜਿਹਨਾਂ ਦਾ ਪਿੱਛਾ ਤਕੜਾ ਹੋਵੇ ਅਤੇ ਮਾਲਦਾਰ ਸੌਹਰਿਆਂ ਘਰ ਦੀ ਵੱਡੀ ਖੁਦ ਮੁਖਤਿਆਰ ਨੂੰਹ ਹੋਵੇ।

ਵਿਆਹ ਬਾਦ ਕੁਝ ਕੁ ਹਫਤੇ ਦੇਣ-ਲੈਣ ਅਤੇ ਆਣ-ਜਾਣ ਵਿਚ ਨਿਕਲ ਗਏ, ਬੱਚੀ ਦੇ ਮਾਤਾ ਪਿਤਾ ਇਹ ਸਮਝ ਕੇ ਸੁਰਖ਼ੁਰੂ ਹੋ ਗਏ ਕਿ ਲੜਕੀ ਦਾ ਸੌਹਰਾ ਸ਼ਹਿਰ ਦਾ ਕਾਮਯਾਬ ਅਤੇ ਸੁਲਝਿਆ ਸੱਜਣ ਹੈ, ਬੜੀ ਨੂੰਹ ਨੇ ਪਰਿਵਾਰ ਨੂੰ ਬੜੀ ਅੱਛੀ ਤਰਾਂ ਸੰਭਾਲਿਆ ਹੋਇਆ ਹੈ ਖਾਸ ਕਰਕੇ ਦੇਉਰ ਨੂੰ ਅਤੇ ਸਮਾਜ ਵਿਚ ਇੱਜ਼ਤ ਮਾਨ ਵੀ ਖੱਟਿਆ ਹੋਇਆ ਹੈ। ਸਿਆਣਿਆਂ ਤੋਂ ਸੁਣਿਆ ਹੈ ਜਦ ਹਕੂਮਤ ਵਿਚ ਅਧਿਕਾਰ ਨੂੰ ਹਲੂਣਾ ਮਿਲਦਾ ਹੈ, ਖ਼ਾਸ ਕਰਕੇ ਪ੍ਰਭਾਵਸ਼ਾਲੀ ਇਸਤਰੀ ਨੂੰ ਉਸ ਵੇਲੇ ਉਸਦਾ ਦੂਸਰਾ ਰੂਪ ਬੜਾ ਘਾਤਕ ਸਿੱਧ ਹੁੰਦਾ ਹੈ। ਸਾਧਾਰਨ ਇਨਸਾਨ ਵੀ ਕਹਿ ਉੱਠਦਾ ਹੈ ਕਿ ਔਰਤ ਹੀ ਔਰਤ ਦੀ ਦੁਸ਼ਮਨ ਹੁੰਦੀ ਹੈ, ਇਸ ਘਰ ਵਿਚ ਵੀ ਨਾ ਆਵਾਜ਼ ਕਰਨ ਵਾਲਾ ਭੂਚਾਲ ਆ ਗਿਆ। ਨਵੀਂ ਵਿਆਹੀ ਨੂੰਹ ਤੇ ਕੀ ਬੀਤੀ ਹੋਵੇਗੀ ਜਾਂ ਤਾਂ ਕਿਸਮਤ ਲਿਖਣ ਵਾਲਾ ਰੱਬ ਜਾਣਦਾ ਹੈ ਜਾਂ ਇਹ ਨਵੀਂ ਵਿਆਹੀ ਬੱਚੀ! ਲੜਕੀ ਦੇ ਮਾਂ-ਪਿਉ ਤਾਂ ਸੁੰਨ ਹੋ ਗਏ ਜਦੋਂ ਉਹਨਾਂ ਨੂੰ ਪਤਾ ਲੱਗਾ ਕਿ ਬੜੀ ਜਿਠਾਨੀ ਨੇ ਦੇਉਰ ਅਤੇ ਦੇਉਰਾਨੀ ਨੂੰ ਘਰੋਂ ਕੱਢਣ ਦਾ ਅਲਟੀਮੇਟਮ ਦੇ

ਦਿੱਤਾ ਹੈ ਜਿਠਾਨੀ ਦੇ ਤਕੜੇ ਪਿੱਛੇ ਨੇ ਤਾਂ ਸਾਥ ਦੇਣਾ ਹੀ ਸੀ, ਬਜ਼ੁਰਗ ਸੱਜਣ ਸਰਦਾਰ ਜੀ ਤੇ ਕੀ ਮਾਨਸਕ ਦਬਾਉ ਪਿਆ ਉਹ ਵੀ ਉਮਰ ਦੇ ਇਸ ਪੜਾਉ ਤੇ। ਨਾਮਵਰ ਅਤੇ ਧੜੱਲੇਦਾਰ ਇਨਸਾਨ ਕਿਸ ਤਰਾਂ ਅਸਹਾਇ ਹੋ ਜਾਂਦਾ ਹੈ। ਇਸ ਹਾਲਾਤ ਵਿਚ ਬਿਚਾਰਾ ਬਣ ਕੇ ਜੀਉਣ ਤੋਂ ਇਲਾਵਾ ਕੋਈ ਚਾਰਾ ਵੀ ਤਾਂ ਨਜ਼ਰ ਨਹੀਂ ਸੀ ਆ ਰਿਹਾ।

ਅੱਜ ਦੇ ਸਮਾਜ ਵਿਚ ਪੁਰਾਣੀਆਂ ਪਰੰਪਰਾਵਾਂ, ਸੰਸਕਾਰ, ਦਕਿਆਨੂਸੀ ਵਿਚਾਰਧਾਰਾ ਨੂੰ ਹਰ ਇਸਤਰੀ-ਪੁਰਸ਼ ਨਕਾਰਦਾ ਜਾ ਰਿਹਾ ਹੈ। ਕੁਝ ਟਾਵੇਂ-ਟਾਵੇਂ ਅਪਵਾਦ ਹੋ ਸਕਦੇ ਹਨ ਪਰ ਹਕੀਕਤ ਇਹੋ ਹੀ ਹੈ— ਉੱਚੇ ਸੱਤਰ ਦੀ ਪੜ੍ਹਾਈ, ਸਮਾਜ ਦਾ ਖੁੱਲਾਪਣ, ਇਨਫਾਰਮੇਸ਼ਨ ਦੇ ਨਵੇਂ ਨਵੇਂ ਸਾਧਨਾਂ ਨੇ ਸਮਾਜ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਸਾਧਾਰਨ ਜੀਵਨ ਜੀਣ ਵਾਲਾ ਪਰਿਵਾਰ ਖਾਸ ਕਰਕੇ ਢਲੀ ਹੋਈ ਉਮਰ ਦੇ ਸਿਆਣੇਂ ਜਾਣ ਤਾਂ ਕਿੱਥੇ ਜਾਣ ? ਸਰਦਾਰ ਜੀ ਵੀ ਇਸ ਕੜੱਕੀ ਵਿਚ ਫਸ ਕੇ ਰਹਿ ਗਏ, ਪਰ ਕੁਦਰਤ ਤਾਂ ਕੁੱਝ ਹੋਰ ਹੀ ਕਰਨਾ ਚਾਹੁੰਦੀ ਸੀ ਨਹੀਂ ਤਾਂ ਉਸਦੇ ਵਜੂਦ ਨੂੰ ਦੁਨੀਆ ਨੇ ਨਕਾਰਨ ਦਾ ਬਹਾਨਾ ਬਣਾ ਲੈਣਾ ਸੀ। ਇਸ ਪੜ੍ਹੀ ਲਿਖੀ ਸਮਝਦਾਰ ਆਰਕੀਟੈਕ ਬੱਚੀ ਨੇ ਸਭ ਤੋਂ ਪਹਿਲਾਂ ਆਪਣੇ ਮਾਤਾ ਪਿਤਾ ਨੂੰ ਭਰੋਸਾ ਦਿਵਾਇਆ ਕਿ ਤੁਸਾਂ ਇਤਨੀਆਂ ਤਕਲੀਫਾਂ, ਤਾਹਨੇ ਮੇਹਨੇ ਸੁਨਣ ਬਾਦ ਵੀ ਮੈਨੂੰ ਜੀਉਂਦਿਆਂ ਰੱਖਿਆ ਪੜ੍ਹਾਇਆ ਇਕ ਕਾਮਯਾਬ ਆਰਕੀਟੈਕ ਬਣਾਇਆ, ਜਿਸ ਨਾਲ ਸਾਡਾ ਭਲਾ ਹੀ ਹੋਇਆ ਹੁਣ ਅਗਾਂਹ ਵੀ ਭਲਾ ਹੀ ਹੋਵੇਗਾ। ਬੱਚੀ ਨੇ ਪਰੇਸ਼ਾਨ ਬਜ਼ੁਰਗ ਨਾਲ ਗੱਲਬਾਤ ਕਰ ਉਹਨਾਂ ਦਾ ਮਾਰਗ ਦਰਸ਼ਨ ਲੈ ਸਹੁਰੇ ਪਿਤਾ ਨੂੰ ਇਸ ਗੱਲ ਤੇ ਰਾਜੀ ਕਰ ਲਿਆ ਕਿ ਸਾਨੂੰ ਦੋਨਾਂ ਪਰਿਵਾਰਾਂ ਨੂੰ ਵੱਖਰੇ ਕਰ ਦਿਓ ਜਿਸ ਨਾਲ ਬੜੀ ਦੀ ਘਰ ਵਿਚ ਸੱਤਾ ਬਣੀ ਰਹੇਗੀ। ਅਸੀਂ ਵੱਖਰੇ ਹੋ ਆਪਣਾ ਆਪ ਸੰਭਾਲ ਲਵਾਂਗੇ ਸਿਰਫ ਸਿਰ ਢਕਣ ਲਈ ਸਾਡੇ ਸਿਰ ਤੇ ਛੱਤ ਹੀ ਬਖ਼ਸ਼ਿਸ਼ ਕਰ ਦਿਉ। ਸਹੁਰੇ ਪਿਤਾ ਨੇ ਬੱਚੇ ਤੇ ਬੱਚੀ ਦੇ ਨਾਮ ਤੇ ਫਲੈਟ ਖਰੀਦ ਦਿੱਤਾ ਪੈਸੇ ਦੀ ਕੋਈ ਕਮੀ ਹੀ ਨਹੀਂ ਸੀ। ਬੜੀ ਨੂੰਹ ਨੇ ਘਰੋਂ ਕੁਝ ਸਮਾਨ ਵੀ ਲੈ ਜਾਣ ਨਹੀਂ ਦਿੱਤਾ। ਜੋ ਇਹ ਲੜਕੀ ਆਪਣੇ ਮਾਤਾ ਪਿਤਾ ਕੋਲੋਂ ਲਿਆਈ ਸੀ ਉਹ ਵੀ ਹਜ਼ਮ ਕਰ ਲਿਆ ਅਤੇ ਡਕਾਰ ਤੱਕ ਨਹੀਂ ਮਾਰਿਆ! ਭੀੜੂ ਪ੍ਰਵਤੀ ਦੇ ਰਿਸ਼ਤੇਦਾਰਾਂ ਦੀ ਤਾਂ ਬਲਤੀ ਹੀ ਬੰਦ ਹੋ ਗੀ, ਤਮਾਸ਼ਗੀਰਾਂ ਦੀ ਤਾਂ ਪੁਛੋ ਹੀ ਨਾ ਉਹਨਾਂ ਲਈ ਇਕ ਹੋਰ ਸ਼ੁਗਲ ਬਣ ਗਿਆ।

ਆਰਕੀਟੈਕ ਲੜਕੀ ਨੇ ਆਪਣੇ ਮਾਪਿਆਂ ਤੇ ਵੀ ਬੋਝ ਨਹੀਂ ਪਾਇਆ ਭਾਵੇਂ ਇਕੋ ਇਕ ਸੰਤਾਨ ਸੀ, ਬਿਸਤਰੇ ਦੀ ਜਗ੍ਹਾ ਚਟਾਈ ਜਾਂ ਸਾਧਾਰਨ ਚਾਦਰ, ਰਸੋਈ ਵਿਚ ਸਿਰਫ ਜ਼ਰੂਰਤ ਦੇ ਭਾਂਡੇ ਇਕੱਠੇ ਕਰ ਸ਼ੁਰੂ ਕਰ ਲਈ ਆਪਣੀ ਗ੍ਰਿਹਸਤੀ। ਪਤੀ ਤਾਂ ਘਰ ਦੇ ਕੰਮਕਾਰ ਵਿਚ ਮਾਹਿਰ ਸੀ ਹੀ ਸਮਝੋ ਜੇਠਾਨੀ ਕੋਲੋਂ ਇਹੋ ਹੀ ਇਕ ਦਾਤ ਮਿਲੀ ਬਾਕੀ ਭਾਵੇਂ ਹੋਰ ਕੋਈ ਕੰਮ ਕਰਨਾ ਜਾਣਦਾ ਹੀ ਨਹੀਂ ਸੀ, ਇਸ ਕਾਰਨ ਇਸ ਬੱਚੀ ਨੇ ਆਪਣੀ ਦਿਨਚਾਰੀਆ ਹਾਲਾਤ ਅਨੁਸਾਰ ਹੀ ਬਣਾ ਲਈ। ਪੜ੍ਹੇ ਲਿਖੇ ਸਮਝਦਾਰ ਬੱਚਿਆਂ ਦੀ ਇਹੋ ਤਾਂ ਪਛਾਣ ਹੁੰਦੀ ਹੈ, ਬੱਚੀ ਨੇ ਸਾਰਾ ਦਿਨ ਆਫਿਸ ਵਿਚ ਕੰਮ ਕਰਨਾ ਅਤੇ ਪਤੀ ਨੇ ਸਾਰਾ ਘਰ ਦਾ ਕੰਮ ਕਰਨਾ। ਸ਼ਾਮ ਨੂੰ ਘਰ ਆ ਪਤੀ ਨੂੰ ਪੜ੍ਹਾਉਣਾ ਸਾਰੇ ਕੰਮਾਂ ਤੋਂ ਨਿਪਟ ਕੇ। ਲੜਕੀ ਦੀ ਇਸ ਪ੍ਰੇਰਨਾ ਤੋਂ ਪਤੀ ਨੂੰ ਵੀ ਦੁਨੀਆ ਦੀ ਰੌਸ਼ਨੀ ਦਾ ਪਤਾ ਲੱਗਿਆ ਜਿਸ ਬੱਚੀ ਦੀ ਹਿੰਮਤ ਹੋਰ ਵਧਾਈ, ਕੰਮਕਾਰ ਦੀ ਜਗ੍ਹਾ ਕਾਮਯਾਬ ਆਰਕੀਟੈਕ ਦੀ ਗਸੂਕ ਬਣਾ ਕੇ ਰੱਖਿਆ ਹੋਇਆ ਸੀ, ਇਸੇ ਕੰਪਨੀ ਦਾ ਕੰਮ ਕਰਨ ਲਈ ਪਤੀ ਨੂੰ ਪ੍ਰੇਰਿਆ। ਸਮਾਂ ਆਪਣੇ ਹਿਸਾਬ ਨਾਲ ਬੀਤ ਗਿਆ, ਅੱਜ ਦੋਨੋਂ ਸਫਲ ਕਾਰੋਬਾਰੀ, ਰੱਜੇ ਪੁੱਜੇ, ਦੋ ਛੋਟੇ ਬੱਚਿਆਂ ਦੇ ਮਾਤਾ ਪਿਤਾ ਹਨ। ਹੁਣ ਇਸੇ ਸ਼ਹਿਰ ਵਿਚ ਉਸ ਮੁਕਾਮ ਤੇ ਪਹੁੰਚ ਗਏ ਹਨ, ਬਾਕੀ ਕਿਸੇ ਵੀ ਵਿਰੋਧਾਭਾਸ ਵਿਚਾਰਧਾਰਾ ਵਾਲੇ ਪਰਿਵਾਰ ਨੂੰ ਉਸ ਉਚਾਈ ਤੱਕ ਪਹੁੰਚਣ ਲਈ ਕਿੰਨੇ ਕੁ ਦਸ਼ਕਾਂ ਤੱਕ ਇੰਤਜ਼ਾਰ ਕਰਨਾ ਪੈਂਦਾ ਹੈ ਇਹ ਤਾਂ "ਮਾਲਿਕ" ਹੀ ਜਾਣੇ?


ਤੁਹਾਡੇ ਬੱਚੇ ਤੁਹਾਡੇ ਬੱਚੇ ਨਹੀਂ। ਉਹ ਤਾਂ ਪੁੱਤਰ ਦੇ ਧੀਆਂ ਨੇ, ਜੀਵਨ ਦੀਆਂ ਸੱਧਰਾਂ ਦੇ— ਉਹ ਸੱਧਰਾਂ ਜਿਹੜੀਆਂ ਜੀਵਨ ਨੂੰ ਆਪਣੇ ਲਈ ਆਪੇ ਹੀ ਹੁੰਦੀਆਂ ਨੇ।

ਬੇਸ਼ਕ ਉਹ ਤੁਹਾਡੇ ਕਾਰਨ ਜਨਮਦੇ ਨੇ, ਪਰ ਉਹ ਤੁਹਾਡੇ ਰਾਹੀਂ ਨਹੀਂ ਆਉਂਦੇ ਤੇ ਭਾਵੇਂ ਉਹ ਤੁਹਾਡੇ ਅੰਗ ਸੰਗ ਰਹਿੰਦੇ ਨੇ ਪਰ ਉਹ ਤੁਹਾਡੀ ਮਲਕੀਅਤ ਨਹੀਂ ਹੁੰਦੇ। ਬੇਸ਼ਕ ਤੁਸੀਂ ਆਪਣਾ ਪਿਆਰ ਉਹਨਾਂ ਉਤੋਂ ਨਿਛਾਵਰ ਕਰੋ, ਪਰ ਆਪਣੇ ਵਿਚਾਰ ਉਹਨਾਂ ਤੇ ਨਾ ਮੜ੍ਹੋ। ਤੁਸੀਂ ਉਹਨਾਂ ਦੇ ਤਨ ਲਈ ਇਕ ਆਲਣਾ ਬਣ ਜਾਵੋ, ਪਰ ਉਹਨਾਂ ਦੀ ਆਤਮਾ ਲਈ ਨਹੀਂ। ਕਿਉਂਕਿ ਉਹਨਾਂ ਦੀ ਆਤਮਾ ਆਉਣ ਵਾਲੇ ਕੱਲ੍ਹ ਦੇ ਘਰ ਵਿਚ ਵਾਸ ਕਰਦੀ ਏ, ਤੇ ਉਸ ਘਰ ਤਾਈਂ ਤੁਸੀਂ ਕਦੇ ਨਹੀਂ ਅੱਪੜ ਸਕਦੇ, ਆਪਣੇ ਸੁਪਨਿਆਂ ਵਿਚ ਵੀ ਨਹੀਂ।

ਤੁਸੀਂ ਯਤਨ ਕਰੋ ਉਹਨਾਂ ਵਰਗੇ ਬਣ ਜਾਵੋ, ਪਰ ਉਹਨਾਂ ਨੂੰ ਆਪਣੇ ਵਰਗਾ ਬਣਾਉਣਾ ਨਾ ਲੋਚੋ।

ਖ਼ਲੀਲ ਜਿਬਰਾਨ

ਪੈਗੰਬਰ ਵਿੱਚੋਂ


TOP TRAK
new generation bikes
new range for all ages
new
new
new
new
PARTAP ENGINEERS
AN ISO 9001 COMPANY
BHAGWAN CHOWK, LUDHIANA - 141 003 (INDIA)
Tel : 91-161-2533276, 2540209 FAX : 91-161-2533273
E-MAIL : gspartap@glide.net.in
Website : www.partapexports.com

ਨਿਊ ਯਾਰਕ ਵਿਚ ਭਾਰਤ ਅਤੇ ਭਾਰਤ ਦੇ ਸਿੱਖ

—ਗੁਰਪ੍ਰੀਤ ਸਿੰਘ

ਅਮਰੀਕਾ ਵਿਚ ਰਹਿੰਦੇ ਨਾਮਧਾਰੀ ਫਾਂਊਂਡੇਸ਼ਨ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਹੋਰਾਂ ਸ਼ੇਰ ਏ ਪੰਜਾਬ 'ਦੇ ਸੰਪਾਦਕ ਨੂੰ ਇਕ ਚਿੱਠੀ ਲਿਖੀ। ਇਤਿਹਾਸ ਦੀਆਂ ਘਟਨਾਵਾਂ ਨੂੰ ਉਜਾਗਰ ਕਰਦੀ ਇਸ ਚਿੱਠੀ ਦੀ ਨਕਲ ਅਸੀਂ ਵਰਿਆਮ ਦੇ ਪਾਠਕਾਂ ਦੀ ਜਾਣਕਾਰੀ ਲਈ ਇਥੇ ਛਾਪ ਰਹੇ ਹਾਂ। ਗੁਰਪ੍ਰੀਤ ਸਿੰਘ ਹੋਰਾਂ ਦੇ ਉਦਮ ਦੀ ਸ਼ਲਾਘਾ ਕਰਦਿਆ

— ਸੰਪਾਦਕ ਵਰਿਆਮ

ਮਾਣਯੋਗ ਸੰਪਾਦਕ ਸਪਤਾਹਿਕ 'ਸ਼ੇਰ ਏ ਪੰਜਾਬ'
ਜੀਓ,

ਤੁਹਾਡੀ ਸਪਤਾਹਿਕ ਅਖ਼ਬਾਰ ਅਗਸਤ ੨੯, ੨੦੦੮ ਦੇ ਪੇਪਰ ਵਿਚ ਮੈਡੀਸਨ ਦੇ ਮੈਡੀਸਨ ਐਵਨਿਊ ਤੇ ਫੈਡਰੇਸ਼ਨ ਆਫ ਇੰਡੀਅਨ ਐਸੋਸੀਏਸ਼ਨ ਵੱਲੋਂ ਇੰਡੀਆ ਆਜ਼ਾਦੀ ਦਿਵਸ ਪਰੇਡ ਸਮੇਂ ਕੱਢੀਆਂ ਝਲਕੀਆਂ ਤੇ ਪਰੇਡ ਦੀ ਖ਼ਬਰ ਦੇ ਵੇਰਵੇ ਨੂੰ ਪੜ੍ਹਿਆ। ਜਿਸ ਦਾ ਹੈਡਿੰਗ ਤੁਸੀਂ "ਨਿਊ ਯਾਰਕ 'ਚ ਭਾਰਤ" ਦੇ ਸਿਰਲੇਖ ਹੇਠਾਂ ਵਿਸਤ੍ਰਿਤ ਜਾਨਕਾਰੀ ਦਿੱਤੀ। ਇਸ ਪਰੇਡ ਦਾ ਮੁੱਖ ਵਿਸ਼ਾ ਵਿਸ਼ਵ ਸ਼ਾਂਤੀ ਸੀ ਅਤੇ ਮਹਾਤਮਾ ਗਾਂਧੀ ਜੀ ਦੇ ਅਹਿੰਸਾ ਸਿਧਾਂਤ ਨੂੰ ਅੱਗੇ ਤੋਰਨ ਦਾ ਸੰਕਲਪ ਸੀ। ਸਾਰਾ ਕੁਝ ਪੜ੍ਹਣ ਅਤੇ ਵੇਖਣ ਤੋਂ ਬਾਅਦ ਫੈਡਰੇਸ਼ਨ ਆਫ ਇੰਡੀਅਨ ਐਸੋਸੀਏਸ਼ਨ ਦੇ ਪੰਜਾਬੀ ਪ੍ਰਧਾਨ ਯਸ਼ ਪਾਲ ਸੋਈ ਜੀ ਦੇ ਦਿੱਤੇ ਬਿਆਨ ਕਿ "ਪੰਜਾਬੀਆਂ ਦੀ ਖਾਸ ਕਰਕੇ ਸਿੱਖ ਭਾਈਚਾਰੇ ਦੀ ਇਸ ਪ੍ਰਤੀ ਬੇਰੁਖੀ ਤੇ ਸਿੱਖਾਂ ਦੀ ਕਿਸੇ ਵੀ ਸੰਸਥਾ ਵੱਲੋਂ ਪਰੇਡ ਵਿਚ ਨਾ ਸ਼ਮੂਲੀਅਤ ਦੇ ਦੂਰ ਰਹਿਣ" ਦੇ ਬਿਆਨ ਦਿੰਦਿਆਂ ਇਹ ਗੱਲ ਕਿਵੇਂ ਧਿਆਨ ਵਿਚ ਨਾ ਲਿਆਂਦੀ ਗਈ ਕਿ ਉਹ ਨਾਮਧਾਰੀ ਸਿੱਖ ਜਿਹਨਾਂ ਦੇ ਸਤਿਗੁਰੂ ਰਾਮ ਸਿੰਘ ਜੀ ਨੇ ਅਪ੍ਰੈਲ ੧੨, ੧੮੫੭ ਈ. ਕਰੀਬ ੧੫੦ ਸਾਲ ਪਹਿਲਾਂ ਭਾਰਤ ਦੀ ਆਜ਼ਾਦੀ ਦੇ ਸੁਤੰਤਰਤਾ ਸੰਗ੍ਰਾਮ ਤੇ ਵਿਸ਼ਵ ਸ਼ਾਂਤੀ ਦਾ ਸਫੇਦ ਝੰਡਾ ਫਿਰਹਾ ਕੇ ਪੂਰੇ ਵਿਸ਼ਵ ਵਿਚ ਪਹਿਲੀ ਵਾਰ ਅਮਨ, ਅਹਿੰਸਾ, ਤੇ ਨਾ ਮਿਲਵਰਤਨ ਤੇ ਸਵਦੇਸ਼ੀ ਲਹਿਰ ਦਾ ਆਗਾਜ਼ ਕੀਤਾ ਸੀ, ਜਿਸਨੂੰ ੬੦ ਸਾਲ ਬਾਅਦ ਮਹਾਤਮਾ ਗਾਂਧੀ੍ ਜੀ ਨੇ ਬੜੇ ਉਗਰ ਰੂਪ ਵਿਚ ਅੱਗੇ ਚਲਾ ਕੇ ੧੯੪੭ ਵਿਚ ਲਾਮਿਸਾਲ ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਵਾਰਤ ਦੇਸ਼ ਦੀ ਆਜ਼ਾਦੀ ਹਾਸਲ ਕੀਤੀ। "ਦੀ ਨਾਮਧਾਰੀ ਸਿੱਖ ਫਾਊਂਡੇਸ਼ਨ ਇਕ." ਨਿਊ ਯਾਰਕ, ਇਸ ੨੯ ਸਾਲਾਂ ਤੋਂ ਚਲੀ ਆ ਰਹੀ ਇੰਡੀਆ ਇੰਡੀਪੈਂਡਸ ਡੇ ਪਰੇਡ Day Parade ਵਿਚ ਬਿਨਾਂ ਕਿਸੇ ਸੁਨੇਹੇ ਜਾਂ ਸੱਦੇ-ਪੱਤਰ ਦੇ ਸ਼ਾਮਲ ਹੋ ਕੇ ਸਿੱਖ ਭਾਈਚਾਰੇ ਵਲੋਂ ਇਕ ਬੜੀ ਉਦਾਰਤਾ, ਖੁਲ ਦਿਲੀ, ਤੇ ਸਹਿਯੋਗ ਦਾ ਪ੍ਰਦਰਸ਼ਨ ਕਰਕੇ ਸਿੱਖਾਂ ਵਲੋਂ ਪਹਿਲਾ ਮੀਲ ਪੱਥਰ ਗੱਡਿਆ। ਜਿਸ ਦਾ ਕਿ ਇਕ ਇੰਡੀਅਨ ਪੈਨਾਰੋਮ ਅਖ਼ਬਾਰ ਵਿਚ ਝਾਕੀਆਂ ਦੀ lists ਵਿਚ ਨਾਮ ਮਾਤਰ "Namdhari Sikh Foundation Inc. ਦਾ ਨਾਮ ਲਿਖ ਕੇ ਜ਼ਿਕਰ ਆਇਆ ਹੈ। ਹੋਰ ਵੀ ਕਿਸੇ ਬਾਇਸਡ (biased) ਮੀਡੀਆ ਨੇ ਜ਼ਿਕਰ ਤੱਕ ਨਹੀਂ ਕੀਤਾ ਤੇ ਨਾ ਹੀ ਸ਼੍ਰੀ ਸੋਈ ਜੀ ਨੇ ਵੀ ਕਿਸੇ ਮੀਡੀਆ ਵਾਲਿਆਂ ਨੂੰ ਇਹ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਹੈ। ਪਰ ਪੰਜਾਬੀ ਭਾਈਚਾਰੇ ਬਲਕਿ ਖਾਸ ਕਰਕੇ ਸਿੱਖਾਂ ਪ੍ਰਤੀ ਅਫ਼ਸੋਸ ਜਿਤਾਇਆ ਹੈ, ਜਿਵੇਂ ਕਿ ਤੁਹਾਡੀ ਅਖ਼ਬਾਰ ਵਿਚੋਂ ਜਾਣਕਾਰੀ ਪ੍ਰਾਪਤ ਹੋਈ ਹੈ।

ਦੇਸ਼ ਦੀ ਸਵਤੰਤਰਤਾ ਲਈ ਨਾਮਧਾਰੀ ਸਿੱਖਾਂ ਦੀਆਂ ਅਦੁੱਤੀ ਅਤੇ ਅਕਥਨੀਯ ਕੁਰਬਾਨੀਆਂ ਨੂੰ ਜੰਗੇ ਆਜ਼ਾਦੀ ਦੇ ਇਤਿਹਾਸ ਦੇ ਮੁੱਢਲੇ ਪੰਨਿਆਂ ਤੇ "ਕੂਕਾ ਲਹਿਰ" ਦੇ ਸਿਰਲੇਖ ਹੇਠ ਅੰਕਿਤ ਕੀਤਾ ਗਿਆ।

ਭਾਰਤ ਦੀ ਆਜ਼ਾਦੀ ਦੇ ਸਰਬ ਪ੍ਰਥਮ ਰਹਿਨੁਮਾ, ਨਾ-ਮਿਲਵਰਤਨ ਲਹਿਰ ਦੇ ਮੋਢੀ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ੧੨ ਅਪ੍ਰੈਲ ੧੮੫੭ ਈ. ਨੂੰ ਸ੍ਰੀ ਭੈਣੀ ਸਾਹਿਬ, ਜ਼ਿਲਾ ਲੁਧਿਆਣਾ (ਪੰਜਾਬ) ਤੋਂ ਜਦੋਂ ਬਰਤਾਨਵੀ ਸਾਮਰਾਜ ਵਿਰੁੱਧ ਆਵਾਜ਼ ਬੁਲੰਦ ਕੀਤੀ ਤਾਂ ਉਸ ਵੇਲੇ ਗੁਲਾਮੀ ਦੇ ਨਾਲ ਨਾਲ, ਭਾਰਤੀ ਅਧਰਮੀ, ਕੁਕਰਮੀ ਅਤੇ ਸਮਾਜਿਕ ਕੁਰੀਤੀਆਂ ਦੇ ਦੰਬੱਲੇ ਹੋਏ ਸਨ।

ਏਹਨਾਂ ਹਾਲਤਾਂ ਵਿਚ ਗੁਰੂ ਜੀ ਨੇ ਲੋਕਾਂ ਵਿਚ ਸਵੈਮਾਨਤਾ ਜਗਾਉਣ, ਭਗਤੀ ਅਤੇ ਬੀਰ ਰਸ ਪੈਦਾ ਕਰਨ ਲਈ ਇਹ ਜ਼ਰੂਰੀ ਜਾਣਿਆ ਕਿ ਜਦੋਂ ਤਕ ਲੋਕਾਂ ਦੀ ਆਤਮਿਕ ਅਵਸਥਾ ਤਾਕਤਵਰ ਨਹੀਂ ਬਣਦੀ, ਇਹ ਮਿੱਟੀ ਦੇ ਮਾਧੋ ਬਣੇ ਰਹਿਣਗੇ। ਸੋ "ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨਿ" ਦੀ ਸਿਖਿਆ ਦੇਣ ਅਤੇ ਉੱਚ-ਗੁਣਾਂ ਦੀ ਪ੍ਰਫੁੱਲਤਾ ਲਈ 'ਨਾਮ ਸਿਮਰਨ' ਤੇ ਗੁਰਬਾਣੀ ਪੜ੍ਹਨ ਉਤੇ ਜ਼ੋਰ ਦਿੱਤਾ। ਦੇਸ਼ ਪਿਆਰ, ਭਾਈਚਾਰਕ ਮੇਲ ਮਿਲਾਪ, ਸਹਿਨਸ਼ੀਲਤਾ, ਸਾਂਝੀਵਾਲਤਾ ਅਤੇ ਵੰਡ ਛਕਣ ਲਈ ਪ੍ਰੇਰਿਆ। ਦਸ ਨੌਹਾਂ ਦੀ ਹੱਕ ਹਲਾਲ ਦੀ ਕਮਾਈ ਕਰਨ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਹ

ਸ਼ਬਦ "ਹਕੁ ਪਰਾਇਆ ਨਾਨਕਾ, ਉਸ ਸੂਅਰ ਉਸ ਗਾਇ" ਨੂੰ ਦ੍ਰਿੜ ਕਰਾਇਆ। ਪਰ ਇਹ ਸਾਰਾ ਕੁਝ ਸ੍ਰੀ ਸਤਿਗੁਰੂ ਜੀ ਨੇ ਸਰਲ ਤੇ ਸਾਦੇ ਢੰਗ ਨਾਲ ਲੋਕ-ਬੋਲੀ ਪੰਜਾਬੀ ਭਾਸ਼ਾ ਵਿਚ ਪ੍ਰਚਾਰਿਆ। ਇਕ ਮੁਸਲਮਾਨ ਲਿਖਾਰੀ ਇਉਂ ਲਿਖਦਾ ਹੈ ਕਿ "ਗੁਰੁ ਰਾਮ ਸਿੰਘ ਨੇ ੧੦ ਸਾਲੋਂ ਮੇਂ ੭ ਲਾਖ ਸਿੱਖ ਸਜਾਏ ਜੋ ਕਿ ਸਿੱਖ ਕੇ ਸਭੀ ਗੁਰੂਓਂ ਕੇ ਸਮੇਂ ਮੇਂ ਲਾ-ਮਿਸਾਲ ਤਾ।" ਜਿਵੇਂ ਕਿ ਡੀ. ਆਈ. ਜੀ. ਮੈਕ ਐਂਡਰੀਉ ਲਿਖਦਾ ਹੈ, "(ਗੁਰੂ) ਰਾਮ ਸਿੰਘ ਦੇ ਪ੍ਰਚਾਰ ਨੇ ਤੇ ਤਰੱਥਲੀ ਮਚਾ ਦਿੱਤੀ ਹੈ" (ਰਿਪੋਰਟ ਮਿਤੀ ੯.੬.੧੮੬੨) ਅੰਗਰੇਜ਼ ਨਾਮਧਾਰੀ ਸਿੱਖਾਂ ਦੇ ਆਚਰਣ ਬਾਰੇ ਲਿਖਦਾ ਹੈ, "ਕੂਕਾ ਝੂਠ ਨਹੀਂ ਬੋਲਦਾ, ਕੂਕਾ ਸ਼ਰਾਬ ਨਹੀਂ ਪੀਂਦਾ।"

ਨਾ-ਮਿਲਵਰਤਨ ਅਤੇ ਸਵਦੇਸ਼ੀ ਲਹਿਰ : ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਵਿਸ਼ਵ ਵਿਚ ਪਹਿਲੀ ਵਾਰ ਸ਼ਾਂਤਮਈ ਅਜ਼ਾਦੀ ਦੀ ਲੜਾਈ ਲੜਨ ਲਈ ਨਾ ਮਿਲਵਰਤਨ ਅਤੇ ਸਵਦੇਸ਼ੀਅਤ ਦੇ ਹਥਿਆਰ ਦਾ ਆਗਾਜ਼ ਕੀਤਾ। ਸ਼ਹੀਦ ਭਗਤ ਸਿੰਘ ਜੀ ਨੇ ਲਿਖਿਆ ਸੀ, "ਉਹਨਾਂ (ਗੁਰੂ ਰਾਮ ਸਿੰਘ) ਉਸ ਵੇਲੇ ਨਾ-ਮਿਲਵਰਤਨ ਲਹਿਰ ਦਾ ਪ੍ਰਚਾਰ ਸ਼ੁਰੂ ਕੀਤਾ ਜੋ ੧੯੨੦ ਵਿਚ ਮਹਾਤਮਾ ਗਾਂਧੀ ਜੀ ਨੇ ਕੀਤਾ ਸੀ। ਉਹਨਾਂ ਦੀ ਨਾ-ਮਿਲਵਰਤਨ ਲਹਿਰ ਮਹਾਤਮਾ ਗਾਂਧੀ ਜੀ ਦੀ ਨਾ-ਮਿਲਵਰਤਨ ਨਾਲੋਂ ਕਈ ਗੱਲਾਂ ਵਿਚ ਵੱਧ ਕੇ ਸੀ। ਅਦਾਲਤਾਂ ਦਾ ਬਾਈਕਾਟ, ਆਪਣੀਆਂ ਪੰਚਾਇਤਾਂ ਦੀ ਕਾਇਮੀ, ਸਰਕਾਰੀ ਤਾਲੀਮ ਦਾ ਬਾਈਕਾਟ, ਵਿਦੇਸ਼ੀ ਸਰਕਾਰ ਦੇ ਬਾਈਕਾਟ ਨਾਲ ਰੇਲ, ਤਾਰ ਤੇ ਡਾਕ ਦੇ ਬਾਈਕਾਟ ਦਾ ਵੀ ਪੂਰਾ ਪ੍ਰਚਾਰ ਕੀਤਾ। ਉਸ ਵੇਲੇ ਦੇਸ਼ ਇੰਨਾਂ ਸਾਹ-ਸਤਹੀਣ ਹੋ ਗਿਆ ਸੀ ਕਿ ਉਨ੍ਹਾਂ ਦੇ ਬਾਈਕਾਟ ਦੀ ਗੱਲ ਸੋਚੀ ਵੀ ਨਹੀਂ ਜਾ ਸਕਦੀ ਸੀ। (ਮਹਾਨ ਕੂਕਾ ਲਹਿਰ-ਸ਼ਹੀਦ ਭਗਤ ਸਿੰਘ)"

"ਅਸਲ ਵਿਚ ਗੁਰੂ ਰਾਮ ਸਿੰਘ ਜੀ ਨੇ ਜੋ ਇਤਿਹਾਸਕ, ਨਾ-ਮਿਲਵਰਤਨ ਅਤੇ ਸਵਦੇਸ਼ੀ ਲਹਿਰ ਸ਼ੁਰੂ ਕੀਤੀ ਸੀ ਉਸਨੇ ਭਾਰਤ ਵਿਚੋਂ ਅੰਗਰੇਜ਼ੀ ਸਾਮਰਾਜ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਸਨ ਅਤੇ ਇਸੇ ਨੀਤੀ ਦੀ ਮੱਦਦ ਨਾਲ ਮਹਾਤਮਾ ਗਾਂਧੀ ਜੀ ਭਾਰਤ 'ਚੋਂ ਗੁਲ਼ਾਮੀ ਦੇ ਗਲਬੇ ਨੂੰ ਹਟਾਉਣ ਵਿਚ ਕਾਮਯਾਬ ਹੋਏ। (ਡਾ. ਰਾਜਿੰਦਰ ਪ੍ਰਸ਼ਾਦ, ਸਰਬ ਪ੍ਰਥਮ ਰਾਸ਼ਟਰਪਤੀ-ਭਾਰਤ)"

"(ਗੁਰੂ) ਰਾਮ ਸਿੰਘ ਸਿੱਖ ਫਿਲਾਸਫ਼ਰ ਤੇ ਸੁਧਾਰਕ ਅਤੇ ਅੰਗਰੇਜ਼ ਵਪਾਰੀ ਨਾਲ ਅਤੇ ਨੌਕਰੀਆਂ ਪ੍ਰਤੀ ਨਾਮਿਲਵਰਤਨ ਤੇ ਬਾਈਕਾਟ ਨੂੰ ਰਾਜਨੀਤਕ ਸ਼ਕਤੀ ਦਾ ਹਥਿਆਰ ਬਣਾ ਕੇ ਵਰਤਣ ਵਾਲਾ ਪਹਿਲਾ ਭਾਰਤੀ ਹੈ।" (Encyclopedia of Britannica)

ਨਾਮਧਾਰੀ ਸਿੱਖਾਂ ਵੱਲੋਂ ਆਪਣਾ ਡਾਕ ਪ੍ਰਬੰਧ, ਆਪਣੇ ਵਿਦਿਅਕ ਅਦਾਰੇ, ਇਲਾਕਿਆਂ ਵਿਚ ਸੂਬਿਆਂ ਦੀ ਨਿਯੁਕਤੀ, ਦੇਸੀ ਰਿਆਸਤਾਂ ਅਤੇ ਵਿਦੇਸ਼ਾਂ ਵਿਚ ਨੇਪਾਲ, ਰੂਸ, ਅਫ਼ਗਾਨਿਸਤਾਨ ਨਾਲ ਰਾਜਨੀਤਿਕ ਸਬੰਧ, ਇਸ ਗੱਲ ਦਾ ਸਬੂਤ ਸਨ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਸਮਾਨੰਤਰ ਸਰਕਾਰ ਬਣਾ ਲਈ ਸੀ। ਕਸ਼ਮੀਰ ਵਿਚ ਤਾਂ ੧੮੬੯-੭੦ ਵਿਚ 'ਕੂਕਾ-ਪਲਟਣ' ਵੀ ਬਣ ਗਈ ਸੀ।

ਸ਼ਹਾਦਤਾਂ : ਅੰਗਰੇਜ਼ ਨੇ ਭਾਰਤ ਵਿਚ ਆਪਣੀ ਸੱਤਾ ਦੀ ਸਥਾਪਤੀ ਅਤੇ ਪਕਿਆਈ ਲਈ "ਪਾੜੋ ਤੇ ਰਾਜ ਕਰੋ" ਦੀ ਨੀਤੀ ਨੂੰ ਅਧਾਰ ਬਣਾਇਆ ਸੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਅੰਗਰੇਜ਼ਾਂ ਤੋਂ ਅਜ਼ਾਦੀ ਹਾਸਲ ਕਰਨ ਲਈ "ਜੁੜੋ ਅਤੇ ਲੜੋ" (Unite and Fight) ਦੀ ਨੀਤੀ ਨੂੰ ਪ੍ਰਚਾਰਿਆ। ਇਸੇ ਲਈ ਜਦੋਂ ਧਰਮ ਦੇ ਨਾਮ ਉਤੇ ਲੋਕਾਂ ਨੂੰ ਲੜਾਉਣ ਅਤੇ ਗੁਲਾਮੀ ਦਾ ਅਹਿਸਾਸ ਕਰਾਉਣ ਲਈ, ਅੰਗਰੇਜ਼ਾਂ ਨੇ ਪੰਜਾਬ ਵਿਚ ਥਾਉਂ-ਥਾਈਂ ਗਊ-ਬੱਧ ਲਈ ਬੁਚੜਖਾਨੇ ਖੋਲੇ ਤਾਂ ਨਾਮਧਾਰੀ ਸਿੱਖਾਂ ਨੇ ਇਸਦੀ ਸੰਪੂਰਨ ਮੁਖਾਲਫ਼ਿਤ ਕੀਤੀ।

ਸੋ ਨਾਮਧਾਰੀ ਸਿੱਖਾਂ ਨੇ ੧੫ ਜੂਨ ੧੮੭੧ ਈ. ਨੂੰ ਅੰਮ੍ਰਿਤਸਰ ਅਤੇ ੧੫ ਜੁਲਾਈ ੧੮੭੧ ਈ. ਨੂੰ ਰਾਇਕੋਟ ਬੁਚੜਖਾਨੇ ਤੇ ਧਾਵਾ ਬੋਲ ਦਿੱਤਾ, ਬੁਚੜ ਮਾਰੇ ਅਤੇ ਗਊਆਂ ਅਜ਼ਾਦ ਕਰ ਦਿੱਤੀਆਂ। ਅੰਗਰੇਜ਼ ਇਹ ਬਗਾਵਤ ਵੇਖ ਬੌਖਲਾ ਗਿਆ। ਉਸਨੇ ਬੇਦੋਸ਼ ਲੋਕਾਂ ਨੂੰ ਹੀ ਮਾਰਕੁਟ ਕੇ ਜੁਰਮ ਕਬੂਲ ਕਰਵਾ ਕੇ, ਸਜ਼ਾ ਦੇਣ ਦਾ ਪ੍ਰੋਗਰਾਮ ਸਿਰੇ ਚਾੜ੍ਹਣ ਦੀ ਸੋਚ ਲਈ। ਪਰ ਨਾਮਧਾਰੀ ਸਿੱਖਾਂ ਨੇ ਅਦਾਲਤ ਵਿਚ ਸਬੂਤ ਸਮੇਤ ਪੇਸ਼ ਹੋ ਕੇ, ਆਪਣੇ ਜੁਰਮ ਕਬੂਲ ਕੀਤੇ ਅਤੇ ਅੰਗਰੇਜ਼ ਦੀ ਅਨਿਆਂ-ਨੀਤੀ ਦਾ ਪਰਦਾ ਫ਼ਾਸ਼ ਕਰ ਦਿੱਤਾ।

ਇਸ ਬਗਾਵਤ ਕਰਨ ਦੇ ਜੁਰਮ ਵਿਚ ੫ ਅਗਸਤ ੧੮੭੧ ਈ. ਨੂੰ ਤਿੰਨ ਨਾਮਧਾਰੀ ਸਿੱਖਾਂ ਨੂੰ ਰਾਇਕੋਟ, ੧੫ ਸਤੰਬਰ ੧੮੭੧ ਈ. ਨੂੰ ਚਾਰ ਨਾਮਧਾਰੀ ਸਿੱਖਾਂ ਨੂੰ ਅੰਮ੍ਰਿਤਸਰ ਅਤੇ ਦੋ ਨਾਮਧਾਰੀ ਸਿੱਖਾਂ ਨੂੰ ਲੁਧਿਆਣੇ ਬੋਹੜ ਨਾਲ ੨੬ ਨਵੰਬਰ ੧੮੭੧ ਈ. ਨੂੰ ਸ਼ਰੇਆਮ ਫ਼ਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ।

ਮਲੇਰ ਕੋਟਲੇ ਦਾ ਖੂਨੀ ਸਾਕਾ : ੧੫ ਜਨਵਰੀ ੧੮੭੨ ਈ. ਨੂੰ ੧੦ ਨਾਮਧਾਰੀ ਸਿੱਖ ਲੜਾਈ ਵਿਚ ਲੜਦੇ ਹੋਏ ਸ਼ਹੀਦ ਹੋ ਗਏ ਤੇ ਚਾਰ ਨਾਮਧਾਰੀ ਸਿੱਖ, ਜੋ ਕਿ ਬੁਰੀ ਤਰ੍ਹਾਂ ਜ਼ਖਮੀ ਹੋ ਗਏ ਸਨ, ਨੂੰ ਮੁਕੱਦਮਾ ਚਲਾ ਕੇ ਕਾਲੇ ਪਾਣੀ ਦੀ ਸਜ਼ਾ ਦੇ ਦਿੱਤੀ ਗਈ ਤੇ ਇਹ ਸਿੱਖ ਜੇਲ੍ਹ ਵਿਚ ਹੀ ਸ਼ਹੀਦੀ ਪਾ ਗਏ।

ਆਪਣਾ ਇਹ ਮਤਲਬ, ਕਿ ਅੰਗਰੇਜ਼ਾਂ ਨੂੰ ਦੱਸਣਾ ਕਿ ਹੁਣ ਦੇਸ਼ਵਾਸੀ ਜਾਗ ਗਏ ਹਨ ਅਤੇ ਨਾ ਉਹ ਬਦੇਸ਼ੀ ਰਾਜ ਚਾਹੁੰਦੇ ਹਨ ਤੇ ਨਾ ਹੀ ਆਪਣੇ ਧਰਮ ਵਿਚ ਕਿਸੇ ਦੀ ਦਖਲਅੰਦਾਜ਼ੀ, ਨੂੰ ਸਿੱਧ ਕਰਕੇ ਇਸ ਜਥੇ ਨੇ ਆਤਮ ਸਮਰਪਨ ਕਰ ਦਿੱਤਾ। ਅੰਗਰੇਜ਼ ਹਰ ਉਹ ਚਿੰਗਾਰੀ ਬੁਝਾ ਦੇਣ ਚਾਹੁੰਦਾ ਸੀ ਜੋ ਉਸਦੀ ਸੱਤਾ ਨੂੰ ਸੇਕ ਲਾਵੇ, ਪਰ ਇਹ ਤਾਂ ਭਾਂਬੜ ਬਲ ਰਿਹਾ ਸੀ। ਅੰਗਰੇਜ਼ ਹਾਕਮ ਨੇ ਮਨ ਬਣਾ ਲਿਆ ਕਿ ਇਹਨਾਂ ਬਾਗੀ ਨਾਮਧਾਰੀ ਸਿੱਖਾਂ ਨੂੰ ਮਾਰ ਮੁਕਾਵੇਂਗਾ। ਏਸ ਲਈ ਮਲੇਰਕੋਟਲੇ ਦੇ ਪਰੇਡ ਗਰਾਊਂਡ ਵਿਚ ਦੇਸੀ ਰਿਆਸਤਾਂ ਤੋਂ ਨੌ ਤੋਪਾਂ ਮੰਗਵਾ ਕੇ ਬੀੜੀਆਂ ਗਈਆਂ। ਲਾਗਦੇ ਪਿੰਡਾਂ ਤੋਂ ਲੋਕ ਵੀ ਇਕੱਠੇ ਕਰ ਲਏ ਤਾਂ ਜੋ ਨਾਮਧਾਰੀ ਸਿੱਖਾਂ ਨੂੰ ਸਜ਼ਾਵਾਂ ਮਿਲਦੀਆਂ ਵੇਖ, ਮੁੜਕੇ ਕੋਈ ਬਗਾਵਤ ਕਰਨ ਦਾ ਹੌਸਲਾ ਨਾ ਕਰੇ। ਅੰਗਰੇਜ਼ ਹਾਕਮ ਡੀ. ਸੀ. ਕਾਵਨ ਦੇ ਨਾਮਧਾਰੀ ਜਥੇ ਦੇ ਸਰਦਾਰ, ਹੀਰਾ ਸਿੰਘ ਨੂੰ ਇਹ ਪੁਛਣ ਤੇ, "ਤੁਸਾਂ ਗਦਰ ਕਿਉਂ ਮਚਾਇਆ ਹੈ" ਜਦ ਉਹਨਾਂ ਨੇ ਲਲਕਾਰ ਕੇ ਉੱਤਰ ਦਿੱਤਾ, "ਅਸੀਂ ਤੁਹਾਡਾ ਰਾਜ ਨਹੀਂ ਚਾਹੁੰਦੇ, ਆਪਣੇ ਭਰਾਵਾਂ ਦਾ ਰਾਜ ਚਾਹੁੰਦੇ ਹਾਂ,......... ਅਸੀਂ ਮੁੜ ਜੰਮਾਂਗੇ, ਆਪਣੇ ਹੱਥਾਂ ਵਿਚ ਤਲਵਾਰ ਲੈ, ਜੰਗ ਲੜਾਂਗੇ ਅਤੇ ਤੁਹਾਡਾ ਰਾਜ ਖਤਮ ਕਰਾਂਗੇ" ਤਾਂ ਡੀ. ਸੀ. ਕਾਵਨ ਅੱਗ ਬਾਬੂਲਾ ਹੋ ਗਿਆ, ਬਿਨਾਂ ਕੋਈ ਕਾਨੂੰਨੀ ਕਾਰਵਾਈ ਕੀਤੇ, ਮੁਕਦਮਾ ਚਲਾਏ, ਇੱਥੋਂ ਤੱਕ ਕਿ ਬਿਨਾ ਨਾਮ ਦਰਜ ਕੀਤਿਆਂ, ਨਾਮਧਾਰੀ ਸਿੱਖਾਂ ਨੂੰ ਤੋਪਾਂ ਨਾਲ ਉਡਾਉਣ ਦਾ ਹੁਕਮ ਦੇ ਦਿੱਤਾ। ੧੭ ਜਨਵਰੀ ੧੮੭੨ ਈ. ਨੂੰ ਸੱਤ ਤੋਪਾਂ ਸੱਤ ਵਾਰ ਚਲੀਆਂ ੪੯ ਸਿੱਖ ਦੇਸ਼ ਦੀ ਅਜ਼ਾਦੀ ਲਈ ਤੂੰਬਾ-ਤੂੰਬਾ ਉਡਵਾ ਸ਼ਹੀਦ ਹੋ ਗਏ। ਇਸ ਵਿਚ ਇਕ ੧੨ ਸਾਲ ਦਾ ਬੱਚਾ ਵੀ ਸੀ ਜਿਸਨੂੰ ਕਿ ਡੀ. ਸੀ. ਕਾਵਨ ਦੀ ਪਤਨੀ ਨੇ ਬਖਸ਼ ਦੇਣ ਲਈ ਕਿਹਾ ਪਰ ਜਦ ਕਾਵਨ ਨੇ ਕਿਹਾ ਕਿ "ਤੂੰ ਕਹਿ ਦੇ ਮੈਂ ਰਾਮ ਸਿੰਘ ਦਾ ਸਿੱਖ ਨਹੀਂ", ਆਪਣੇ ਗੁਰੂ ਦੀ ਬੇਅਦਬੀ ਦੇਖ ਬਿਸ਼ਨ ਸਿੰਘ ਨੇ ਕਾਵਨ ਦੀ ਦਾੜ੍ਹੀ ਨੂੰ ਹੱਥ ਪਾ ਲਿਆ ਅਤੇ ਗਰਜ਼ਿਆ, "ਫੇਰ ਕਹੇਂਗਾ ਕਿ ਮੈਂ ਸਤਿਗੁਰੂ ਰਾਮ ਸਿੰਘ ਦਾ ਸਿੱਖ ਨਹੀਂ।" ਕੋਲ ਖੜ੍ਹੇ ਸਿਪਾਹੀ ਘਬਰਾ ਗਏ ਤੇ ਪਹਿਲਾਂ ਬਿਸ਼ਨ ਸਿੰਘ ਦੇ ਹੱਥ ਕਟੇ ਅਤੇ ਫਿਰ ਸੀਸ ਧੜ ਨਾਲੋਂ ਅਲਗ ਕਰ ਦਿੱਤਾ। ੧੮ ਜਨਵਰੀ ੧੮੭੨ ਈ. ਨੂੰ ੧੬ ਹੋਰ ਸਿੰਘਾਂ ਨੂੰ ਤੋਪਾਂ ਨਾਲ ਉਡਾ ਕੇ ਸ਼ਹੀਦ ਕਰ ਦਿੱਤਾ। ਇਹਨਾਂ ਸੋਲਾਂ ਵਿਚ ਸ੍ਰੀ ਵਰਿਆਮ ਸਿੰਘ ਨੂੰ ਪਟਿਆਲੇ ਰਾਜੇ ਦੀ ਰਿਹਾਈ ਦੀ ਸਿਫ਼ਾਰਿਸ਼ ਤੇ ਅੰਗਰੇਜ਼ ਹਾਕਮ ਨੇ ਇਹ ਕਹਿ ਕੇ ਹਟ ਜਾਣ ਲਈ ਕਿਹਾ ਕਿ ਤੇਰਾ ਕੱਦ ਛੋਟਾ ਹੈ, ਪਰ ਉਹ ਲਾਗਦੇ ਖੇਤਾਂ ਵਿਚੋਂ ਮਿੱਟੀ ਦੀਆਂ ਢੀਮਾਂ ਇਕੱਠੀਆਂ ਕਰ ਉਪਰ ਖਲੋ ਕੇ ਕਹਿਣ ਲੱਗਾ, "ਵੇਖ ਬਿਲਿਆ, ਹੁਣ ਮੈਂ ਤੇਰੀ ਤੋਪ ਦੇ ਸਾਹਮਣੇ ਪੂਰਾ ਹਾਂ, ਤੂੰ ਤੋਪ ਚਲਾ।"

ਇਸ ਤਰਾਂ ਮਲੇਰ ਕੋਟਲੇ ਸਾਕੇ ਵਿਚ ੧੦ ਸਿੱਖ ਲੜਦੇ ਹੋਏ, ੪ ਕਾਲੇ ਪਾਣੀ ਦੀ ਸਜ਼ਾ ਕੱਟਦੇ ਜ਼ੇਲ੍ਹ ਵਿਚ, ੬੫ ਸਿੱਖ ਤੋਪਾਂ ਨਾਲ ਅਤੇ ਇਕ ਤਲਵਾਰ ਨਾਲ ਕੁਲ ੮੦ ਨਾਮਧਾਰੀ ਸਿੱਖ ਸ਼ਹਾਦਤਾਂ ਪਾ ਗਏ।

ਸਰ ਹੈਨਰੀ ਕਾਟਨ ਆਪਣੀ ਪੁਸਤਕ Indian and Home Memories ਵਿਚ ਲਿਖਦਾ ਹੈ- "ਮੇਰੀਆਂ ੧੮੭੨ ਦੀਆਂ ਯਾਦਾਂ ਅਪੂਰਨ ਰਹਿਣਗੀਆਂ, ਜੇ ਮੈਂ ਮਲੇਰਕੋਟਲੇ ਦੀ ਘਟਨਾ ਜਿਸਨੂੰ ਕਿ ਮੈਂ ਵਹਿਸ਼ੀਆਣਾ ਕਤਲੇਆਮ ਹੀ ਕਹਿ ਸਕਦਾ ਹਾਂ, ਦਾ ਜ਼ਿਕਰ ਨਾ ਕਰਾਂ.........ਮੈਨੂੰ ਪੂਰੀ ਤਰ੍ਹਾਂ ਯਾਦ ਹੈ ਕਿ ਮੇਰੀ ਭਾਰਤ ਵਿਚ ਨੌਕਰੀ ਦਰਮਿਆਨ, ਮੇਰੇ ਵਾਸਤੇ ਅਜੇਹੀ ਬਾਗੀਆਣਾ ਅਤੇ ਖੌਫ਼ਨਾਕ ਘਟਨਾ ਨਹੀਂ ਵਾਪਰੀ, ਜਿਤਨਾ ਕੇ ਇਹ ਮੌਤ ਦਾ ਦ੍ਰਿਸ਼ ਸੀ।"

ਨਾਮਧਾਰੀ ਪੰਥ ਬਾਗ਼ੀ ਕਰਾਰ : ਅੰਗਰੇਜ਼ ਤਾਂ ਨਾਮਧਾਰੀ ਸਿੱਖਾਂ ਤੇ ਰੋਕ ਲਾਉਣ ਦਾ ਬਹਾਨਾ ਲੱਭ ਰਿਹਾ ਸੀ। ਮਲੇਰਕੋਟਲੇ ਦੇ ਸਾਕੇ ਨੂੰ ਉਸਨੂੰ ਮੌਕਾ ਦੇ ਦਿੱਤਾ ਤੇ ਉਸਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਹਿਰਾਸਤ ਵਿਚ ਲੈ ਕੇ ਅਲਾਹਾਬਾਦ ਤੇ ਫਿਰ ਦੇਸ਼ ਨਿਕਾਲਾ ਦੇ ਕੇ ਬਰਮਾ ਵਿਚ ਰੰਗੂਨ ਅਤੇ ਮਰਗੋਈ ਵਿਖੇ ਕੈਦ ਵਿਚ ਰੱਖਿਆ। ਸੂਬਿਆਂ ਨੂੰ ਵੀ ਵਿਦੇਸ਼ਾਂ ਦੀਆਂ ਜੇਲ੍ਹਾਂ ਵਿਚ ਕੈਦ ਰੱਖਿਆ ਜਿੱਥੇ ਉਹ ਸ਼ਹੀਦੀਆਂ ਪਾ ਗਏ। ਨਾਮਧਾਰੀਆਂ ਦੇ ਮੁੱਖ ਕੇਂਦਰ ਸ੍ਰੀ ਭੈਣੀ ਸਾਹਿਬ ਅੱਗੇ ੫੧ ਸਾਲ ੧੮੭੨-੧੯੨੩ ਈ. ਤਕ ਪੁਲੀਸ ਚੌਕੀ ਬਿਠਾ ਰੱਖੀ ਅਤੇ ਸਮੂਹ ਨਾਮਧਾਰੀ ਸਿੱਖਾਂ ਨੂੰ ਬਾਗੀ ਕਰਾਰ ਦੇ ਕੇ, ਪਿੰਡੋ ਪਿੰਡੀ ਨਜ਼ਰ ਬੰਦ ਕਰ ਦਿੱਤਾ। ਨਾਮਧਾਰੀ ਸਿੱਖਾਂ ਦੇ ਦੀਵਾਨਾਂ ਅਤੇ ਪਾਠ ਕਰਨ ਅਤੇ ਕਰਾਉਣ ਵਾਲਿਆਂ ਤੇ ਪਾਬੰਦੀਆਂ ਲਾਗੂ ਕਰ ਦਿੱਤੀਆਂ ਗਈਆਂ।

ਇਹਨਾਂ ਨਿਯਮਾਂ, ਕਾਨੂੰਨਾਂ ਦੀ ਉਲੰਘਣਾ ਕਰਨ ਦੇ ਜੁਰਮ ਅਤੇ ਅੰਗਰੇਜ਼ੀ ਸਰਕਾਰ ਵਿਰੁੱਧ ਪ੍ਰਚਾਰ ਕਰਨ ਕਰਕੇ ਸੈਂਕੜੇ ਹਜ਼ਾਰਾਂ ਨਾਮਧਾਰੀ ਸਿੱਖਾਂ ਦੀਆਂ ਜਾਇਦਾਦਾਂ ਜਬਤ ਜਾਂ ਨੀਲਾਮ ਕਰ ਦਿੱਤੀਆਂ ਗਈਆਂ। ਹਜ਼ਾਰਾਂ ਨੇ ਜੇਲ੍ਹ-ਯਾਤਰਾਂ ਸਹੀਆਂ, ਅਣਗਿਣਤ ਨੂੰ ਕਾਲੇ ਪਾਣੀ ਦੀਆਂ ਸਜ਼ਾਵਾਂ ਹੋ ਗਈਆਂ, ਸਮੁੰਦਰ ਵਿਚ ਡੋਬ-ਡੋਬ ਕੇ ਮਾਰ ਦਿੱਤਾ ਗਿਆ। ਪਰ ਅਸ਼ਕਿ ਨਾਮਧਾਰੀ ਸਿੱਖਾਂ ਦੇ, ਸਭੇ ਦੁਖ ਤਕਲੀਫਾਂ ਸਹਾਰ ਲਈਆਂ, ਪਰ ਅੰਗਰੇਜ਼ੀ ਸਰਕਾਰ ਦੀ ਈਨ ਨਹੀਂ ਪਰਵਾਨੀ।

ਪ੍ਰੈਜ਼ੀਡੈਂਟ (ਨਾਮਧਾਰੀ ਸਿੱਖ ਫਾਊਂਡੇਸ਼ਨ)
ਫੋਨ-(੫੧੬) ੫੧੫-੯੫੭੦

ਗੁਰ ਬਿਨੁ ਗਿਆਨੁ ਨ ਹੋਇ

ਪੁਸ਼ਪਿੰਦਰ ਕੌਰ (ਰਾਮਪੁਰਾ ਫੂਲ)

ਗੁਰੂ ਬਹੁਤ ਵੱਡਾ ਸ਼ਬਦ ਹੈ, ਗੁਰੂ ਨਿਰੰਕਾਰ ਹੈ, ਗੁਰੂ ਪ੍ਰਮੇਸ਼ਵਰ ਹੈ, ਗੁਰੂ ਪਾਰਬ੍ਰਹਮ ਹੈ, ਗੁਰੂ ਰੱਬ ਹੈ, ਈਸ਼ਵਰ ਹੈ। ਗੁਰੂ ਸ਼ਬਦ ਦੋ ਅੱਖਰਾਂ ਦਾ ਸੁਮੇਲ ਹੈ — ਗੁ+ਰੂ। ਗੁ ਦਾ ਭਾਵ ਹੈ ਅੰਧਕਾਰ, ਹਨੇਰਾ ਅਤੇ ਰੂ ਦਾ ਹੈ ਰੌਸ਼ਨੀ, ਚਾਨਣ। ਸੋ ਗੁਰੂ ਦਾ ਮਤਲਬ ਹੈ ਅੰਧਕਾਰ ਵਿਚੋਂ ਕੱਢ ਕੇ ਰੌਸ਼ਨੀ ਪ੍ਰਦਾਨ ਕਰਨ ਵਾਲਾ, ਭੁੱਲੇ ਭਟਕਿਆਂ ਨੂੰ ਉਂਗਲ ਫੜਕੇ ਸਿੱਧਾ ਰਸਤਾ ਦਿਖਾਉਣ ਵਾਲਾ। ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਪੰਨਾ ੨੯੩ 'ਤੇ ਲਿਖਦੇ ਹਨ—

ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ।
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ।

ਗੁਰੂ ਸ਼ਬਦ ਪੂਰਬੀ ਚੇਤਨਾ ਦੀ ਖੋਜ ਹੈ। ਪੱਛਮੀ ਭਾਸ਼ਾ ਵਿਚ ਗੁਰੂ ਜੇਹਾ ਕੋਈ ਸ਼ਬਦ ਨਹੀਂ ਹੈ। ਪੱਛਣ ਵਿੱਚ ਟੀਚਰ ਸ਼ਬਦ ਹੈ, ਅਧਿਆਪਕ ਸ਼ਬਦ ਹੈ, ਅਚਾਰੀਆ ਸ਼ਬਦ ਹੈ। ਟੀਚਰ ਉਹ ਹੁੰਦਾ ਹੈ ਜੋ ਦੁਨਿਆਵੀ ਗਿਆਨ ਦੇਵੇ, ਕਿਤਾਬੀ ਗਿਆਨ ਦੇਵੇ, Education ਦੇਵੇ। ਪਰ ਦੁੱਖ ਦੀ ਗੱਲ ਹੈ ਕਿ ਪੱਛਮ ਦੀ ਰੀਸੋ ਰੀਸ ਸਾਡੇ ਪੂਰਬੀ ਧਾਰਮਿਕ ਲੋਕਾਂ ਨੇ ਵੀ ਗੁਰੂ ਬਾਰੇ ਸਮਝਾਉਂਦਿਆਂ ਗੁਰੂ ਨੂੰ ਟੀਚਰ ਬਣਾ ਧਰਿਆ ਹੈ ਜਦੋਂ ਕਿ ਟੀਚਰ ਅਤੇ ਗੁਰੂ ਇਕ ਦੂਸਰੇ ਦੇ ਵਿਰੋਧੀ ਸ਼ਬਦ ਹਨ। ਟੀਚਰ ਤਾਂ ਮਨੁੱਖ ਨੂੰ ਦੁਨਿਆਵੀ ਗਿਆਨ ਦੇ ਕੇ ਡਾਕਟਰ, ਇੰਜੀਨੀਅਰ, ਅਫਸਰ, ਸ਼ਾਸਤਰੀ ਬਣਾਉਂਦਾ ਹੈ। ਪਰ ਗੁਰੂ ਦੁਨਿਆਵੀ ਗਿਆਨ ਕਾਰਨ, ਰੁਤਬਿਆਂ ਕਾਰਨ, ਪੈਸੇ ਦੇ ਅਨੰਤ ਭੰਡਾਰ ਹੋਣ ਕਾਰਨ ਮਨੁੱਖ ਅੰਦਰ ਪੈਦਾ ਹੋਈ ਹਉਮੈਂ ਕੱਢ ਕੇ ਮਨ ਸ਼ਾਂਤ ਕਰ ਦਿੰਦਾ ਹੈ, ਸਹਿਜ ਅਵਸਥਾ ਵਿਚ ਲੈ ਆਉਂਦਾ ਹੈ। ਕੂੜੇ ਕਰਕਟ ਨਾਲ ਭਰੇ ਦਿਮਾਗ ਰੂਪੀ ਭਾਂਡੇ ਨੂੰ ਮੂਧਾ ਮਾਰਕੇ ਸਾਫ ਕਰ ਦਿੰਦਾ ਹੈ ਅਤੇ ਫਿਰ ਗੁਰੂ ਉਸ ਖਾਲ ਭਾਂਡੇ ਵਿੱਚ ਗਿਆਨ ਦੀ ਜੋਤ ਜਗਾ ਕੇ ਮਨੁੱਖ ਨੂੰ ਬ੍ਰਹਮ ਗਿਆਨ ਨਾਲ ਭਰ ਕੇ ਅਮਰ ਕਰ ਦਿੰਦਾ ਹੈ। ਜਿੱਥੇ ਆਸਾ ਦੀ ਵਾਰ ਵਿੱਚ ਗੁਰੂ ਨਾਨਕ ਦੇਵ ਜੀ ਗੁਰੂ ਬਿਨੁ ਗਿਆਨ ਨਾ ਹੋਣ ਦੀ ਪੁਸ਼ਟੀ ਕਰਦੇ ਹੋਏ ਲਿਖਦੇ ਹਨ—

ਕੁੰਭੇ ਬਧਾ ਜਲ ਰਹੈ ਜਲ ਬਿਨੁ ਕੁੰਭੁ ਨ ਹੋਇ।
ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਹੋਇ।

ਉਥੇ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਪੰਨਾ - 1399 'ਤੇ ਗੁਰੂ ਅਮਰਦਾਸ ਜੀ ਦਾ ਉਚਾਰਨ ਕੀਤਾ ਹੋਇਆ ਸ਼ਬਦ ਇਸ ਗੱਲ ਦਾ ਪ੍ਰਮਾਣ ਦਿੰਦਾ ਹੈ ਕਿ ਗੁਰੂ ਬਿਨਾ ਅੰਧਕਾਰ ਹੈ, ਹਨੇਰਾ ਹੈ, ਗੁਰੂ ਬਿਨਾ ਮਨੁੱਖ ਬੇ-ਸਮਝ ਹੈ ਅਤੇ ਗੁਰੂ ਬਿਨਾ ਆਦਮੀ ਨੂੰ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ। ਚੌਥੇ ਪਾਤਸ਼ਾਹ ਲਿਖਦੇ ਹਨ—

ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ।
ਗੁਰ ਬਿਨੁ ਸੁਰਤਿਨ ਸਿਧਿ ਗੁਰੂ ਬਿਨੁ ਮੁਕਤਿਨ ਪਾਵੈ।

ਗੁਰਬਾਣੀ ਵਿੱਚ ਗੁਰੂ ਦੀ ਬਖਸ਼ਿਸ਼, ਗੁਰੂ ਦੀ ਮਿਹਰ, ਗੁਰੂ ਜੀ ਦੀ ਕ੍ਰਿਪਾ ਦੀ ਵਿਸ਼ੇਸ਼ ਮਹੱਤਤਾ ਹੈ। ਸ੍ਰੀ ਆਦਿ ਗ੍ਰੰਥ ਸਾਹਿਬ ਦਾ ਮੂਲ ਆਧਾਰ ਹੀ ਗੁਰੂ ਤੇ ਗਿਆਨ ਹੈ। ਗੁਰੂ ਚਾਹੇ ਤਾਂ ਸੰਭਵ ਨੂੰ ਅਸੰਭਵ ਅਤੇ ਅਸੰਭਵ ਨੂੰ ਸੰਭਵ ਵਿੱਚ ਬਦਲ ਸਕਦਾ ਹੈ। ਸ੍ਰੀ ਆਦਿ ਗ੍ਰੰਥ ਸਾਹਿਬ ਦੇ ਪੰਨਾ ੧੧੦੬ ਤੇ ਭਗਤ ਰਵਿਦਾਸ ਜੀ ਗੁਰੂ ਕ੍ਰਿਪਾ ਦਾ ਜਿਕਰ ਕਰਦੇ ਹੋਏ ਲਿਖਦੇ ਹਨ—

ਨਾਮਦੇਵ ਕਬੀਰ ਤਿਲੋਚਨ ਸਧਨਾ ਸੈਨੁ ਤਰੈ॥
ਕਹਿ ਰਵਿਦਾਸ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ॥

ਅਤੇ ਕਬੀਰ ਕਹਿੰਦੇ ਹਨ—

"ਗੁਰ ਕੁੰਮਹਾਰ ਸ਼ਿਸ ਕੁੰਭ ਹੈ"

ਕਿੰਨੀ ਵੱਡੀ ਗੱਲ ਆਖੀ ਹੈ ਕਬੀਰ ਨੇ ਕਿ ਮਨੁੱਖ ਨੂੰ ਘੜਨ ਵਾਲਾ ਵੀ ਗੁਰੂ ਹੈ ਅਤੇ ਉਸਦੇ ਅੰਦਰ ਹਉਮੈ ਦਾ ਨਾਸ਼ ਕਰਕੇ ਸਹਿਜ ਅਵਸਥਾ ਪੈਦਾ ਕਰਨ ਵਾਲਾ ਵੀ ਗੁਰੂ ਹੀ ਹੈ। ਅੱਗੇ ਜਾ ਕੇ ਕਬੀਰ ਕਹਿੰਦੇ ਹਨ "ਗੁਰੂ ਸਮਾਨ ਦਾਤਾ ਨਹ" ਅਤੇ ਅਖੀਰ ਕਬੀਰ ਗੁਰੂ ਨੂੰ ਪਾਰਬ੍ਰਹਮ ਪ੍ਰਮੇਸ਼ਵਰ ਤੋਂ ਵੀ ਵੱਡਾ ਬਿਆਨਦੇ ਹੋਏ ਕਹਿੰਦੇ ਹਨ

"ਕਰਤਾ ਕਰੈ ਨਾ ਕਰ ਸਕੈ, ਗੁਰੂ ਕਰੇ ਸੋ ਹੋਇ"

ਸਤਿਗੁਰੂ ਰਾਮ ਸਿੰਘ ਜੀ ਨੇ ਅੰਧਕਾਰ ਅਤੇ ਗੁਲਾਮੀ ਦੀ ਨੀਂਦ ਵਿੱਚ ਘੂਕ ਸੁੱਤੀ ਜਨਤਾ ਨੂੰ ਗਿਆਨ ਦਾ ਪ੍ਰਕਾਸ਼ ਦੇ ਕੇ ਲੋਕਾਂ ਵਿੱਚ ਅਜਿਹੀ ਰੂਅ ਫੂਕੀ ਕਿ ਦੇਸ਼ ਜਗਮਗ ਕਰ ਉਠਿਆ। ਸਤਿਗੁਰਾਂ ਦਰਬਾਰਾ ਸਿੰਘ ਵਰਗੇ ੫੦੦ ਚਿੜਾ, ੧੦੦ ਮੁਰਗਾ ਅਤੇ ੫ ਬੱਕਰੇ ਪਾ ਕੇ ਸ਼ਰਾਬ ਕੱਢਣ ਵਾਲੇ ਦੈਂਤ ਰੂਪੀ ਮਨੁੱਖਾਂ ਵਿਚ ਅਜਿਹੀ ਰੂਅ ਫੂਕੀ ਜੋ ਭਾਰਤ ਦੀ ਆਜ਼ਾਦੀ ਲਈ ਖੁਫੀਆ ਰੂਪ ਧਾਰ ਕੇ ਰੂਸ ਦੇ ਦਰਬਾਰ ਤੱਕ ਜਾ ਪਹੁੰਚੇ। ਸਤਿਗੁਰੂ ਰਾਮ ਸਿੰਘ ਜੀ ਹੁਕਮਨਾਮੇ ਵਿੱਚ ਲਿਖਦੇ ਹਨ—

"ਬਿਨਾ ਗੁਰ ਸ਼ਬਦ ਮੰਨੇ ਸਿੱਖ ਨਹੀਂ ਬਣਦਾ ਨਹੀਂ ਸਾਧ ਬਣਦਾ ਹੈ। ਗੁਰ ਸ਼ਬਦ ਮੰਨੇ ਬਿਨਾ ਕੁਝ ਵੀ ਨਹੀਂ ਹੱਥ ਆਉਂਦਾ ਇਹ ਸਰਬ ਸਾਸਤ੍ਰਾ ਕਾ ਮਤੁ ਹੈ।"

ਹਨੇਰਾ ਕਿਤੋਂ ਆਉਂਦਾ ਨਹੀਂ ਉਹ ਹਮੇਸ਼ਾਂ ਹੀ ਏਥੇ ਹੈ। ਹਨੇਰੇ ਵਿੱਚ ਕੋਈ ਰਫਤਾਰ ਨਹੀਂ। ਹਨੇਰੇ ਵਿਚ ਕੋਈ ਵਿਕਾਸ ਨਹੀਂ। ਹਨੇਰੇ ਦਾ ਕੋਈ ਰੂਪ ਪਰਿਵਰਤਨ ਨਹੀਂ। ਹਨੇਰੇ ਤੋਂ ਵੱਧ ਮੁਰਦਾ ਚੀਜ ਤੁਸੀਂ ਨਹੀਂ ਪਾ ਸਕੋਗੇ। ਹਨੇਰਾ ਇਸ ਜਗਤ ਵਿੱਚ ਭਿਆਨਕ ਮੌਤ ਹੈ। ਰੌਸ਼ਨੀ ਦੀ ਇੱਕ ਕਿਰਨ ਆਉਂਦੀ ਹੈ ਜੋ ਇਸ ਹਨੇਰੇ ਨੂੰ ਤੋੜ ਦਿੰਦੀ ਹੈ। ਹਨੇਰੇ ਨੂੰ ਤਹਿਸ ਨਹਿਰ ਕਰ ਦਿੰਦੀ ਹੈ। ਚੁਫੇਰੇ ਚਾਨਣ ਫੈਲਾਅ ਦਿੰਦੀ ਹੈ। ਇਹੀ ਕਿਰਨ ਗੁਰੂ ਦੇ ਗਿਆਨ ਦੀ ਕਿਰਨ ਹੈ। ਗੁਰੂ ਬਿਨਾ ਗਿਆਨ ਨਹੀਂ ਹੋ ਸਕਦਾ ਗੁਰਬਾਣੀ ਮੁਤਾਬਕ "ਕਰਤਾ ਪੁਰਖੁ" ਗੁਰੂ ਵੀ ਉਹੀ ਹੈ ਜੋ ਸਾਡੀ ਭਾਸ਼ਾ ਸਮਝਕੇ ਸਾਨੂੰ ਸਮਝ ਆ ਸਕਣ ਵਾਲੀ ਭਾਸ਼ਾ ਵਿਚ ਆਪਣੇ ਮਿੱਠੇ-ਮਿੱਠੇ ਬੋਲ ਬੋਲ ਕੇ ਪਾਰ ਉਤਾਰਾ ਕਰ ਸਕੇ। ਇਸੇ ਗਲ ਦੀ ਪੁਸ਼ਟੀ ਕਰਦੇ ਹੋਏ ਗੁਰੂ ਨਾਨਕ ਕਹਿੰਦੇ ਹਨ—

ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ।
ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ॥

ਨਾਮਧਾਰੀ ਲਹਿਰ ਦੇ ਬੁਨਿਆਦੀ ਯੋਗਦਾਨ ਦਾ ਅਧਿਐਨ ਵੀ ਜ਼ਰੂਰੀ : ਡਾ. ਜੈ ਰੂਪ ਸਿੰਘ

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਨਾਮਧਾਰੀ ਗੁਰੂ ਰਾਮ ਸਿੰਘ ਚੇਅਰ ਵੱਲੋਂ ਅੱਜ ਇੱਥੇ ਨਾਮਧਾਰੀ ਲਹਿਰ 'ਤੇ ਕਰਵਾਏ ਗਏ ਰਾਸ਼ਟਰੀ ਸੈਮੀਨਾਰ ਵਿਚ ਵਿਦਵਾਨਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਸ ਲਹਿਰ ਦੇ ਵੱਖ-ਵੱਖ ਪੱਖਾਂ ਦੇ ਡੂੰਘੇ ਅਧਿਐਨ ਦੇ ਨਾਲ-ਨਾਲ ਇਸ ਲਹਿਰ ਦੇ ਬੁਨਿਆਦੀ ਯੋਗਦਾਨ ਦੇ ਅਧਿਐਨ ਨੂੰ ਵੀ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਨਾਮਧਾਰੀ ਲਹਿਰ ਦਾ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਲਈ ਵਿਸ਼ੇਸ਼ ਯੋਗਦਾਨ ਰਿਹਾ ਸੀ, ਇਸ ਲਈ ਲੋੜ ਹੈ ਕਿ ਅੱਜ ਸਾਰੇ ਧਾਰਮਿਕ ਫਿਰਕੇ ਇਕ ਮੰਚ 'ਤੇ ਇਕੱਠੇ ਹੋ ਕੇ ਕੁਰੀਤੀਆਂ ਨੂੰ ਦੂਰ ਕਰਨ ਲਈ ਅੱਗੇ ਆਉਣ।

ਇਸ ਸੈਮੀਨਾਰ ਦੀ ਪ੍ਰਧਾਨਗੀ ਵਾਈਸ ਚਾਂਸਲਰ ਪ੍ਰੋ. ਡਾ. ਜੈ ਰੂਪ ਸਿੰਘ ਨੇ ਕੀਤੀ, ਜਦਕਿ ਭਾਈ ਵੀਰ ਸਿੰਘ ਸਾਹਿਤ ਸਦਨ ਨਵੀਂ ਦਿੱਲੀ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਨੇ ਆਪਣਾ ਮੁੱਖ ਭਾਸ਼ਣ ਦਿੱਤਾ। ਨਾਮਧਾਰੀ ਸੀਡਜ਼ ਕਾਰਪੋਰੇਸ਼ਨ ਬੰਗਲੌਰ ਦੇ ਮੈਨੇਜਿੰਗ ਡਾਇਰੈਕਟਰ ਠਾਕੁਰ ਉਦੇ ਸਿੰਘ ਇਸ ਸੈਮੀਨਾਰ ਦੇ ਮੁੱਖ ਮਹਿਮਾਨ ਸਨ। ਨਾਮਧਾਰੀ ਗੁਰੂ ਰਾਮ ਸਿੰਘ ਚੇਅਰ ਦੇ ਮੁਖੀ ਪ੍ਰੋ. ਜੋਗਿੰਦਰ ਸਿੰਘ ਨੇ ਮੁੱਖ ਮਹਿਮਾਨ, ਭਾਗ ਲੈਣ ਵਾਲੇ ਵਿਦਵਾਨਾਂ ਅਤੇ ਸਰੋਤਿਆਂ ਨੂੰ ਜੀ ਆਇਆਂ ਆਖਿਆ ਤੇ ਸੈਮੀਨਾਰ ਦੇ ਵਿਸ਼ੇ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੱਤੀ।

ਨਾਮਧਾਰੀ ਆਗੂ ਅਤੇ ਵਿਦਵਾਨ ਸ੍ਰੀ ਐੱਚ ਐੱਸ ਹੰਸਪਾਲ ਪ੍ਰਧਾਨ ਨਾਮਧਾਰੀ ਦਰਬਾਰ ਭੈਣੀ ਸਾਹਿਬ, ਸ੍ਰੀ ਸੁਰਿੰਦਰ ਸਿੰਘ ਮੀਤ ਪ੍ਰਧਾਨ ਨਾਮਧਾਰੀ ਦਰਬਾਰ ਅਤੇ ਸ੍ਰੀ ਜਗਦੀਸ਼ ਸਿੰਘ ਵਰਿਆਮ ਜਨਰਲ ਸਕੱਤਰ ਨਾਮਧਾਰੀ ਦਰਬਾਰ ਨੇ ਸੈਮੀਨਾਰ ਦੇ ਵੱਖ-ਵੱਖ ਸੈਸ਼ਨਾਂ ਦੀ ਪ੍ਰਧਾਨਗੀ ਕੀਤੀ। ਦੋ ਦਰਜਨ ਵਿਦਵਾਨਾਂ ਅਤੇ ਇਤਿਹਾਸਕਾਰਾਂ ਨੇ ਇਸ ਰਾਸ਼ਟਰੀ ਸੈਮੀਨਾਰ ਵਿਚ ਕੂਕਾ ਲਹਿਰ ਅਤੇ ੧੮੫੭ ਦੀ ਬਗਾਵਤ, ਕੂਕਾ ਲਹਿਰ ਦੌਰਾਨ ਪੰਜਾਬ ਦੀ ਕਿਰਸਾਨੀ ਦੀ ਭੂਮਿਕਾ, ੧੯ਵੀਂ ਸਦੀ ਵਿਚ ਕੂਕਾ ਲਹਿਰ ਦੇ ਆਰੰਭ ਵੇਲੇ ਨਾਮਧਾਰੀ ਮਿਸ਼ਨ ਨੂੰ ਹਰਮਨ ਪਿਆਰਾ ਬਣਾਉਣ ਵਿਚ ਨਾਮਧਾਰੀ ਸੰਤਾਂ, ਮਹੰਤਾਂ ਅਤੇ ਬਾਬਿਆਂ ਦੀ ਭੂਮਿਕਾ ਬਾਰੇ ਪਰਚੇ ਪੇਸ਼ ਕੀਤੇ ਤੇ ਇਸ ਲਹਿਰ ਬਾਰੇ ਆਪਣੇ ਵਿਚਾਰ ਪੇਸ਼ ਕੀਤੇ।

ਆਪਣੇ ਮੁੱਖ ਭਾਸ਼ਣ ਵਿਚ ਭਾਈ ਵੀਰ ਸਿੰਘ ਸਾਹਿਤ ਸਦਨ ਨਵੀਂ ਦਿੱਲੀ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਨੇ ਕਿਹਾ ਕਿ ਅਕਾਦਮਿਕ ਅਤੇ ਪ੍ਰਚੱਲਤ ਇਤਿਹਾਸ ਦੇ ਫਰਕ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਇਸ ਫਰਕ ਨੂੰ ਸਮਝਾਉਣ ਲਈ ਉਨ੍ਹਾਂ ਨੇ ੧੮੫੭ ਦੀ ਆਜ਼ਾਦੀ ਦੀ ਪਹਿਲੀ ਲੜਾਈ ਅਤੇ ਇਸ ਵਿਚ ਸਿੱਖਾਂ ਦੀ ਭੂਮਿਕਾ, ਨਾ-ਮਿਲਵਰਤਨ ਲਹਿਰ ਆਦਿ ਦਾ ਵਿਸਥਾਰਪੂਰਵਕ ਜ਼ਿਕਰ ਕੀਤਾ। ਉਨ੍ਹਾਂ ਆਪਣੇ ਭਾਸ਼ਣ ਵਿਚ ਅਕਾਦਮਿਕ ਇਤਿਹਾਸਕਾਰਾਂ ਨੂੰ ਵੰਗਾਰਨ ਵਾਲੇ ਕਈ ਔਖੇ ਸਵਾਲ ਵੀ ਖੜੇ ਕੀਤੇ।

ਉਨ੍ਹਾਂ ਕਿਹਾ ਕਿ ਜੇਕਰ ਵੱਖ-ਵੱਖ ਰਾਜਸੀ ਪਾਰਟੀਆਂ ਘੱਟੋ-ਘੱਟ ਪ੍ਰੋਗਰਾਮਾਂ ਲਈ ਇਕ ਮੰਚ ਉੱਤੇ ਇਕੱਠੀਆਂ ਹੋ ਸਕਦੀਆਂ ਹਨ ਤਾਂ ਧਾਰਮਿਕ ਫਿਰਕੇ ਸਾਂਝੇ ਕਾਰਜਾਂ ਲਈ ਇਕ ਪਲੇਟਫਾਰਮ 'ਤੇ ਇਕੱਠੇ ਕਿਉਂ ਨਹੀਂ ਹੁੰਦੇ।

ਨਾਮਧਾਰੀ ਸੀਡਜ਼ ਕਾਰਪੋਰੇਸ਼ਨ ਬੰਗਲੌਰ ਦੇ ਮੈਨੇਜਿੰਗ ਡਾਇਰੈਕਟਰ ਅਤੇ ਬਾਬਾ ਰਾਮ ਸਿੰਘ ਦੇ ਅੰਸ਼ ਵਿੱਚੋਂ ਠਾਕੁਰ ਉਦੇ ਸਿੰਘ ਨੇ ਕਿਹਾ ਕਿ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਸਭ ਧਰਮਾਂ ਦਾ ਸਤਿਕਾਰ ਕਰਨ ਦੀ ਸਿੱਖਿਆ ਦਿੱਤੀ। ਨਾਮਧਾਰੀ ਦਰਬਾਰ ਲਈ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਓਨਾ ਹੀ ਸਤਿਕਾਰ ਹੈ, ਜਿੰਨਾ ਬਾਕੀ ਸਿੱਖਾਂ ਲਈ ਹੈ।

ਉਨ੍ਹਾਂ ਕਿਹਾ ਕਿ ਗੁਰੂ ਰਾਮ ਸਿੰਘ ਨੇ ਵੀ ਸਮਾਜਿਕ ਕੁਰੀਤੀਆਂ ਪ੍ਰਤੀ ਆਵਾਜ਼ ਬੁਲੰਦ ਕੀਤੀ ਸੀ, ਜਿਸ ਨੂੰ ਅੱਜ ਵੀ ਉਸੇ ਭਾਵਨਾ ਨਾਲ ਪ੍ਰਚਾਰਨ ਦੀ ਲੋੜ ਹੈ। ਉਨ੍ਹਾਂ ਇਹ ਵੀ ਕਿਹਾ ਕਿ ਨਾਮਧਾਰੀ ਭਾਈਚਾਰਾ ਅਤੇ ਜੈਨ ਭਾਈਚਾਰਾ ਹੀ ਨਸ਼ਿਆਂ, ਭਰੂਣ ਹੱਤਿਆਵਾਂ ਅਤੇ ਦਾਜ ਵਰਗੀਆਂ ਕੁਰੀਤੀਆਂ ਤੋਂ ਮੁਕਤ ਹੋ ਕੇ ਆਪਣਾ ਸਮਾਜਿਕ ਸੰਤੁਲਨ ਬਣਾਈ ਬੈਠਾ ਹੈ।

ਵਾਈਸ ਚਾਂਸਲਰ ਪ੍ਰੋਫੈਸਰ ਡਾ. ਜੈ ਰੂਪ ਸਿੰਘ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਨਾਮਧਾਰੀ ਲਹਿਰ ਦੇ ਅਧਿਐਨ ਦੇ ਨਾਲ-ਨਾਲ ਇਸ ਲਹਿਰ ਦੇ ਬੁਨਿਆਦੀ ਯੋਗਦਾਨ ਦੇ ਅਧਿਐਨ ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਜਿੱਥੇ ਗੁਰੂ ਰਾਮ ਸਿੰਘ ਨੇ ਸਵਦੇਸ਼ੀ ਵਸਤਾਂ ਨੂੰ ਵਰਤੋਂ ਵਿਚ ਲਿਆਉਣ ਲਈ ਜ਼ੋਰ ਦਿੱਤਾ ਸੀ, ਉਥੇ ਉਨ੍ਹਾਂ ਆਪਣੀ ਮਾਂ ਬੋਲੀ ਪੜ੍ਹਨ ਲਈ ਵੀ ਕਿਹਾ। ਉਨ੍ਹਾਂ ਕਿਹਾ ਕਿ ਜੋ ਮੁਲਕ ਆਪਣੀ ਮਾਂ ਬੋਲੀ ਨੂੰ ਭੁੱਲ ਜਾਵੇ। ਉਸ ਦੇ ਸੱਭਿਆਚਾਰ ਦਾ ਵਿਕਾਸ ਕਦੇ ਵੀ ਨਹੀਂ ਹੋ ਸਕਦਾ। ਵਾਈਸ ਚਾਂਸਲਰ ਨੇ ਕਿਹਾ ਪੰਜਾਬੀ ਭਾਸ਼ਾ ਧਰਮਾਂ ਤੋਂ ਪਹਿਲਾਂ ਦੀ ਹੈ। ਇਸ ਬਿਨਾਂ ਤਾਂ ਮਨੁੱਖ ਦਾ ਮਾਨਸਿਕ ਵਿਕਾਸ ਵੀ ਨਹੀਂ ਹੋ ਸਕਦਾ। ਉਨ੍ਹਾਂ ਕਿਹਾ ਕਿ ਜੇਕਰ ਇਕ ਚੰਗੀ ਤਰ੍ਹਾਂ ਆਉਂਦੀ ਹੋਵੇ ਤਾਂ ਦੂਸਰੀਆਂ ਭਾਸ਼ਾ ਵੀ ਸਿੱਖਣੀਆਂ ਆਸਾਨ ਹੋ ਜਾਂਦੀਆਂ ਹਨ। ਕਿਹਾ ਕਿ ਇਹ ਕਦਾਚਿਤ ਸਹੀ ਨਹੀਂ ਕਿ

ਅੰਗਰੇਜ਼ੀ ਨਾਲ ਹੀ ਮਨੁੱਖ ਤਰੱਕੀ ਕਰ ਸਕਦਾ ਹੈ। ਉਹਨਾਂ ਕਿਹਾ ਕਿ ਮਾਂ ਬੋਲੀ ਕਦੇ ਵੀ ਮਨੁੱਖ ਦੇ ਰਾਹ ਵਿਚ ਰੁਕਾਵਟ ਨਹੀਂ ਬਣਦੀ। ਜੈ ਰੂਪ ਸਿੰਘ ਨੇ ਕਿਹਾ ਕਿ ਅੱਜ ਦੁੱਖ ਦੀ ਗੱਲ ਹੈ ਕਿ ਅਸੀਂ ਆਪਣੀ ਮਾਂ ਬੋਲੀ ਨੂੰ ਭੁੱਲਦੇ ਜਾ ਰਹੇ ਅਤੇ ਸਭ ਕੁਝ ਬੇਗਾਨਾ ਹੀ ਅਪਣਾਈ ਜਾ ਰਹੇ ਹਾਂ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਅਸੀਂ ਦੁਬਾਰਾ ਗੁਲਾਮੀ ਵੱਲ ਵੱਧ ਰਹੇ ਹਾਂ, ਜਿਸ ਤੋਂ ਸੁਚੇਤ ਹੋਣ ਦੀ ਲੋੜ ਹੈ। *(ਨਵਾਂ ਜ਼ਮਾਨਾ ਸਰਵਿਸ)*

ਨਾਮਧਾਰੀ ਸਤਿਗੁਰੂ ਰਾਮ ਸਿੰਘ ਚੇਅਰ ਵੱਲੋਂ ਸੈਮੀਨਾਰ

-ਜਸਵਿੰਦਰ ਜੀਤ ਬਾਜਵਾ ਰਮਦਾਸ

ਨਾਮਧਾਰੀ ਸਤਿ ਗੁਰੂ ਰਾਮ ਸਿੰਘ ਚੇਅਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਲੋਂ ਨਾਮਧਾਰੀ ਲਹਿਰ ਤੇ ਇਕ ਰੋਜ਼ਾ ਸੈਮੀਨਾਰ ੧੭ ਨਵੰਬਰ ੨੦੦੮ ਨੂੰ ਬੁੱਧਵਾਰ ਕਾਨਫਰੰਸ ਹਾਲ ਗੁਰੂ ਨਾਨਕ ਭਵਨ ਆਡੀਟੋਰੀਅਮ ਵਿਖੇ ਕਰਵਾਇਆ ਗਿਆ। ਜਿਸ ਵਿਚ ਪੰਜਾਬ ਭਰ ਤੋਂ ਮਹਾਨ ਵਿਦਵਾਨ ਸਾਹਿਤਕਾਰ ਕਵੀਆਂ ਨੇ ਹਿੱਸਾ ਲਿਆ। ਸਮਾਗਮ ਦੀ ਸ਼ੁਰੂਆਤ ਚੇਅਰ ਦੇ ਮੁੱਖੀ ਪ੍ਰੋਫੈਸਰ ਡਾ. ਜੋਗਿੰਦਰ ਸਿੰਘ ਜੀ ਨੇ ਸਟੇਜ ਸੈਕਟਰੀ ਵਜੋਂ ਨਿਭਾਉਂਦਿਆਂ ਹੋਇਆ ਪ੍ਰਧਾਨਗੀ ਮੰਡਲ ਵਿਚ ਬੈਠਣ ਲਈ ਡਾ. ਮਹਿੰਦਰ ਸਿੰਘ ਜੀ ਡਾਇਰੈਕਟਰ, ਭਾਈ ਵੀਰ ਸਿੰਘ ਸਾਹਿਤਯ ਸਦਨ, ਨਵੀਂ ਦਿੱਲੀ-ਠਾਕੁਰ ਉਦੇ ਸਿੰਘ ਜੀ ਚੇਅਰਮੈਨ ਤੇ ਮੈਨੇਜਿੰਗ ਡਾਇਰੈਕਟਰ ਨਾਮਧਾਰੀ ਸੀਡਜ਼ ਕਾਰਪੋਰੇਸ਼ਨ, ਬੰਗਲੋਰ-ਸ੍ਰੀ ਐੱਚ. ਐੱਸ, ਹੰਸਪਾਲ ਪ੍ਰਧਾਨ, ਨਾਮਧਾਰੀ ਦਰਬਾਰ, ਸ੍ਰੀ ਜਗਦੀਸ਼ ਸਿੰਘ ਵਰਿਆਮ ਵਰਿਆਮ (ਸੰਪਾਦਕ ਵਰਿਆਮ) ਜਰਨਲ ਸੱਕਤਰ ਨਾਮਧਾਰੀ ਦਰਬਾਰ ਡਾ ਜੈ-ਰੂਪ ਸਿੰਘ ਵਾਈਸ-ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ (ਅੰਮ੍ਰਿਤਸਰ) ਨੂੰ ਮੰਡਲ ਵਿਚ ਸ਼ਸ਼ੋਭਿਤ ਹਣ ਲਈ ਬੇਨਤੀ ਕੀਤੀ। ਡਾ. ਜੋਗਿੰਦਰ ਸਿੰਘ ਜੀ ਨੇ ਸੈਮੀਨਾਰ ਦੀ ਸ਼ੁਰੂਆਤ ਕਰਕੇ ਆਏ ਮੁੱਖ ਮਹਿਮਾਨਾਂ, ਕਵੀਆਂ ਅਤੇ ਵਿਦਿਆਰਥੀਆਂ ਨੂੰ ਜੀ ਆਇਆ ਕਿਹਾ ਅਤੇ ਆਪਣੇ ਕੁਝ ਵਿਚਾਰ ਪੇਸ਼ ਕੀਤੇ। ਸੈਮੀਨਾਰ ਦੀ ਸ਼ੁਰੂਆਤ ਮੁੱਖ ਮਹਿਮਾਨ ਵਲੋਂ ਉਪ-ਕੁਲਪਤੀ ਯੂਨੀਵਰਸਿਟੀ ਡਾ. ਜੈ ਰੂਪ ਸਿੰਘ ਜੀ ਨੇ ਨਾਮਧਾਰੀ ਇਤਿਹਾਸ, ਆਦਰਸ਼ਾਂ, ਸੁਤੰਤਰਤਾ, ਰਾਜਸੀ ਵਿਵਸਥਾ, ਵਾਰਤਾਲਾਪ ਭਰਪੂਰ ਸਰੋਕਾਰਾਂ ਨੂੰ ਆਪਣੇ ਭਾਸ਼ਨ ਰਾਹੀਂ ਪੇਸ਼ ਕੀਤਾ। ਫਿਰ ਡਾ. ਮਹਿੰਦਰ ਸਿੰਘ ਜੀ ਨੇ ਕਲਾਤਮਿਕ ਖੂਬਸੂਰਤੀ ਨਾਲ ਰਾਸ਼ਟਰੀ-ਅੰਤਰ ਰਾਸ਼ਟਰੀ ਸਿਆਸਤ ਨੂੰ ਆਲੋਚਨਾਤਮਿਕ ਯਥਾਰਥ ਨਜ਼ਰੀਏ ਤੋਂ ਵਿਚਾਰਿਆ। ਠਾਕਰ ਉਦੇ ਸਿੰਘ ਜੀ ਨੇ ਆਧੁਨਿਕ ਬਿਰਤਾਂਤਿਕ-ਚੇਤਨਾ ਨਾਮਧਾਰੀ ਇਤਿਹਾਸ ਬਾਰੇ ਸੈਮੀਨਾਰ ਵਿਚ ਚਣੌਤੀ ਭਰਪੂਰ ਸਰੋਕਾਰਾਂ ਨੂੰ ਆਪਣੇ ਭਾਸ਼ਨ. ਵਿਚਾਰਾਂ ਰਾਹੀਂ ਪੇਸ਼ ਕੀਤਾ ਉਸ ਤੋਂ ਉਪਰੰਤ ਪ੍ਰਧਾਨ ਨਾਮਧਾਰੀ ਦਰਬਾਰ ਸ੍ਰੀ ਐਚ. ਐਸ. ਹੰਸਪਾਲ ਜੀ ਨੇ ਨਾਮਧਾਰੀ ਇਤਿਹਾਸ ਦੀ ਗਤੀਸ਼ੀਲਤਾ, ਰਾਜਨੀਤਕ, ਸਮਾਜਿਕ ਪਰਿਵਰਤਨਾਂ ਤੋਂ ਇਲਾਵਾ ਵਿਸ਼ਵ ਵਿਆਪੀ ਗੌਰਵਮਈ ਨਾਮਧਾਰੀਆਂ ਦੀਆਂ ਪ੍ਰਾਪਤੀਆਂ ਬਾਰੇ ਵਿਸਥਾਰ ਨਾਲ ਦੱਸਿਆ। ਫਿਰ ਨਾਮਧਾਰੀ ਦਰਬਾਰ ਦੇ ਜਰਨਲ-ਸਕੱਤਰ ਸ੍ਰੀ ਜਗਦੀਸ਼ ਸਿੰਘ ਵਰਿਆਮ, (ਸੰਪਾਦਕ ਵਰਿਆਮ) ਜੀ ਨੇ ਸਰਬਵਿਆਪੀ ਨਾਮਧਾਰੀ ਇਤਿਹਾਸਿਕ ਪ੍ਰਸਥਿਤੀਆਂ ਸਤਿਗੁਰੂ ਰਾਮ ਸਿੰਘ ਜੀ-ਦੀਆਂ ਕੀਤੀ ਕੁਰਬਾਨੀਆਂ ਦਾ ਸ਼ਰਧਾਮਈ ਜ਼ਿਕਰ ਕੀਤਾ। ਸਵਰਨ ਸਿੰਘ ਵਿਰਕ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਵਿਚਾਰਧਾਰਾ, ਖੋਜ ਸਮਰੱਥਾ, ਵਿਸ਼ਵਾਸ, ਸ਼ੰਕਾ, ਸ਼ੰਕੇ ਦਾ ਨਿਵਾਰਨ, ਇਤਿਹਾਸ ਦੇ ਕੁਝ ਅੰਸ਼ ਤੇ ਸੁਹਜ ਰਸ ਦਾ ਅਜਿਹਾ ਅਹਿਸਾਸ ਕਰਵਾ ਰਹੇ ਸੀ ਕੀ ਸਰੋਤਿਆਂ ਤੇ ਵਿਦਿਆਰਥੀਆਂ ਨੂੰ ਅਮਨ ਤੇ ਸਕੂਨ ਮਿਲ ਰਿਹਾ ਸੀ। ਡਾ. ਤਾਰਾ ਸਿੰਘ ਸੰਧੂ ਜੀ ਨੇ ਨਾਮਧਾਰੀ ਇਤਿਹਾਸ ਲਹਿਰ ਦੀ ਖੋਜ, ਅਜ਼ਾਦੀ ਸੰਗਰਾਮ ਦੀ ਬਹੁਪੱਖੀ ਸ਼ਖਸੀਅਤ ਬਾਰੇ ਵਿਸਥਾਰਪੂਰਵਕ ਚਾਨਣਾ ਪਾਇਆ। ਨਾਮਧਾਰੀ ਲੇਖਕ ਸ੍ਰੀਮਤੀ ਸੂਬਾ ਸੁਰਿੰਦਰ ਕੌਰ ਖਰਲ ਜੀ ਨੇ ਨਾਮਧਾਰੀ ਪੰਥ ਦੀ ਵਿਰਾਸਤ, ਦਰਗਾਹੀ ਲਫਜ਼ਾਂ, ਸਧਾਰਨ ਦੁਨੀਆਦਾਰੀ, ਇਕ ਅਦੁੱਤੀ ਸ਼ਖਸੀਅਤ ਦਾ ਮੁਲੰਕਣ ਸੋਹਣੇ ਸ਼ਬਦਾਂ ਵਿਚ ਕੀਤਾ। ਸਤਿਗੁਰੂ ਹਜ਼ੂਰੀ ਸੇਵਕ ਸ੍. ਹਰਪਾਲ ਸਿੰਘ ਜੀ ਨੇ ਵੀ (ਸਤਿਗੁਰੂ ਜੀ ਵਲੋਂ) ਸੈਮੀਨਾਰ 'ਚ ਮਹਾਨ-ਵਿਦਵਾਨ ਲੇਖਕਾਂ ਅਤੇ ਚੇਅਰ ਮੁੱਖੀ ਤਾਂ ਜੋਗਿੰਦਰ ਸਿੰਘ ਜੀ ਨੂੰ ਬਹੁਤ-ਬਹੁਤ ਵਧਾਈ ਦਿੱਤੀ। ਸੈਮੀਨਾਰ ਤੇ ਆਏ ਆਲੋਚਕਾਂ ਅਤੇ ਕਵੀਆਂ ਵਲੋਂ ਵੱਖੋ-ਵੱਖਰੇ ਅੰਦਾਜ਼ਾ ਵਿਚ ਆਪਣੇ ਵਿਚਾਰ ਇਕ ਦੂਜੇ ਤੇ ਬਹਿਸ ਕਰਦਿਆਂ ਪ੍ਰਗਟਾਏ। ਡਾ. ਜੋਗਿੰਦਰ ਸਿੰਘ ਜੀ ਨੇ ਮੰਚ ਸੰਚਾਲਕ ਕਈ ਖੂਬਸੂਰਤ ਇਤਿਹਾਸ ਦੇ ਹਵਾਲੇ ਦੇ-ਕੇ ਦਰਸ਼ਕਾਂ ਦਰਮਿਆਨ ਬਹੁਤ ਵਧੀਆ ਤਾਲਮੇਲ ਬਣਾਈ ਰੱਖਿਆ। ਆਏ ਹੋਏ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ ਅਤੇ ਫਿਰ ਸਵਾਗਤੀ ਸ਼ਬਦਾਂ ਵਿਚ ਸਾਰੇ ਸੈਮੀਨਾਰ ਵਿਚ ਆਏ ਮਹਿਮਾਨਾਂ ਦਾ ਇਕ ਵਾਰ ਫਿਰ ਧੰਨਵਾਦ ਕੀਤਾ। ਯੂਨੀਵਰਸਿਟੀ ਅਤੇ ਨਾਮਧਾਰੀ ਸੰਸਥਾ ਵਲੋਂ ਵਿਦਵਾਨਾਂ ਵਾਸਤੇ ਚਾਹ, ਪਕੌੜੇ ਮਿਠਾਈ ਅਤੇ ਖਾਣੇ ਦਾ ਵਧੀਆ ਪ੍ਰਬੰਧ ਕੀਤਾ ਗਿਆ ਸੀ। ਸ੍ਰੀ ਭੈਣੀ ਸਾਹਿਬ ਵਲੋਂ ਨਾਮਧਾਰੀਆਂ ਦੀਆਂ ਸ਼ਹਾਦਤਾਂ ਤੇ ਕੁਰਬਾਨੀਆਂ ਨਾਲ ਸੰਬੰਧਿਤ ਤਸਵੀਰਾਂ ਦੀ ਪ੍ਰਦਰਸ਼ਨੀ ਲਗਾਈ ਗਈ। ਸੈਮੀਨਾਰ ਵਿਚ ਪਹੁੰਚੀਆਂ ਨਾਮ ਵਾਰ ਸ਼ਖਸ਼ੀਅਤਾਂ, ਡਾ. ਧਰਮ ਸਿੰਘ, ਸਵਰਨ ਸਿੰਘ ਸਨੇਹੀ ਸੂਬਾ ਬਲਵਿੰਦਰ ਸਿੰਘ ਜੀ ਝੱਲ, ਮੁੱਖੀ-ਚੇਅਰ ਰੀਡਰ ਸ. ਸੁਖਚੈਨ ਸਿੰਘ, ਡਾ. ਜਤਿੰਦਰ ਪਾਲ ਸਿੰਘ ਜੌਲੀ, ਡਾ. ਹਰਚੰਦ ਸਿੰਘ ਬੇਦੀ, ਡਾ. ਸੁਹਿੰਦਰ ਬੀਰ ਸਿੰਘ, ਸ੍ਰੀ ਰਾਜੀਵ-ਮਦਾਨ ਐਡਵੋਕੇਟ, ਸ੍ਰੀ ਸੁਰਿੰਦਰ ਸਿੰਘ, ਡਾ. ਸੁਖਵੰਤ ਸਿੰਘ, ਪ੍ਰੋਫੈਸਰ ਐਸ. ਐਸ ਨਾਰੰਗ, ਸ. ਜਸਵਿੰਦਰ ਸਿੰਘ, ਡਾ. ਕੁਲਵਿੰਦਰ ਸਿੰਘ ਬਾਜਵਾ, ਪ੍ਰੋਫੈਸਰ ਐਚ. ਕੇ ਗੁਜਰਾਨੀ, ਸ. ਸੁਰਜੀਤ ਸਿੰਘ ਸੂਬੇਦਾਰ ਰੱਤੜ-ਛੱਤੜ, ਜਸਵਿੰਦਰ ਜੀਤ ਬਾਜਵਾ ਰਮਦਾਸ, ਮਿਸ. ਬਾਵਸ਼ਾ

ਮੰਗੀ, ਸ਼ਸ਼ੀ, ਮਿਸ. ਗੁਰਪ੍ਰੀਤ, ਮਿਸ. ਗੀਮਾ ਆਦਿ ਯੂਨੀਵਰਸਿਟੀਆਂ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ। ਇਸ ਸੈਮੀਨਾਰ ਵਿਚ ਭਰਪੂਰ ਹਾਜ਼ਰੀ ਸੀ। ਵੱਖ-ਵੱਖ ਅਕਾਦਮਿਕ ਸੈਸ਼ਨਾਂ ਦੀ ਪ੍ਰਧਾਨਗੀ ਸ. ਹਰਵਿੰਦਰ ਸਿੰਘ ਹੰਸਪਾਲ, ਸ. ਜਗਦੀਸ਼ ਸਿੰਘ ਵਰਿਆਮ ਅਤੇ ਸੰਤ ਸੁਰਿੰਦਰ ਸਿੰਘ ਹੋਰਾਂ ਕੀਤੀ।

ਸਟੂਡੈਂਟ : ਗੁਰੂ ਨਾਨਕ ਦੇਵ ਯੂਨੀਵਰਸਿਟੀ
ਉਰਦੂ ਡਿਪਾਰਟਮੈਂਟ ਅੰਮ੍ਰਿਤਸਰ
੯੮੭੮੯-੪੨੭੧੪

ਕੇਂਦਰੀ ਪੰਜਾਬੀ ਲੇਖਕ ਸਭਾ ਦਾ ਸੰਘਰਸ਼ ਜਾਰੀ ਰਹੇਗਾ ਧਰਨੇ ਦਾ ਐਲਾਨ ਨਾਮਾ

ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ੪ ਸਤੰਬਰ ੨੦੦੮ ਨੂੰ ਚੰਡੀਗੜ੍ਹ ਦੇ ੧੭ ਸੈਕਟਰ ਵਿਚ ਨੀਲਮ ਸਿਨੇਮਾ ਦੇ ਸਾਹਮਣੇ ੧੨ ਤੋਂ ਢਾਈ ਵਜੇ ਤੱਕ ਮਾਤ ਭਾਸ਼ਾ ਪੰਜਾਬੀ ਲਈ ਲਟਕਦੀਆਂ ਮੰਗਾਂ ਮਨਾਉਣ ਲਈ ਰੋਸ ਧਰਨਾ ਮੌਜੂਦਾ ਪ੍ਰਧਾਨ ਡਾ. ਅਨੂਪ ਸਿੰਘ ਵਿਰਕ ਦੀ ਸੱਚੁਜੀ ਅਗਵਾਹੀ ਹੇਠ ਦਿੱਤਾ ਗਿਆ ਜਿਸ ਵਿਚ ਪੰਜਾਬ ਹਰਿਆਣਾ ਹਿਮਾਚਲ ਤੇ ਦਿਲੀ ਦੇ ੨੭੫ ਦੇ ਕਰੀਬ ਪੰਜਾਬੀ ਲੇਖਕਾਂ ਨੇ ਪੰਜਾਬ ਸਰਕਾਰ ਦੀ ਪ੍ਰਸੰਸਾ ਤੇ ਅਲੋਚਨਾ ਦੇ ਦੋ ਪੱਖੀ ਪੜੁੱਲ ਬੰਨ੍ਹਦਿਆਂ ਸੰਘਰਸ਼ ਜਾਰੀ ਰੱਖਣ ਦਾ ਬਿਗਲ ਵਜਾਇਆ।

ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਡਾ. ਸਰਬਜੀਤ ਸਿੰਘ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ। ਪੰਜਾਬੀ ਲੇਖਕਾਂ ਪਤੱਰਕਾਰਾਂ ਸਾਹਿਤਕਾਰਾਂ ਬੁਧੀਜੀਵੀਆਂ, ਸਿਆਸੀ ਨੇਤਾਵਾਂ, ਅਲੋਚਕਾਂ ਤੇ ਮਹਿਲਾ ਲੇਖਕਾਵਾਂ ਨੇ ਵੀ ਧਰਨੇ ਵਿਚ ਸ਼ਾਮਲ ਹੋਕੇ ਮਾਤਭਾਸ਼ਾ ਪੰਜਾਬੀ ਤੇ ਬੋਲੀ ਤੇ ਪਹਿਰਾ ਦੇਣ ਦੀ ਵਚਨਬੱਧਤਾ ਲਈ ਮਤਿਆਂ ਨੂੰ ਹੱਥ ਖੜ੍ਹੇ ਕਰਕੇ ਪ੍ਰਵਾਨਗੀ ਦਿੱਤੀ।

ਡਾ. ਸਰਬਜੀਤ ਸਿੰਘ ਨੇ ਸਭ ਤੋਂ ਪਹਿਲਾਂ ਸਟੇਜ ਸੰਭਾਲੀ ਤੇ ਮਤਿਆ ਦੀ ਕਾਪੀ ਪੜ੍ਹ ਕੇ ਸੁਣਾਈ ਜੋ ਕਿ ਪੰਜਾਬ ਦੇ ਮੁੱਖ ਮੰਤਰੀ ਪ੍ਰ. ਪ੍ਰਕਾਸ਼ ਸਿੰਘ ਬਾਦਲ ਨੂੰ ਕਾਪੀ ਭੇਜੀ ਗਈ। ਰਾਜ ਭਾਸ਼ਾ ਕਨੂੰਨ ਵਿਚ ਸਜ਼ਾ ਦੀ ਧਾਰਾ ਜੋੜਨ ਤੇ ਜ਼ੋਰ ਦਿੱਤਾ। ਚੰਡੀਗੜ੍ਹ 'ਚ ਸਰਕਾਰੀ ਭਾਸ਼ਾ ਅੰਗਰੇਜ਼ੀ ਬਦਲਕੇ ਪੰਜਾਬੀ ਕੀਤੀ ਜਾਵੇ ਸਮੁੱਚੀ ਪੰਜਾਬੀ ਭਾਸ਼ਾ ਵਿਚ ਹੀ ਅਦਾਲਤੀ ਕੰਮਕਾਰ ਕਰਨ ਤੇ ਸਰਕਾਰੀ ਅਮਲ ਲਾਗੂ ਕਰਾਇਆ ਜਾਵੇ।

ਧਰਨੇ ਨੂੰ ਸੰਬੋਧਨ ਕਰਨ ਵਾਲਿਆਂ ਵਿਚ ਡਾ. ਅਨੂਪ ਸਿੰਘ ਸ. ਜਗਤਾਰ ਸਿੰਘ ਸਿਧੂ, ਕਾਮਰੇਡ ਅਮੋਲਕ ਸਿੰਘ, ਭੁਪਿੰਦਰ ਸਾਂਬਰ, ਡਾ. ਜੁਗਿੰਦਰ ਦਿਆਲ, ਬਲਵੰਤ ਸਿੰਘ ਰਾਮੂਵਾਲੀਆ, ਸ. ਗੁਰਪ੍ਰੀਤ ਸਿੰਘ ਰਿਆੜ, ਡਾ. ਗੁਰਦਰਸ਼ਨ ਗਾਸੋ, ਬੀਬੀ ਦਲਬੀਰ ਕੌਰ, ਸ. ਕਰਨੈਲ ਸਿੰਘ ਨਿਝਰ, ਕਾਮਰੇਡ ਚਰਨ ਵਿਰਦੀ, ਕਾਮਰੇਡ ਜਗਰੂਪ ਸਿੰਘ , ਸ. ਅੰਗਰੇਜ਼ ਸਿੰਘ, ਮੱਖਣ ਕੁਹਾੜ, ਡਾ. ਤੇਜਵੰਤ ਮਾਨ, ਹਰਮੀਤ ਵਿਦਿਆਰਥੀ, ਡਾ. ਮਨਮੋਹਨ ਸਿੰਘ, ਹਰਭਜਨ ਸਿੰਘ ਹੁੰਦਲ, ਐਸ ਤਰਸੇਮ ਤੇ ਮਲਾਗਰ ਸਿੰਘ ਆਦਿ ਨੇ ਸੰਬੋਧਨ ਕੀਤਾ, ਪੰਜਾਬੀ ਸਾਹਿਤ ਅਕਾਦਮੀ ਦੀ ਪ੍ਰਧਾਨ ਸ੍ਰੀਮਤੀ ਦਲੀਪ ਕੌਰ ਟਿਵਾਣਾ ਦਾ ਸੰਦੇਸ਼ ਹੀ ਪੁਜਾ।

ਇਸ ਮੌਕੇ ਕੇਂਦਰੀ ਪੰਜਾਬੀ ਲੇਖਕ ਸਭਾ ਦਾ ਬੁਲਾਰਾ ਪੰਜਾਬੀ ਲੇਖਕ ਸਤੰਬਰ ਅੰਕ ਲੇਖਕਾਂ ਨੂੰ ਵੰਡਿਆ ਗਿਆ। ਮੌਕੇ ਤੇ ਪੁਸਤਕ ਪ੍ਰਦਰਸ਼ਨ 'ਚੋਂ ਕਿਤਾਬਾਂ ਦੀ ਵਿਕਰੀ ਹੋਈ ਡਾ. ਐਸ. ਤਰਸੇਮ ਨੇ ਤਿਮਾਹੀ ਨਜ਼ਰੀਆ, ਡਾ. ਅਨੂਪ ਨੇ ਵਿਸ਼ਵੀਕਰਨ ਦਾ ਵਿਰੋਧ ਅਤੇ ਕਵਿਤਰੀ ਗੁਰਚਰਨ ਕੌਰ ਕੋਚਰ ਨੇ ਚੋਣਵੇ ਲੇਖਾਂ ਨੂੰ ਆਪਣੇ ਪਰਚੇ ਤੇ ਪੁਸਤਕਾਂ ਮੁਫਤ ਦਿੱਤੀਆਂ। ਕੇਂਦਰੀ ਪੰਜਾਬੀ ਲੇਖਕ ਸਭਾ ਦੇ ਧਰਨੇ ਚ ਸ਼ਾਮਲ ਲੇਖਕਾਂ ਵਿਚ ਸ. ਕੁਲਦੀਪ ਸਿੰਘ ਪੱਟੀ (ਦੀਪ ਅਲੋਪ) ਨੇ ਹੁਸ਼ਿਆਰਪੁਰ ਤੇ ਪੁਜਕੇ ਸਭ ਤੋਂ ਪਹਿਲਾ ਦਰਸ਼ਨ ਕੀਤੇ। ਧਰਨੇ ਵਿਚ ਬੁਲਾਰਿਆਂ ਨੇ ਸਰਕਾਰ ਵਿਰੁੱਧ ਨਾਅਰੇਬਾਜ਼ੀ ਵੀ ਕੀਤੀ।

ਕਵੀ ਦਰਬਾਰ

ਨਾਮਧਾਰੀ ਪੰਜਾਬੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਵਲੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ ਪਿੰਡ ਪ੍ਰਤਾਪ ਨਗਰ, ਸੰਤ ਨਗਰ ਤੇ ਅਮ੍ਰਿਤਸਰ ਕਲਾਂ ਵਿਚ ਬਹੁਤ ਹੀ ਸ਼ਾਨਦਾਰ ਕਵੀ ਦਰਬਾਰਾਂ ਦਾ ਆਯੋਜਨ ਕੀਤਾ ਗਿਆ। ੨੦-੮-੨੦੦੮ ਨੂੰ ਪ੍ਰਤਾਪ ਨਗਰ, ੨੦-੮-੦੮ ਨੂੰ (ਰਾਤ) ਸੰਤ ਨਗਰ, ੨੧-੮-੨੦੦੮ ਅਮ੍ਰਿਤਸਰ ਕਲਾਂ ਵਿਖੇ ਕਵੀ ਦਰਬਾਰ ਕਰਵਾਏ ਗਏ। ਇਹਨਾਂ ਕਵੀ ਦਰਬਾਰਾਂ ਵਿੱਚ ਕਵੀ ਸਜਣਾਂ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਤੇ ਸ਼ਰਧਾ ਅਤੇ ਪ੍ਰੇਮ ਵਿੱਚ ਭਿਜੀਆਂ ਹੋਈਆਂ ਰਚਨਾਵਾਂ ਪੜ੍ਹ ਕੇ ਸੰਗਤਾਂ ਨੂੰ ਮੰਤਰ ਮੁਗਧ ਕਰ ਦਿੱਤਾ। ਇਹਨਾਂ ਕਵੀ ਦਰਬਾਰਾਂ ਦੇ ਸਕੱਤਰ ਸ੍ਰੀ ਸਾਧੂ ਸਿੰਘ ਕਿਸਾਨ ਸਨ ਜਿਨ੍ਹਾਂ ਨੇ ਬੜੀ ਯੋਗਤਾ ਨਾਲ ਕਵੀ ਦਰਬਾਰਾਂ ਦਾ ਸੰਚਾਲਨ ਕੀਤਾ— ਇਹਨਾਂ ਕਵੀ ਦਰਬਾਰਾਂ ਵਿੱਚ ਹੇਠ ਲਿਖੇ ਕਵੀ ਸਜਣਾਂ ਨੇ ਭਾਗ ਲਿਆ।

ਸਰਵਸ੍ਰੀ ਮਾ. ਅਮਰੀਕ ਸਿੰਘ, ਸਾਧੂ ਸਿੰਘ ਕਿਸਾਨ, ਜੁਗਿੰਦਰ ਸਿੰਘ ਮੁਕਤਾ, ਲਖਵਿੰਦਰ ਸਿੰਘ ਬਾਜਵਾ, ਪੂਰਨ ਸਿੰਘ ਨਿਰਾਲਾ, ਹਰਭਜਨ ਸਿੰਘ ਰਾਜਾ, ਸਵਰਨ ਸਿੰਘ ਚੀਮਾ, ਬਲਦੇਵ ਸਿੰਘ ਬੜੈਚ, ਰਾਜਿੰਦਰ ਸਿੰਘ ਰਾਜ, ਕੁਲਦੀਪ ਸਿੰਘ ਦੀਪ, ਪ੍ਰਮਿੰਦਰ ਸਿੰਘ, ਲਾਲ ਸਿੰਘ, ਨਿੰਦਰ ਕੌਰ, ਸੁਖਦੇਵ ਸਿੰਘ, ਕਰਨੈਲ ਸਿੰਘ ਅਸਪਾਲ।

ਰਾਜਿੰਦਰ ਪਰਦੇਸੀ ਦਾ ਗ਼ਜ਼ਲ ਕਾਵਿ "ਗੂੰਗੀ ਰੁੱਤ ਦੀ ਪੀੜ" ਰਿਲੀਜ਼ ਸਮਾਗਮ

ਪੰਜਾਬ ਗ਼ਜ਼ਲ ਮੰਚ ਪੰਜਾਬ ਰਜਿ. ਫਿਲੌਰ ਵੱਲੋਂ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਸਹਿਯੋਗ ਨਾਲ ਪ੍ਰਸਿੱਧ ਸ਼ਾਇਰ ਜਨਾਬ ਰਾਜਿੰਦਰ ਪਰਦੇਸੀ ਦੀ ਚੌਥੀ ਪੁਸਤਕ "ਗੂੰਗੀ ਰੁੱਤ ਦੀ ਪੀੜ" ਦਾ ਰਿਲੀਜ਼ ਸਮਾਗਮ ਪੰਜਾਬੀ ਭਵਨ ਲੁਧਿਆਣਾ ਵਿਖੇ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿਚ ਸ.

ਜਗਦੇਵ ਸਿੰਘ ਜੱਸੋਵਾਲ ਚੇਅਨਮੇਨ ਪ੍ਰੋ. ਮੋਹਨ ਸਿੰਘ ਫਾਉਂਡੇਸ਼ਨ ,ਪ੍ਰੋ. ਨਰਿੰਜਨ ਤਸਨੀਮ, ਜਨਾਬ ਅਜਾਇਬ ਚਿੱਤਰਕਾਰ, ਜਨਾਬ ਇੰਦਰਜੀਤ ਹਸਨਪੁਰੀ, ਸ੍ਰੀ ਕ੍ਰਿਸ਼ਨ ਕੁਮਾਰ ਬਾਵਾ (ਸੀਨੀਅਰ ਕਾਂਗਰਸ ਲੀਡਰ) ਸੁਸ਼ੋਭਤ ਸਨ।

ਸਭ ਤੋਂ ਪਹਿਲਾਂ ਸ਼ਾਇਰ ਰਾਜਿੰਦਰ ਪਰਦੇਸੀ ਨੇ ਆਪਣੇ ਕਾਵਿ ਸਫ਼ਰ ਅਤੇ ਕਵਿਤਾ ਦੀ ਗੱਲ ਕੀਤੀ। ਪੁਸਤਕ 'ਚ ਚਰਚਾ ਦੀ ਸ਼ੁਰੂਆਤ ਪ੍ਰੋ. ਸੁਰਜੀਤ ਜੱਜ ਹੋਰਾਂ ਕਰਦਿਆਂ ਕਿਹਾ ਕਿ ਬੜਬੋਲੇ ਬੰਦੇ ਨੂੰ ਕੋਈ ਨਹੀਂ ਸੁਣਦਾ "ਗੂੰਗੀ ਰੁੱਤ ਦੀ ਪੀੜ" ਦੀ ਪਹਿਲੀ ਗ਼ਜ਼ਲ ਪੜ੍ਹਦਿਆਂ ਪਤਾ ਲੱਗਦਾ ਹੈ ਕਿ ਸ਼ਾਇਰ ਕਿਹੜੀ ਧਿਰ ਨਾਲ ਖੜ੍ਹਾ ਹੈ। ਪਹਿਲੀਆਂ ਤੇ ਅੰਤਲੀਆਂ ਗ਼ਜ਼ਲਾਂ ਇਸ ਪੁਸਤਕ ਦਾ ਹਾਸਿਲ ਹਨ, ਵਿਚਕਾਰ ਵੱਡਾ ਹਿੱਸਾ ਮੁਹੱਬਤ ਦੇ ਅਹਿਸਾਸ ਦਾ ਹੈ। ਪੁਰਾਣੀਆਂ ਅਤੇ ਨਵੀਆਂ ਗ਼ਜ਼ਲਾਂ ਨੂੰ ਤਰਤੀਬ ਵੀ ਠੀਕ ਢੰਗ ਨਾਲ ਦਿੱਤੀ ਗਈ। ਗ਼ਜ਼ਲਾਂ ਨਾਲ ਦਿੱਤੇ ਸਕੈਚ ਰੇਡੀਓ ਅਤੇ ਟੀ.ਵੀ. ਵਰਗਾ ਫਰਕ ਦਰਸਾਉਂਦੇ ਹਨ ਅਤੇ ਪਾਠਕ ਵੱਲੋਂ ਆਪਣੀ ਰਾਇ ਬਨਾਉਣ ਵਿਚ ਵੀ ਰੁਕਾਵਟ ਪੈਦਾ ਕਰਦੇ ਹਨ ਇਹ ਨਹੀਂ ਹੋਣੇ ਚਾਹੀਦੇ। ਤੈਨੂੰ ਤਾਂ ਇਹ ਦੁੱਖ ਹੈ, ਹੈਂ ਤੂੰ ਵਤਨੋਂ ਦੂਰ, ਸਾਨੂੰ ਸਾਡੇ ਦੇਸ਼ ਹੀ ਉਮਰਾਂ ਦਾ ਪਰਵਾਸ ਅਤੇ ਚਿੜੀਆਂ ਨੇ ਬਾਜ਼ ਤੋੜੇ ਤੜਵਾਉਣ ਵਾਲਾ ਜਾਣੇ, ਆਪਾਂ ਤੇ ਵੇਖਿਆ ਹੈ ਪਾਸੇ ਭਨਾਉਣ ਚਿੜੀਆਂ। ਨਵ ਸਿਰਜਣਾ ਹੈ, ਨਵੀਂ ਗੱਲ ਹੈ ਅਤ ਮਿੱਥ ਨੂੰ ਤੋੜਨ ਵਾਲੇ ਸ਼ਿਅਰ ਹਨ। ਪ੍ਰੋ. ਅਵਤਾਰ ਜੌੜਾ ਹੋਰਾਂ ਕਿਹਾ ਕਿ ਪਰਦੇਸੀ ਖਿਆਲ ਨੂੰ ਸੂਖਮਤਾਂ ਵਿਚ ਢਾਲਣ ਦੀ ਸਮਰੱਥਾ ਰੱਖਦਾ ਹੈ। ਉਸ ਦੀ ਸ਼ਾਇਰੀ ਵਿਚ ਪੁਰਾਤਨਤਾ ਨਹੀਂ ਹੈ ਅਤੇ ਨਾ ਹੀ ਉਹ ਗੱਲ ਨੂੰ ਲਮਕਾਉਂਦਾ ਹੈ, ਰਾਜਨੀਤਕ ਸਾਮਾਜਿਕ ਨਾ-ਬਰਾਬਰੀ, ਆਰਥਕ ਮੰਦਹਾਲੀ ਦਾ ਝਲਕਾਰਾ ਵੀ ਹੈ। ਉਸ ਕੋਲ ਸ਼ਿਅਰ ਕਹਿਣ ਦੀ ਸ਼ਾਬਦਿਕ ਸਮਰੱਥਾ ਵੀ ਹੈ ਪਰ ਉਸ ਦੇ ਪਹਿਲੇ ਗ਼ਜ਼ਲ ਸੰਗ੍ਰਹਿ "ਅੱਖਰ-ਅੱਖਰ ਤਨਹਾਈ" ਨੇ ਜੋ ਤਲਿਸਮ ਮੇਰੇ ਜ਼ਿਹਨ ਵਿਚ ਸਿਰਜਿਆ ਸੀ ਉਹ ਘਟਿਆ ਹੈ। ਡਾ. ਜਗਤਾਰ ਹੋਰਾਂ ਅੱਖਰ-ਅੱਖਰ ਤਨਹਾਈ" ਤੋਂ ਪ੍ਰਭਾਵਿਤ ਹੋ ਕੇ ਭਰੀ ਮਹਿਫਿਲ ਵਿਚ ਪਰਦੇਸੀ ਦੀ ਸਿਫ਼ਤ ਕੀਤੀ ਸੀ। ਪੰਜਾਬ ਪੀ. ਡਬਲਯੂ.ਡੀ. ਦੀ ਪ੍ਰਧਾਨਗੀ ਲੀਡਰੀ ਕਰਕੇ ਉਸ ਨੂੰ ਵਿਅਕਤੀਗਤ ਤੌਰ 'ਤੇ ਭਾਵੇਂ ਸ਼ੁਹਰਤ ਹਾਸਿਲ ਹੋਈ ਹੋਵੇ ਪਰ ਟਰੇਡ ਯੂਨੀਅਨ ਦੇ ਰੁਝੇਵਿਆਂ ਕਰਕੇ ਸ਼ਾਇਰੀ ਵਿਚ ਪਰਦੇਸੀ ਦਾ ਤਲਿਸਮ ਕਿਤੇ-ਕਿਤੇ ਘਟਿਆ ਨਜ਼ਰ ਜ਼ਰੂਰ ਆਉਂਦਾ ਹੈ। ਪ੍ਰੋ. ਜੌੜਾ ਹੋਰਾਂ ਜ਼ੋਰ ਦੇ ਕਿ ਕਿਹਾ ਕਿ ਅੱਜ ਤਾਂ ਗਜ਼ਲ ਦਾ ਮੂੰਹ ਮੁਹਾਂਦਰਾਂ, ਗ਼ਜ਼ਲ ਦੇ ਸਕੂਲ ਹੀ ਵਿਗਾੜ ਰਹੇ ਹਨ। ਇਕ ਸਕੂਲ ਵਾਲੇ ਨੂੰ ਜੋ ਗੱਲ ਪਸੰਦ ਨਹੀਂ ਦੂਜੇ ਸਕੂਲ ਉਸ ਦੀ ਵਿਰੋਧਤਾ ਕਰ ਰਹੇ ਹਨ।

ਆਪਣੇ ਵਿਚਾਰ ਪ੍ਰਗਟਾਉਂਦਿਆਂ ਪ੍ਰੋ. ਸ. ਨ. ਸੇਵਕ ਹੋਰਾਂ ਕਿਹਾ ਕਿ ਦੋਵਾਂ ਹੀ ਪਰਚਾ ਲੇਖਕਾਂ ਨੇ "ਗੂੰਗੀ ਰੁੱਤ ਦੀ ਪੀੜ" ਦੇ ਬਿੰਬ ਨੂੰ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਮੈਂ ਨਹੀਂ ਸਮਜਦਾ ਕਿ ਟ੍ਰੇਡ ਯੂਨੀਅਨ ਕਾਰਨ ਪਰਦੇਸੀ ਦੀ ਕਾਵਿ ਦ੍ਰਿਸ਼ਟੀ ਪ੍ਰਭਾਵਿਤ ਹੋਈ ਹੈ ਜਾਂ ਉਸ ਦਾ ਤਲਿਸਮ ਟੁੱਟਿਆ ਹੈ ਜਾਂ ਪਰਦੇਸੀ ਦੀ ਸਿਰਜਣਨਾਤਿਮਕਤਾ ਘਟੀ ਹੈ। ਮੈਂ ਦੋਵਾਂ ਪਰਚਾ ਲੇਖਕਾਂ ਨਾਲ ਸਹਿਮਤ ਨਹੀਂ ਹਾਂ। ਜੱਜ ਨੇ ਅੰਦਰਲੀ ਨਬਜ਼ ਫੜਨ ਦੀ ਥੋੜ੍ਹੀ ਜਿਹੀ ਕੋਸ਼ਿਸ਼ ਤਾਂ ਕੀਤੀ ਹੈ ਪਰ "ਗੂੰਗੀ ਰੁੱਤ ਦੀ ਪੀੜ" ਨਾਲ ਇਨਸਾਫ ਨਹੀਂ। ਇਸ ਪੁਸਤਕ ਦੇ ਹੋਰ ਅਧਿਐਨ ਦੀ ਲੋੜ ਹੈ ਜੋ ਮੈਂ ਤਾਂ ਜ਼ਰੂਰ ਕਰਾਂਗਾ। ਕੇਂਦਰੀ ਪੰਜਾਬ ਲੇਖਕ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਸ. ਕਰਨੈਲ ਸਿੰਘ ਨਿੱਝਰ ਹੋਰਾਂ ਕਿਹਾ ਕਿ ਸਾਨੂੰ ਪਰਦੇਸੀ ਤੋਂ ਇਹ ਆਸ ਕਰਨੀ ਚਾਹੀਦੀ ਹੈ ਕਿ ਉਹ ਇਸ ਪੌੜੀ ਹੇਠ ਪੌਡੇ ਸਰ ਕਰੇਗਾ।

ਇਸ ਉਪਰੰਤ ਸੁਪ੍ਰਸਿੱਧ ਗਾਇਕ ਜਨਾਬ ਸਾਬਰ ਕੋਟੀ ਹੋਰਾਂ ਪਰਦੇਸੀ ਨੂੰ ਵਧਾਈ ਦਿੰਦਿਆ ਪਰਦੇਸੀ ਦੀ ਗ਼ਜ਼ਲ ਪੇਸ਼ ਕੀਤੀ, ਮੰਚ ਵੱਲੋਂ ਜਨਾਬ ਸਾਬਰ ਕੋਟੀ ਨੂੰ ਮੋਮੈਂਟੋ ਅਤੇ ਗੁਲਦਸਤੇ ਨਾਲ ਸਨਮਾਨਿਤ ਕੀਤਾ ਗਿਆ। ਪ੍ਰੋ. ਮੋਹਨ ਸਿੰਘ ਮੈਮੋਰੀਅਲ ਫਾਉਂਡੇਸ਼ਨ ਦੇ ਚੇਅਰਮੇਨ ਸ. ਜਸਦੇਵ ਸਿੰਘ ਜੱਸੋਵਾਲ ਹੋਰਾਂ ਪ੍ਰੋ. ਮੋਹਨ ਸਿੰਘ ਦਾ ਚਿੱਤਰ ਅਤੇ ਗੁਲਦਸਤਾ ਭੇਟ ਕਰਕੇ ਸ਼ਾਇਰ ਰਾਜਿੰਦਰ ਪਰਦੇਸੀ ਨੂੰ ਸਨਮਾਨਿਤ ਕੀਤਾ। ਪੰਜਾਬੀ ਗ਼ਜ਼ਲ ਮੰਚ ਵੱਲੋਂ ਇੰਦਰਜੀਤ ਹਸਨਪੁਰੀ ਹੋਰਾਂ ਪ੍ਰਸੰਸਾ ਪਤਰ ਪੜ੍ਹ ਕੇ ਪਰਦੇਸੀ ਹੋਰਾਂ ਨੂੰ ਭੇਟ ਕਰਕੇ ਸਨਮਾਨਿਤ ਕੀਤਾ। ਸਮਾਗਮ ਵਿਚ ਮੰਚ ਦੇ ਜਨਰਲ ਸਕੱਤਰ ਹਰਭਜਨ ਧਰਨਾ, ਪ੍ਰਮਿੰਦਰ ਵਿਰਦੀ, ਕੁਲਵਿੰਦਰ ਫੁੱਲ, ਜਗੀਰ ਸਿੰਘ ਪ੍ਰੀਤ, ਮਨਜਿੰਦਰ ਧਨੋਆ, ਹਰਪ੍ਰਕਾਸ਼ ਜਨਾਗਰ ਚਿੱਤਰਕਾਰ ਕੈਨੇਡਾ, ਸੁਭਾਸ਼ ਕਲਾਕਾਰ, ਹਰਬੰਸ ਮਾਲਵਾ, ਕਰਮਜੀਤ ਔਜਲਾ, ਜਗਦੀਪ, ਭਗਵਾਨ ਢਿੱਲੋਂ, ਰਵਿੰਦਰ ਸਿੰਘ ਦੀਵਾਨਾ, ਡਾ. ਤਜਿੰਦਰ ਮਾਰਕੰਡਾ, ਸਤੀਸ਼ ਗੁਲਾਟੀ, ਅਮਰਜੀਤ ਸ਼ੇਰਪੁਰੀ, ਗਰਚਰਨ ਕੌਰ ਕੋਚਰ ਤੋਂ ਇਲਾਵਾ ਹੋਰ ਬਹੁਤ ਸਾਰੇ ਵਿਦਵਾਨ ਅਦੀਬਾਂ ਨੇ ਸ਼ਿਰਕਤ ਕੀਤੀ, ਜਿਸ ਨਾਲ ਇਹ ਸਮਾਗਮ ਇਕ ਯਾਦਗਾਰੀ ਸਮਾਗਮ ਹੋ ਨਿਬੜਿਆ।

—ਰਿਪੋਰਟਰ ਰਵਿੰਦਰ ਸਿੰਘ 'ਸੁਦਨ' ਜਲੰਧਰ

ਬੀਬੀ ਗੁਰਚਰਨ ਕੌਰ ਡਾਲਟਨਗੰਜ ਵਾਲੇ ਅਕਾਲ ਚਲਾਣਾ ਕਰ ਗਏ

ਸ੍ਰੀ ਸਤਿਗੁਰੂ ਜੀ ਦਾ ਸ਼ਰਧਾਵਾਨ ਪਰਿਵਾਰ ਬਨਾਰਸ ਵਾਲੇ ਸੰਤ ਲਹਿਣਾ ਸਿੰਘ ਜੀ ਦੀ ਸਪੁੱਤਰੀ ਅਤੇ ਸੰਤ ਸਤਵਿੰਦਰ ਸਿੰਘ ਨਾਮਧਾਰੀ ਡਾਲਟਨੰਗਜ ਵਾਲਿਆਂ ਦੀ ਧਰਮ ਪਤਨੀ ਬੀਬੀ ਗੁਰਚਰਨ ਕੌਰ ੧੨ ਅਗਸਤ ੨੦੦੮ ਨੂੰ ਦਿੱਲੀ ਵਿਖੇ ਅਕਾਲ ਚਲਾਣਾ ਕਰ ਗਏ। ਬੀਬੀ ਜੀ ਦਾ ਪੇਕਾ ਅਤੇ ਸਹੁਰਾ ਪਰਿਵਾਰ ਮੁਢ ਤੋਂ ਹੀ ਨਾਮਧਾਰੀ ਪੰਥ ਅਤੇ ਸ੍ਰੀ ਸਤਿਗੁਰੂ ਜੀ ਉਪਰ ਪੂਰਨ ਸ਼ਰਧਾ ਭਾਵਨਾ ਰੱਖਦਿਆਂ ਜੁੜਿਆ ਹੋਇਆ ਹੈ। ਡਾਲਟਨ ਗੰਜ ਵਿਖੇ ਸ੍ਰੀ ਸਤਿਗੁਰੂ ਜੀ ਦਾ ਡੇਰਾ ਇਸ ਪਰਵਾਰ ਦੇ ਗ੍ਰਹਿ ਵਿਖੇ ਜਦ ਹੋਣਾ ਬੀਬੀ ਗੁਰਚਰਨ ਕੌਰ ਪੂਰਨ ਸੋਧ ਮਰਿਆਦਾ ਨਾਲ ਲੰਗਰ ਤਿਆਰ ਕਰਨ ਅਤੇ ਸ੍ਰੀ ਸਤਿਗੁਰੂ ਜੀ ਨੂੰ ਛਕਾ ਕੇ ਖੁਸ਼ੀਆਂ ਪ੍ਰਾਪਤ ਕਰਨੀਆਂ। ਸਤਿਗੁਰੂ ਜੀ

ਬੀਬੀ ਗੁਰਚਰਨ ਕੌਰ ਨੂੰ ਬੜੇ ਸਨੇਹ ਨਾਲ ਆਪਣੀ ਰਸਨਾ ਤੋਂ 'ਬੀਬੀ ਚਰਨਾਂ' ਉਚਾਰਦੇ ਹੁੰਦੇ ਸਨ। ਅਚਾਨਕ ਕੁੱਝ ਸਮੇਂ ਤੋਂ ਬੀਬੀ ਜੀ ਗੰਭੀਰ ਤਕਲੀਫ ਦੇ ਸ਼ਿਕਾਰ ਹੋ ਜਾਣ ਕਾਰਨ ਇਹਨਾਂ ਦਿਨਾਂ ਵਿੱਚ ਦਿੱਲੀ ਵਿਖੇ ਇਲਾਜ ਅਧੀਨ ਸਨ। ਅਕਾਲ ਪੁਰਖ ਦੀ ਬਖਸ਼ੀ ਆਯੂ ਤਕਰੀਬਨ ੬੩ ਸਾਲ ਬਤੀਤ ਕਰਕੇ ਆਖਰ ਇਸ ਸੰਸਾਰ ਅਸਾਰ ਨੂੰ ਛੱਡ ਗਏ।

ਪਰਵਾਰ ਵੱਲੋਂ ੨੦ ਅਗਸਤ ੨੦੦੮ ਨੂੰ ਨਾਮਧਾਰੀ ਧਰਮਸ਼ਾਲਾ, ਰਮੇਸ਼ ਨਗਰ, ਨਵੀਂ ਦਿੱਲੀ ਵਿਖੇ ਬੀਬੀ ਜੀ ਨਮਿਤ ਭੋਗ ਸਮਾਗਮ ਕੀਤਾ ਗਿਆ। ਸ਼੍ਰੋਮਣੀ ਜਥੇਦਾਰ ਸੇਵਾ ਸਿੰਘ ਜੀ ਨੇ ਕਥਾ ਕੀਰਤਨ ਕਰਦਿਆਂ ਜਨਮ-ਮਰਣ ਦੀ ਫਿਲਾਸਫ਼ੀ ਉਤੇ ਚਾਨਣਾ ਪਾਇਆ। ਸਾਧਾਰਨ ਪਾਠ ਦਾ ਭੋਗ ਉਪਰੰਤ ਵਿਛੜੀ ਆਤਮਾ ਦੀ ਕਲਿਆਣਤਾ ਹਿੱਤ ਅਰਦਾਸ ਕੀਤੀ ਗਈ। ਭੋਗ ਸਮਾਗਮ ਅਤੇ ਅਰਦਾਸ ਵਿੱਚ ਰਿਸ਼ਤੇਦਾਰ, ਸਬੰਧੀਆਂ ਤੋਂ ਇਲਾਵਾ ਦੂਰੋਂ ਨੇੜਿਓਂ ਦਾ ਭਾਈਚਾਰਾ ਭਾਰੀ ਗਿਣਤੀ ਵਿੱਚ ਸ਼ਾਮਲ ਹੋਇਆ। ਇਸ ਮੌਕੇ ਵਿਸ਼ੇਸ਼ ਵਿਅਕਤੀਆਂ ਵਿੱਚ ਰਾਜਨੀਤੀ ਵਿੱਚ ਉਘਾ ਨਾਮ ਕਾਇਮ ਕਰਨ ਵਾਲੇ ਸ. ਇੰਦਰ ਸਿੰਘ ਨਾਮਧਾਰੀ ਝਾਰਖੰਡ ਪਲਾਮੂ ਤੋਂ ਵਿਸੇਸ਼ ਤੌਰ ਤੇ ਸ਼ਾਮਲ ਹੋਏ। ਆਪ ਨੇ ਤਕਰੀਬਨ ਅੱਧ ਘੰਟਾ ਬੀਬੀ ਜੀ ਦੀ ਜੀਵਨ-ਜਾਚ ਸਬੰਧੀ ਚਾਨਣਾ ਪਾਉਂਦਿਆਂ ਸ਼ਰਧਾਂਜਲੀ ਭੇਟ ਕੀਤੀ। ਵਰਨਣਯੋਗ ਹੈ ਕਿ ਸ. ਇੰਦਰ ਸਿੰਘ ਨਾਮਧਾਰੀ ਸੰਤ ਸਤਵਿੰਦਰ ਸਿੰਘ ਨਾਮਧਾਰੀ ਦੇ ਚਾਚਾ ਜੀ ਹਨ। ਪਰਵਾਰ ਵੱਲੋਂ ਲੰਗਰ ਦੀ ਸੇਵਾ ਬੜੀ ਸ਼ਰਧਾ ਭਾਵਨਾ ਨਾਲ ਨਿਭਾਈ ਗਈ। ਧਰਮ ਕਾਰਜਾਂ ਅਤੇ ਸਾਹਿਤ ਸੇਵਾ ਹਿੱਤਾ ਮਾਇਆ ਵੀ ਕੱਢੀ ਗਈ।

—ਸਰਬਸ਼ਕਤੀਮਾਨ
ਐਡੀਟਰ 'ਵਰਤਮਾਨ ਹਿੰਦੋਸਤਾਨ'

ਵਿਸ਼ਵ ਨਾਮਧਾਰੀ ਵਿਦਿਅਕ ਜਥੇ ਦਾ ਸਲਾਨਾ ਸੰਮੇਲਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹਜ਼ੂਰੀ ਵਿਚ ਸੰਪਨ

ਪਰਮ ਪੂਜਯ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਵਿਸ਼ਵ ਨਾਮਧਾਰੀ ਵਿਦਿਅਕ ਜਥੇ (ਰਜਿ.) ਦਾ ੪੨ਵਾਂ ਵਾਰਸ਼ਿਕ ਸੰਮੇਲਨ ਸ੍ਰੀ ਭੈਣੀ ਸਾਹਿਬ ਦੀ ਤਪੋ ਭੂਮੀ ਤੇ ੨੨ ਤੋਂ ੨੪ ਜੂਨ ੨੦੦੮ ਤੱਕ ਹੋਇਆ ਇਸ ਵਾਰੀ ਇਹ ਸੰਮੇਲਨ ਪਹਿਲੇ ਅਜ਼ਾਦੀ ਸੰਗਰਾਮ ਕੂਕਾ ਅੰਦੋਲਨ ਦੇ ੧੫੦ ਸਾਲਾਂ ਨੂੰ ਸਮਰਪਿਤ ਸੀ। ਨਾਮਧਾਰੀ ਪੰਥ ਦੀ ਨੌਜਵਾਨ ਪੀੜ੍ਹੀ ਨੂੰ ਇਹ ਸੁਭਾਗ ਪ੍ਰਾਪਤ ਹੈ ਕਿ ਅਜੋਕੇ ਪਦਾਰਥਵਾਦੀ ਜੁੱਗ ਵਿੱਚ ਜਿਥੇ ਪੰਜਾਬ ਦੀ ਸਮੁੱਚੀ ਨੌਜਵਾਨ ਪੀੜ੍ਹੀ ਨਸ਼ਿਆਂ ਦੇ ਦਰਿਆ ਵਿੱਚ ਡੁਬ ਰਹੀ ਹੈ ਉਥੇ ਨਾਮਧਾਰੀ ਨੌਜਵਾਨ ਆਪਣੇ ਮਹਿਬੂਬ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਸਦਕਾ ਨਸ਼ਾ ਮੁਕਤ ਸਮਾਜ ਸਿਰਜ ਕੇ ਦੁਨੀਆਂ ਦੇ ਹਰ ਖੇਤਰ ਭਾਵੇਂ ਉਹ ਗੁਰੂ ਸਿੱਖੀ ਮਾਰਗ ਹੋਵੇ, ਸੰਗੀਤ, ਖੇਡਾਂ ਹੋਣ ਜਾਂ ਬਾਗਬਾਨੀ ਖੇਤੀ ਬਾੜੀ ਦਾ ਹੋਵੇ ਹਰ ਖੇਤਰ ਵਿੱਚ ਆਪਣੀ ਮਾਨਯੋਗ ਪਹਿਚਾਣ ਨੂੰ ਬਰਕਰਾਰ ਰੱਖਿਆ ਹੋਇਆ ਹੈ। ਨਾਮਧਾਰੀ ਨੌਜਵਾਨਾਂ ਨੂੰ ਜਦੋਂ ਵੀ ਥੋੜਾ ਬਹੁਤ ਸਮਾਂ ਮਿਲੇ ਉਹ ਸਤਿਗੁਰੂ ਜੀ ਦੇ ਚਰਨਾਂ ਵਿੱਚ ਹਾਜ਼ਰੀ ਭਰ ਕੇ ਖੁਸ਼ੀ ਮਹਿਸੂਸ ਕਰਦੇ ਹਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿੱਤਰ ਉਪਦੇਸ਼ ਅਨੁਸਾਰ ਕਿ "ਨਾਮਧਾਰੀਓ ਤੁਸੀਂ ਹਿੰਦੋਸਤਾਨ ਦੀ ਪੁਰਾਤਨ ਸੱਭਿਅਤਾ ਦਾ ਬੀਜ ਮਾਤਰ ਰਹਿ ਗਏ ਹੋ। "ਉਸ ਅਨੁਸਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਨੇ ਹਿੰਦੋਸਤਾਨ ਦੀ ਪੁਰਾਤਨ ਮਰਿਆਦਾ ਅਤੇ ਸੱਭਿਅਤਾ ਨੂੰ ਸੰਭਾਲ ਕੇ ਰੱਖਿਆ ਹੈ। ਸ੍ਰੀ ਸਤਿਗੁਰੂ ਜੀ ਆਪਣੇ ਰੁਝੇਵਿਆਂ ਭਰੇ ਸਮੇਂ ਵਿਚੋਂ ਉਚੇਚਾ ਸਮਾਂ ਕੱਢ ਕੇ ਨਾਮਧਾਰੀ ਨੌਜਵਾਨਾਂ ਨੂੰ ਆਪਣੀ ਨਿਵਾਜ਼ਿਸ਼ ਦਾ ਪਾਤਰ ਬਨਾਉਂਦੇ ਰਹਿੰਦੇ ਹਨ। ਨਾਮਧਾਰੀ ਨੌਜਵਾਨਾਂ ਦਾ ਇਹ ਸਲਾਨਾ ਸੰਮੇਲਨ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ੧੯੬੫ ਵਿੱਚ ਆਪ ਕੀਤੀ ਹੋਈ ਇੱਕ ਵਿਸ਼ੇਸ਼ ਬਖਸਿਸ਼ ਹੀ ਹੈ। ਹਜ਼ਾਰਾਂ ਹੀ ਅਜਿਹੇ ਨੌਜਵਾਨ ਹਨ ਜਿਹਨਾਂ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਇੱਕ ਤਿਲ ਮਾਤਰ ਪਿਆਰ ਨੇ ਨੌਜਵਾਨਾਂ ਦੇ ਜੀਵਨ ਵਿਚ ਪਲਟਾ ਲਿਆ ਦਿੱਤਾ ਅਤੇ ਉਹ ਨੌਜਵਾਨਾਂ ਨੇ ਆਪਣਾ ਸਤਿਗੁਰੂ ਜੀ ਦੇ ਹੁਕਮਾਂ ਅਨੁਸਾਰ ਢਾਲ ਲਿਆ।

੨੧ ਜੂਨ ੨੦੦੮ ਦਿਨ ਸ਼ਨੀਵਾਰ ਨੂੰ ਬਾਅਦ ਦੁਪਹਿਰ ਵੱਖ-ਵੱਖ ਇਲਾਕਿਆਂ ਤੋਂ ਨੌਜਵਾਨਾਂ ਦੇ ਜਥੇ ਆਉਣੇ ਸ਼ੁਰੂ ਹੋ ਗਏ ਸਨ। ਹਰ ਇੱਕ ਜਥਾ ਨਾਮਧਾਰੀ ਪੰਥ ਦੀ ਪਰੰਪਰਾਗਤ ਸ਼ੈਲੀ ਢੋਲਕੀ ਛੈਣਿਆਂ ਨਾਲ ਕੀਰਤਨ ਕਰਦਾ ਹੋਇਆ ਹੱਥਾਂ ਵਿਚ ਸੰਮੇਲਨ ਦੇ ਬੈਨਰ ਫੜੀ ਸ੍ਰੀ ਭੈਣੀ ਸਾਹਿਬ ਦੇ ਮੁੱਖ ਗੇਟ ਤੋਂ ਦਾਖਲ ਹੋ ਰਿਹਾ ਸੀ। ਇੱਕ ਜੱਥਾ ਸ਼ਬਦ ਪੜ੍ਹ ਰਿਹਾ ਸੀ "ਤੈਨੂੰ ਲੱਖਵਾਰੀ ਪ੍ਰਨਾਮ ਕਰਾਂ, ਧਰਤੀ ਭੈਣੀ ਸਾਹਿਬ ਦੀਏ" ਸ੍ਰੀ ਸਤਿਗੁਰੂ ਜੀ ਦੇ ਨਿਵਾਸ ਅਸਥਾਨ ਕੋਠੀ ਦੇ ਮੇਨ ਗੇਟ ਤੇ ਸਾਰੇ ਜਥਿਆਂ ਨੂੰ ਜੀ ਆਇਆਂ ਕਹਿਣ ਲਈ ਵਿਸ਼ਵ ਨਾਮਧਾਰੀ ਵਿਦਿਅਕ ਜੱਥੇ ਦੇ ਪ੍ਰਧਾਨ ਸੂਬਾ ਬਲਵਿੰਦਰ ਸਿੰਘ ਝੱਲ ਆਪਣੇ ਸਾਥੀਆਂ ਸਮੇਤ ਹਾਜ਼ਰ ਸਨ। ਜਿਹਨਾਂ ਵਿੱਚ ਸੰਤ ਹਰਜੀਤ ਸਿੰਘ ਮੁਠੱਡਾ, ਸੰਤ ਸੁਖਵਿੰਦਰ ਸਿੰਘ ਲਾਇਲ ਅਤੇ ਸੰਤ ਬਲਬੀਰ ਸਿੰਘ ਸ਼ਾਮਲ ਸਨ। ਸਾਰੇ ਜਥਿਆਂ ਦੀ ਰਹਾਇਸ਼ ਦਾ ਪ੍ਰਬੰਧ ਬਹੁਤ ਹੀ ਵਧੀਆ ਢੰਗ ਨਾਲ ਪੂਜਯ ਮਾਤਾ ਚੰਦ ਕੌਰ ਜੀ ਨੇ ਨਵੇਂ ਬਣਾਏ ਰਹਾਇਸ਼ ਕੰਪਲੈਕਸ ਕੋਠੀਆਂ ਵਿੱਚ ਕੀਤਾ ਹੋਇਆ ਸੀ। ਸਾਰੇ ਜਥੇ ੨੧ ਜੂਨ ਦੇਰ ਸ਼ਾਮ ਤੱਕ ਸ੍ਰੀ ਭੈਣੀ ਸਾਹਿਬ ਪਹੁੰਚ ਚੁੱਕੇ ਸਨ।

੨੨ ਜੂਨ ਦਿਨ ਐਤਵਾਰ ਨੂੰ ਆਸਾ ਜੀ ਦੀ ਵਾਰ ਦਾ ਕੀਰਤਨ ਹਰੀ ਮੰਦਰ ਵਿੱਚ ਅਰੰਭ ਹੋਇਆ। ਕੀਰਤਨ ਦੇ ਦੌਰਾਨ ਹੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਪਾਵਨ ਪਵਿੱਤਰ ਦਰਸ਼ਨ ਦੇ ਕੇ ਨੌਜਵਾਨਾਂ ਦੇ ਦਿਲਾਂ ਅੰਦਰ ਹੋਰ ਨਵਾਂ ਜੋਸ਼ ਅਤੇ ਉਤਸ਼ਾਹ ਬਖਸ਼ਿਆ ਕੀਰਤਨ ਦੀ ਸਮਾਪਤੀ ਤੇ ਬਾਅਦ ਸੂਬਾ ਬਲਵਿੰਦਰ ਸਿੰਘ ਪ੍ਰਧਾਨ ਅਤੇ ਉਹਨਾਂ ਦੇ ਸਾਥੀਆਂ ਨੇ

ਇੱਕ ਬਹੁਤ ਹੀ ਸੁੰਦਰ ਚਾਂਦੀ ਦਾ ਬਣਿਆਂ ਹੋਇਆ ੬੬ ਮੋਰੀਆਂ ਵਾਲਾ ਖੰਡਾ ਸ੍ਰੀ ਸਤਿਗੁਰੂ ਜੀ ਨੂੰ ਭੇਟ ਕੀਤਾ ਅਤੇ ਸੰਮੇਲਨ ਸ਼ੁਰੂ ਕਰਨ ਦੀ ਆਗਿਆ ਮੰਗੀ। ਇਸ ਤਰ੍ਹਾਂ ਸ੍ਰੀ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਵਿਸ਼ਵ ਨਾਮਧਾਰੀ ਵਿਦਿਅਕ ਜਥੇ ਦਾ ਇਹ ੪੨ਵਾਂ ਵਾਰਸ਼ਿਕ ਸੰਮਲੇਨ ਅਰੰਭ ਹੋਇਆ। ਸਭ ਤੋਂ ਪਹਿਲਾ ਗੁਰਬਾਣੀ ਦੇ ਮਹਾਨ ਵਿਦਵਾਨ ਮਾਨਯੋਗ ਮਾਸਟਰ ਦਰਸ਼ਨ ਸਿੰਘ ਜੀ ਨੇ ਗੁਰਬਾਣੀ ਦੀ ਸ਼ੁੱਧਤਾ ਬਾਰੇ ਨੌਜਵਾਨਾਂ ਨੂੰ ਦੱਸਿਆ ਕਿ ਗੁਰਬਾਣੀ ਨੂੰ ਸ਼ੁੱਧ ਪੜ੍ਹਨ ਦਾ ਕੀ ਮਹੱਤਵ ਹੈ। ਮਾਸਟਰ ਜੀ ਨੇ ਜਪੁਜੀ, ਜਾਪ, ਸ਼ਬਦ ਹਜਾਰੇ ਅਤੇ ਕੀਰਤਨ ਸੋਹਿਲਾ ਗੁਰਬਾਣੀ ਬਾਰੇ ਵਿਸ਼ੇਸ਼ ਜਾਣਕਾਰੀ ਦਿੱਤੀ। ਇਸ ਤਰ੍ਹਾਂ ਸਾਰਾ ਦਿਨ ਨੌਜਵਾਨਾਂ ਦੀ ਵੱਖ-ਵੱਖ ਪ੍ਰਤੀਯੋਗਤਾ ਜਿਵੇਂ ਲਿਖਤੀ ਇਤਿਹਾਸਿਕ ਪ੍ਰਤੀਯੋਗਤਾ, ਨਾਮ ਸਿਮਰਨ ਪ੍ਰਤੀਯੋਗਤਾ, ਦਸਤਾਰ ਪ੍ਰਤੀਯੋਗਤਾ, ਹੱਲੇ ਦਾ ਦੀਵਾਨ ਪ੍ਰਤੀਯੋਗਤਾ ਸਾਰਾ ਦਿਨ ਚਲਦੇ ਰਹੇ। ਨੌਜਵਾਨਾਂ ਦੇ ਲੰਗਰ ਪਾਣੀ ਦਾ ਪ੍ਰਬੰਧ ਅੰਮ੍ਰਿਤਸਰ ਨਾਮਧਾਰੀ ਸੰਗਤ ਦੇ ਪ੍ਰਧਾਨ ਸੰਤ ਰਣਜੀਤ ਸਿੰਘ ਦੀ ਦੇਖ ਰੇਖ ਹੇਠ ਕੀਤਾ ਗਿਆ।

੨੩ ਜੂਨ ਦਿਨ ਸੋਮਵਾਰ ਸਵੇਰੇ ਅੰਮ੍ਰਿਤ ਵੇਰੇ ਹਰੀ ਮੰਦਰ ਵਿਚ ਹੋ ਰਹੇ ਆਸਾ ਦੀ ਵਾਰ ਦੇ ਕੀਰਤਨ ਸਮੇਂ ਸਾਰੇ ਨੌਜਵਾਨਾਂ ਨੇ ਸ੍ਰੀ ਸਤਿਗੁਰੂ ਜੀ ਦੇ ਪਾਵਨ ਚਰਨ ਪਰਸ ਕੇ ਆਪਣੀ ਹਾਜ਼ਰੀ ਲਵਾਈ। ਅੱਜ ਨਾਮਧਾਰੀ ਪੰਥ ਦੇ ਪ੍ਰਸਿੱਧ ਵਿਦਵਾਨ ਸ. ਸਵਰਨ ਸਿੰਘ ਵਿਰਕ ਨੇ ਨੌਜਵਾਨਾਂ ਨੂੰ ਸੰਬੋਧਨ ਕੀਤਾ। ਆਪਣੇ ਭਾਸ਼ਨ ਵਿੱਚ ਸ. ਵਿਰਕ ਜੀ ਨੇ ਨਾਮਧਾਰੀ ਨੌਜਵਾਨਾਂ ਨੂੰ ਸੁਚੇਤ ਕੀਤਾ ਕਿ ਤੁਸੀਂ ਪੱਛਮੀ ਸੱਭਿਅਤਾ ਦੇ ਮਾਰੂ ਪ੍ਰਭਾਵਾਂ ਤੋਂ ਬਚ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਨਾਲ ਆਪਣੀ ਮਾਨੋਯਗ ਪਹਿਚਾਨ ਬਣਾਈ ਰੱਖੋ। ਇਸ ਤਰ੍ਹਾਂ ਸਾਰਾ ਦਿਨ ਨੌਜਵਾਨਾਂ ਦੇ ਮੁਕਾਬਲੇ ਚਲਦੇ ਰਹੇ। ਸ਼ਾਮ ਨੂੰ ਬਹੁਤ ਸ਼ਾਨਦਾਰ ਪ੍ਰੋਗਰਾਮ ਸੰਗੀਤ ਦਾ ਸੀ ਜਿਸ ਵਿੱਚ ਵੱਖ-ਵੱਖ ਟੀਮਾਂ ਨੇ ਆਪਣੇ ਜੌਹਰ ਦਿਖਾਏ। ਸੰਗੀਤ ਦੇ ਮੁਕਾਬਲੇ ਦੇਰ ਸ਼ਾਮ ਤੱਕ ਚਲਦੇ ਰਹੇ।

੨੪ ਜੂਨ ਦਿਨ ਮੰਗਲਵਾਰ ਅੱਜ ਸੰਮੇਲਨ ਦਾ ਸਮਾਪਤੀ ਦਾ ਦਿਨ ਸੀ। ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਦੌਰਾਨ ਹਰੀ ਮੰਦਰ ਵਿੱਚ ਹੀ ਸਤਿਗੁਰੂ ਜੀ ਦੇ ਦਰਸ਼ਨ ਦਿੱਤੇ। ਸਾਰੇ ਨੌਜਵਾਨਾਂ ਨੇ ਨਮਸਕਾਰ ਕਰਕੇ ਆਪਣੇ ਧੰਨ ਭਾਗ ਸਮਝੇ। ਅੱਜ ਸ. ਜਸਵਿੰਦਰ ਸਿੰਘ ਹਿਸਟੋਰੀਅਨ ਨੌਜਵਾਨੀ ਦੇ ਰੂ-ਬ-ਰੂ ਹੋਏ। ਆਪਣੇ ਸੰਖੇਪ ਜਹੇ ਭਾਸ਼ਣ ਵਿਚੋਂ ਸ. ਹਿਸਟੋਰੀਅਨ ਨੇ ਨੌਜਵਾਨਾਂ ਨੂੰ ਦੱਸਿਆ ਕਿ ੧੫੦ ਸਾਲ ਪਹਿਲਾਂ ਸ੍ਰੀ ਸਤਿਗੁਰੂ ਰਾਮ ਸਿੰਘ ਵੇਲੇ ਅਰੰਭੇ ਪਹਿਲੇ ਅਜ਼ਾਦੀ ਸੰਗਰਾਮ ਵਿਚ ਤੁਹਾਡੇ ਵੱਡੇ-ਵਡੇਰਿਆਂ ਨੇ ਕਿਸ ਤਰ੍ਹਾਂ ਕੁਰਬਾਨੀਆਂ ਕੀਤੀਆਂ ਅਤੇ ਆਪਣਾ ਜੀਵਨ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਾਂ ਅਨੁਸਾਰ ਬਤੀਤ ਕੀਤਾ। ਸ. ਜਸਵਿੰਦਰ ਸਿੰਘ ਨੇ ਨੌਜਵਾਨਾਂ ਨੂੰ ਦ੍ਰਿੜ ਕਰਵਾਇਆ ਕਿ ਅੱਜ ਲੋੜ ਹੈ ਹਰ ਨਾਮਧਾਰੀ ਨੌਜਵਾਨ ਨੂੰ ਆਪਨਾ ਜੀਵਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਜਿਉਣ ਦੀ।

ਸ੍ਰੀ ਸਤਿਗੁਰੂ ਜੀ ਦੇ ਹਜ਼ੂਰੀ ਸੇਵਕ ਸੰਤ ਰਛਪਾਲ ਸਿੰਘ ਦੇ ਦੱਸੇ ਪ੍ਰੋਗਰਾਮ ਮੁਤਾਬਿਕ ੯ ਵਜੇ ਫਿਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹਰੀ ਮੰਦਰ ਵਿੱਚ ਦਰਸ਼ਨ ਦੇ ਕੇ ਨੌਜਵਾਨਾਂ ਨੂੰ ਆਪਣੀ ਬਖਸ਼ਿਸ਼ ਦੁਆਰਾ ਆਣ ਨਿਵਾਜਿਆ। ਵੱਖ-ਵੱਖ ਮੁਕਾਬਲਿਆਂ ਦੇ ਜੇਤੂ ਨੌਜਵਾਨਾਂ ਵਿੱਚ ਉਤਸ਼ਾਹ ਸੀ ਕਿ ਉਹ ਸ੍ਰੀ ਸਤਿਗੁਰੂ ਜੀ ਦੇ ਪਾਵਨ ਹਸਤ ਕਵਲਾਂ ਨਾਲ ਇਨਾਮ ਪ੍ਰਾਪਤ ਕਰਨਗੇ। ਇਸੇ ਤਰ੍ਹਾਂ ਹੀ ਬਖਸ਼ਿਸ਼ ਹੋਈ ਸ੍ਰੀ ਸਤਿਗੁਰੂ ਜੀ ਨੇ ਹਰ ਜੇਤੂ ਨੌਜਵਾਨ ਨੂੰ ਆਪਣੇ ਪਾਵਨ ਹਸਤ ਕਵਲਾਂ ਤੋਂ ਇਨਾਮ ਦੇਣ ਦੀ ਕ੍ਰਿਪਾ ਕੀਤੀ ਅਤੇ ਸੰਮੇਲਨ ਵਿੱਚ ਆਏ ਹਰ ਇੱਕ ਜੱਥੇ ਦੀ ਤਸਵੀਰ ਸਤਿਗੁਰੂ ਜੀ ਨਾਲ ਖਿੱਚੀ। ਇਸ ਇਤਿਹਾਸਿਕ ਅਤੇ ਯਾਦਗਾਰੀ ਪਲਾਂ ਨੂੰ ਸੰਭਾਲਣ ਲਈ ਨੌਜਵਾਨ ਫੋਟੋਗ੍ਰਾਫਰ ਸੁਰਤਪਾਲ ਸਿੰਘ ਕੈਮਰਾ ਤਤਪਰ ਤਿਆਰ ਸੀ।

ਸਾਰੇ ਨੌਜਵਾਨਾਂ ਦੇ ਚੇਹਰੇ ਤੇ ਖੁਸ਼ੀ ਅਤੇ ਖੇੜਾ ਸੀ। ਇਸ ਵਾਰੀ ਵਿਦਿਅਕ ਜੱਥੇ ਦਾ ਇਹ ੪੨ਵਾਂ ਵਾਰਸ਼ਿਕ ਸੰਮੇਲਨ ਕਰਵਾਉਣ ਦੀ ਸੇਵਾ ਦਾ ਸੁਭਾਗ ਅੰਮ੍ਰਿਤਸਰ ਜ਼ਿਲ੍ਹੇ ਦੀ ਨਾਮਧਾਰੀ ਸਾਧ ਸੰਗਤ ਨੂੰ ਪ੍ਰਾਪਤ ਹੋਇਆ। ਨਾਮਧਾਰੀ ਸੰਗਤ ਦੇ ਪ੍ਰਧਾਨ ਸੰਤ ਰਣਜੀਤ ਸਿੰਘ ਦੀ ਅਗਵਾਈ ਵਿੱਚ ਸਾਰੇ ਪ੍ਰੋਗਰਾਮ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਇਆ ਗਿਆ। ਪ੍ਰਧਾਨ ਸੰਤ ਰਣਜੀਤ ਸਿੰਘ ਅਤੇ ਉਹਨਾਂ ਦੇ ਸਾਥੀ ਸ. ਰਵਿੰਦਰ ਸਿੰਘ ਜੌਹਲ, ਕਨਵੀਨਰ ਜਸਪਾਲ ਸਿੰਘ, ਸ. ਬਾਵਾ ਸਿੰਘ, ਦਵਿੰਦਰ ਸਿੰਘ ਨਾਗੀ ਅਤੇ ਬੀਬੀ ਮਨਪ੍ਰੀਤ ਕੌਰ ਹੋਰਾਂ ਤਨ, ਮਨ ਅਤੇ ਧਨ ਕਰਕੇ ਬੇਅੰਤ ਸੇਵਾ ਕੀਤੀ ਅਤੇ ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਦੇ ਪਾਤਰ ਬਣੇ।

ਰਿਪੋਰਟ :-

ਸੂਬਾ ਬਲਵਿੰਦਰ ਸਿੰਘ ਝੱਲ

ਪ੍ਰਧਾਨ ਵਿਸ਼ਵ ਨਾਮਧਾਰੀ ਵਿਦਿਅਕ ਜੱਥਾ

ਗੁਰਦੀਪ ਸਿੰਘ ਕੂਕਾ ਕਾਨੂੰਗੋ ਐਸੋਸੀਏਸ਼ਨ ਦੇ ਪ੍ਰਧਾਨ ਬਣੇ

ਕਾਨੂੰਗੋ ਐਸੋਸੀਏਸ਼ਨ ਪੰਜਾਬ ਦੀ ਚੋਣ ਲੁਧਿਆਣਾ ਵਿਖੇ ਸ੍ਰੀ ਦਰਸ਼ਨ ਸਿੰਘ ਬਾਗਾ ਸਾਬਕਾ ਜਨਰਲ ਸੈਕਟਰੀ ਪੰਜਾਬ, ਸ੍ਰੀ ਨਵਿੰਦਰ ਸਿੰਘ ਪ੍ਰਧਾਨ ਜ਼ਿਲ੍ਹਾ ਅੰਮ੍ਰਿਤਸਰ ਅਤੇ ਸ੍ਰੀ ਆਤਮਾ ਨਾਥ ਵਾਲੀਆ ਜਨਰਲ ਸੈਕਟਰੀ ਨਵਾਂਸ਼ਹਿਰ ਕਾਨੂੰਗੋ ਐਸੋਸੀਏਸ਼ਨ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਗੁਰਦੀਪ ਸਿੰਘ ਗਿੱਲ 'ਕੂਕਾ' ਨੂੰ ਪੰਜਾਬ ਦਾ ਪ੍ਰਧਾਨ, ਸ੍ਰੀ ਮੋਹਨ ਲਾਲ ਲੁਧਿਆਣਾ ਨੂੰ ਖਜ਼ਾਨਚੀ, ਸ੍ਰੀ ਬਲਵਿੰਦਰ ਸਿੰਘ ਗਿੱਲ ਫਤਹਿਗੜ੍ਹ ਸਾਹਿਬ ਨੂੰ ਜਨਰਲ ਸਕੱਤਰ, ਸ੍ਰੀ ਹਰਬੰਸ ਸਿੰਘ ਮੋਗਾ ਨੂੰ ਸੀਨੀਅਰ ਮੀਤ ਪ੍ਰਧਾਨ ਕਾਨੂੰਗੋ ਐਸੋਸੀਏਸ਼ਨ ਪੰਜਾਬ ਚੁਣਿਆ ਗਿਆ।

ਨਿਊਯਾਰਕ ਅਮਰੀਕਾ ਵਿਚ ਆਜ਼ਾਦੀ ਦਿਵਸ ਪਰੇਡ ਵਿਚ ਨਾਮਧਾਰੀ ਝਾਕੀ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਰਜ਼ਾ ਅਤੇ ਆਗਿਆ ਅਨੁਸਾਰ, New York ਦੀ ਨਾਮਧਾਰੀ ਸੰਗਤ ਦੇ ਸਹਿਯੋਗ ਸਦਕਾ ਇਸ ਵਾਰ ਮੈਨਹਟਨ ਦੇ ਮੈਡੀਸਨ ਐਵੇਨਿਊ ਤੇ ੧੭ ਅਗਸਤ ੨੦੦੮, ਦਿਨ ਐਤਵਾਰ ਨੂੰ ਫੈਡਰੇਸ਼ਨ ਆਫ ਇੰਡੀਅਨ ਐਸੋਸੀਏਸ਼ਨਜ਼ ਵੱਲੋਂ ਕੱਢੀ ਗਈ ਇੰਡੀਆ ਇੰਡੀਪੈਂਡਸ ਡੇ ਪਰੇਡ ਵਿੱਚ ਕੂਕਾ ਤਹਿਰੀਕ ਦੇ ੧੫੦ ਸਾਲਾਂ ਨੂੰ ਇੱਕ ਝਾਕੀ (Float) ਸਮਰਪਿਤ ਕੀਤਾ ਗਿਆ। FIA ਵੱਲੋਂ ਇਸ ਪਰੇਡ ਦਾ ਮੁੱਖ ਵਿਸ਼ਾ ਵਿਸ਼ਵ ਸ਼ਾਂਤੀ ਸੀ ਅਤੇ ਮਹਾਤਮਾ ਗਾਂਧੀ ਜੀ ਦੇ ਅਹਿੰਸਾ ਸਿਧਾਂਤ ਨੂੰ ਅਗੇ ਤੋਰਨ ਦਾ ਸੰਕਲਪ ਰੱਖਿਆ ਗਿਆ ਸੀ। ਨਾਮਧਾਰੀ ਸਿੱਖਾਂ ਨੇ ਇਸ ਪਰੇਡ ਵਿੱਚ ਨਾਮਧਾਰੀ ਝਾਕੀ ਨੂੰ ਸ਼ਾਮਲ ਕਰਵਾਕੇ ਇਹ ਦਰਸਾਇਆ ਹੈ ਕਿ ਭਾਰਤ ਦੀ ਆਜ਼ਾਦੀ ਦੇ ਸਰਬ ਪ੍ਰਥਮ ਰਹਿਨੁਮਾ, ਨਾ-ਮਿਲਵਰਤਨ ਲਹਿਰ ਦੇ ਮੋਢੀ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਹਨ, ਜਿਨ੍ਹਾਂ ਨੇ ਅਪ੍ਰੈਲ ੧੪, ੧੮੫੭ ਈ. ਨੂੰ ਸੁਤੰਤਰਤਾ ਸੰਗ੍ਰਾਮ ਤੇ ਵਿਸ਼ਵ ਸ਼ਾਂਤੀ ਦਾ ਸਫ਼ੇਦ ਝੰਡਾ ਲਹਿਰਾ ਕੇ ਸਵਦੇਸ਼ੀ ਲਹਿਰ ਦਾ ਆਗਾਜ਼ ਕੀਤਾ ਸੀ, ਜਿਸਨੂੰ ੬੦ ਸਾਲ ਬਾਅਦ ਮਹਾਤਮਾ ਗਾਂਧੀ ਜੀ ਨੇ ਬੜੇ ਜ਼ੋਰਦਾਰ ਰੂਪ ਵਿੱਚ ਅਗੇ ਚਲਾਕੇ ੧੯੪੭ ਵਿਚ ਲਾਮਿਸਾਲ ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਭਾਰਤ ਦੇਸ਼ ਦੀ ਆਜ਼ਾਦੀ ਹਾਸਲ ਕੀਤੀ। ੨੮ ਸਾਲਾਂ ਤੋਂ ਕੱਢੀ ਆ ਰਹੀ ਪਰੇਡ (ਯਾਤਰਾ) ਵਿੱਚ ਨਾਮਧਾਰੀ ਸਿੱਖ ਫਾਊਂਡੇਸ਼ਨ ਇਕ ਨੇ ਪਹਿਲੀ ਵਾਰ ਹਿੱਸਾ ਲੈਕੇ ਸਿੱਖਾਂ ਵੱਲੋਂ ਖਾਸ ਕਰਕੇ ਸਿੱਖਾਂ ਦੀ ਨਾਮਧਾਰੀ ਜਥੇ ਬੰਦੀ ਵੱਲੋਂ ਇੱਕ ਬੜੀ ਉਦਾਰਤਾ, ਖੁਲ-ਦਿਲੀ,ਤੇ ਸਹਿਯੋਗ ਦਾ ਪ੍ਰਦਰਸ਼ਨ ਕੀਤਾ। ਜਿਸ ਸਮੇਂ ਇਹ ਝਾਕੀ, ਜਿਸ ਦੇ ਅਗਲੇ ਹਿੱਸੇ ਤੇ ਪੰਜ ਸਫ਼ੇਦ ਝੰਡੇ ਲਿਹਰਾ ਕੇ, ਪੰਜ ਪਿਆਰਿਆਂ ਨੂੰ ਦਰਸਾ ਰਹੇ ਸਨ, ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸ਼ਹੀਦਾਂ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਸਨ, ਹਜ਼ਾਰਾਂ ਦੀ ਗਿਣਤੀ 'ਚ ਜਨਸਮੂਹ ਦੀ ਇਕਤਰਤਾ ਵਿਚੋਂ ਨਿਕਲ ਰਿਹਾ ਸੀ ਤਾਂ ਸਭ ਲੋਕ ਪ੍ਰਸੰਸਾ ਕਰ ਰਹੇ ਸਨ ਅਤੇ ਸਤਿਗੁਰੂ ਜੀ ਦੀਆਂ ਤਸਵੀਰਾਂ ਨੂੰ ਨਮਸਕਾਰ ਕਰ ਰਹੇ ਸਨ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਕੂਕਾ ਅੰਦੋਲਨ ਦੇ ਸਮੇਂ ਜਾਂ ਉਸ ਤੋਂ ਬਾਅਦ ਦੇ ਸਮੇਂ ਵਿੱਚ ਜਿਨ੍ਹਾਂ ਨੇਤਾਵਾਂ ਦੇ ਦੇਸ਼ ਭਗਤਾਂ ਨੇ ਸਵਤੰਤਰਤਾ ਸੰਗ੍ਰਾਮ ਵਿੱਚ ਆਪਣਾ ਯੋਗਦਾਨ ਪਾਇਆ, ਉਹਨ੍ਹਾਂ ਅਤੇ ਅੰਗਰੇਜ਼ ਹਾਕਮਾਂ ਵੱਲੋਂ ਦਿੱਤੇ ਹੋਏ ਬਿਆਨ ਝਾਕੀ ਤੇ ਲਗਾਏ ਸਨ। ਕਈ ਲੋਕਾਂ ਨੇ ਇਹਨਾਂ ਨੂੰ ਪੜ੍ਹਕੇ ਕਿਹਾ ਕਿ ਅਸੀਂ ਤੇ ਇੱਸ ਬਾਰੇ ਕੁੱਝ ਜਾਣਦੇ ਹੀ ਨਹੀਂ ਸਾਂ। ਅਤੇ ਜ਼ਿਆਦਾਤਰ ਲੋਕਾਂ ਨੇ ਦੋਵੇਂ ਹੱਥ ਖੜੇ ਕਰਕੇ ਖੁਸ਼ੀ ਦਾ ਪ੍ਰਗਟਾਵਾ ਅਤੇ ਹੌਸਲਾ ਅਫਜ਼ਾਈ ਕੀਤੀ। ਜਦੋਂ ਕੂਕਾ ਅੰਦੋਲਨ ਨੂੰ ਸਮਰਪਿਤ ਇਹ ਝਾਕੀ, FIA ਦੇ ਬਣਾਏ ਮੰਚ ਦੇ ਕੋਲ ਪਹੁੰਚਿਆ ਤਾਂ ਜੈ ਕਾਰੇ ਅਤੇ ਸਤਿ ਸ੍ਰੀ ਅਕਾਲ ਦੀ ਆਵਾਜ਼ ਨਾ ਅਸਮਾਨ ਗੂੰਜ ਉਠਿਆ।

—ਗੁਰਪ੍ਰੀਤ ਸਿੰਘ ਭੁਰਜੀ
ਹਰਪ੍ਰੀਤ ਕੌਰ ਭੁਰਜੀ

S. Joginder Singh, former chief of CBI of India, came to U.S.A to take part as a keynote speaker, especially invited by the Indian American Intellectuals forum (IAIF) to mark the 14th Hindu Sangatharr Diwas (Unity Day) in New York on August 10,2008. He emphasized on a united action to get rid off the terrorism that has affected the security systems of almost all nations. Singh praised and gave the credit to America for its resolve, to put down, and not all allowing the reccurrence of 9/11/. Former Union law minister and currently president of Janta Party, Dr. Subramanian Swamy also addressed the meeting and described Mr. Singh as the "most honest" director of CBI Namdhari Sikh Foundation was also invited to this event to represent the Namadhari Sikh Community. Foundation's President, Gurpreet Singh and chairman, Bhupinder Singh Bhurji and his wife Sukhvinder Kaur attended this event.

On August 11, 2008, Namdhari Sikh Foundation Inc. (NSF) hosted a dinner in honor of former chief of CBI S. Joginder Singh. Along with S. Joginder Singh, Mr. Narain Kataria president of Indian American Intellectuals from (IAIF), his close assoicate Arish Sahani, Vice President of Shiromani Akali Dal (Badal) Gurbhej Singh Waraich, present president of Sikh Cultural Society Richmond Hill NY Avtar Singh F[illegible]nu, former president of Sikh Cultural Society Richmond Hill NY Harpreet Singh Toor and many other active neighborhood community members attended the dinner gathering. Namadhari Sikh community members were also present.

– Gurpreet singh
President (Namadhari Sikh Foundation)
e-mail :namdharisikhs@yahoo.com

ਪ੍ਰਤੀਕਿਰਿਆ

ਮੈਂ ਪਿਛਲੇ ਲੰਬੇ ਸਮੇਂ ਤੋਂ ਮਾਸਿਕ "ਵਰਿਆਮ" ਦਾ ਪਾਠਕ ਹਾਂ। ਇਸ ਦੇ ਜ਼ਰੀਏ ਪੰਜਾਬ, ਪੰਜਾਬੀ ਮਾਂ ਬੋਲੀ, ਪੰਜਾਬੀ ਸੱਭਿਆਚਾਰ ਦੀ ਸਮੁੱਚੀ ਝਲਕ ਨਜ਼ਰ ਆਉਂਦੀ ਹੈ ਸਾਹਿਤ ਦੀ ਮਾਨਸ਼ਿਕ ਤ੍ਰਿਪਤੀ ਦੇ ਨਾਲ-ਨਾਲ ਸਮਾਜ, ਰਾਜਨੀਤੀ, ਵਿਗਿਆਨ, ਧਰਮ ਤੇ ਸੰਸਕ੍ਰਿਤੀ ਦਾ ਵੀ ਗੂੜ ਗਿਆਨ ਪ੍ਰਾਪਤ ਹੁੰਦਾ ਹੈ। ਦੇਸ਼ ਭਗਤ ਸਿਰਲੱਥ ਜੋਧਿਆ ਦੀਆਂ ਲਾਸਾਨੀ ਕੁਰਬਾਨੀਆਂ ਕਰਨ ਵਾਲੇ ਸੂਰਬੀਰਾਂ ਦੀਆਂ ਵੀਰ ਗਥਾਵਾਂ ਨੂੰ 'ਵਰਿਆਮ' ਰਾਹੀਂ ਪੜ੍ਹ ਕੇ ਨਵੀਂ ਸੇਧ ਮਿਲਦੀ ਹੈ। ਅਖੌਤੀ ਪ੍ਰਚੰਡਕਾਂ ਵੱਲੋਂ ਜਦੋਂ ਵੀ ਕਦੇ ਦੇਸ਼ ਭਗਤ ਪ੍ਰਤੀ ਨਿਰਾਸ਼ਾਜਨਕ ਟਿੱਪਣੀਆਂ ਕੀਤੀਆਂ ਗਈਆਂ ਵਰਿਆਮ ਨੇ ਹਮੇਸ਼ਾ ਨਿਧੱੜਕ ਹੋ ਕੇ ਸੱਚ ਦੀ ਅਵਾਜ਼ ਨੂੰ ਬੁਲੰਦ ਕੀਤਾ। ਪਹਿਲਾਂ "ਕੂਕਾ ਲਹਿਰ", ਫਿਰ "ਕਾਮਾਗਾਟਾ ਮਾਰੂ" ਪ੍ਰਤੀ ਸਰਕਾਰਾਂ ਦੇ ਰਵੱਈਏ ਵਿਰੁੱਧ "ਵਰਿਆਮ" ਨੇ ਹਮੇਸ਼ਾਂ ਹੀ ਲੋਕਾਂ ਨੂੰ ਲਾਮਬੰਦ ਕੀਤਾ। ਹੁਣ ਆਹ ਅੰਮ੍ਰਿਤਸਰ ਦਾ ਉੱਚ ਅਧਿਕਾਰੀ ਸਰਕਾਰ ਰਾਹੀਂ ਜਲ੍ਹਿਆਂ ਵਾਲੇ ਬਾਗ ਦੇ ਸ਼ਹੀਦਾਂ ਨੂੰ ਸ਼ਹੀਦ ਮੰਨਣ ਤੋਂ ਇਨਕਾਰੀ ਹੈ। ਬੇਨਤੀ ਹੈ ਕਿ ਇਹਨ੍ਹਾਂ ਨੇ ਹਾਲੇ ਬੜਾ ਕੁੱਝ ਕਹਿਣਾ ਹੈ। ਕ੍ਰਿਪਾ ਕਰਕੇ "ਵਰਿਆਮ" ਜ਼ਰੀਏ ਸਹੀ ਦਿਸ਼ਾਵਾ ਪ੍ਰਦਾਨ ਕਰਨ ਵਾਲੀਆਂ ਰਚਨਾਵਾਂ ਪੇਸ਼ ਕਰੋ ਜੀ। ਪੰਜਾਬੀ ਭਾਸ਼ਾ ਨੂੰ ਜੋ ਵਿਸ਼ੇਸ਼ ਮੁਕਾਮ ਹਾਸਿਲ ਹੋਇਆ ਇਹਦੇ ਬਾਰੇ ਲੇਖ ਛਾਪਣ ਦੀ ਕੋਸ਼ਿਸ਼ ਕਰੋ। ਆਹ ਪਿੰਡਾਂ ਵਿੱਚ ਨਵੀਆਂ ਪੰਚਾਇਤੀ ਚੋਣਾਂ ਹੋਈਆਂ ਨਵੇ ਚਿਹਰੇ ਵੀ ਅੱਗੇ ਆਏ ਹਨ; ਧੜੇ ਬੰਦੀਆਂ ਫਿਰ ਵੀ ਕਾਇਮ ਹਨ। ਪੇਂਡੂ ਭਾਈਚਾਰਾਂ ਨਸ਼ਟ ਹੋ ਰਿਹਾ ਹੈ। ਸੇਵਾ ਸੁਵਾ ਕੋਈ ਨੀ ਕਰਦਾ। ਨਾਂ ਕੋਈ ਕਨੂੰਨ ਪਤਾ। ਕ੍ਰਿਪਾ ਕਰਕੇ ਕਿਸੇ ਸੂਝਵਾਨ ਵਿਅਕਤੀ ਦਾ ਪੰਚਾਇਤਾਂ ਸਬੰਧੀ ਲੇਖ, ਪੰਚਾਇਤੀ, ਸੰਕਲਪ, ਕਾਰਜ ਖੇਤਰ ਵਿਧੀ ਵਿਧਾਨ ਛਾਪੋ ਜੀ।

—ਰਮੇਸ਼ ਬੰਗੜ ਸਿਕੰਦਰਪੁਰ (ਜਲੰਧਰ)

ਵਰਿਆਮ ਜੁਆਨੀ ਦੀ ਅਵਸਥਾ ਵਿਚ ਨਿਖਰਦਾ ਅਤੇ ਅਕਰਸ਼ਤ ਹੁੰਦਾ ਜਾ ਰਿਹਾ ਹੈ, ਪ੍ਰੰਤੂ ਦਾਸ ਨੂੰ ਆਪ ਜੀ ਦੀ ਸਿਹਤ ਦਾਂ ਬਹੁਤ ਫਿਕਰ ਰਹਿੰਦਾ ਹੈ। ਪੰਜੀਵੀਂ ਵਰ੍ਹੇ ਗੰਢ ਤੋਂ ਬਾਅਦ ਇਨਸਾਨ : 'ਵਰਿਆਮ' ਚੜ੍ਹਦੀ ਜਵਾਨੀ-ਅਵਸਥਾ ਵਿਚ ਪੈਰ ਧਰ ਆਪਣੇ ਸੁਹੱਪਣ ਅਤੇ ਵਡੱਤਣ ਦਾ ਦਿਖਾਵਾ ਕਰਦਾ ਹੈ ਪ੍ਰੰਤੂ ਸਾਡਾ 'ਵਰਿਆਮ' (ਸੰਤ ਜਗਦੀਸ਼ ਸਿੰਘ) ਸਿਹਤ ਪਖੋਂ ਨਿਘਰਦਾ ਜਾ ਰਿਹਾ ਹੈ। ਹਰ ਵਾਰ ਆਪ ਲਿਖਦੇ ਹੋ 'ਚੰਗਾ ਹੋਇਆ ਇਹ ਕਾਰਜ ਪੂਰਾ ਹੋ ਗਿਆ।'

ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਦੀ ਕ੍ਰਿਪਾ ਕਰਨ ਇਹ ਹੋਰ ਅਗੇਰੀਆਂ ਪੁਲਾਂਘਾਂ ਪੁੱਟਦਾ ਦਿਨ ਦੁਗਣੀ ਰਾਤ ਚੌਗੁਣੀ ਤਰੱਕੀ ਕਰਦਾ ਜਾਵੇ। ਸਾਡੀਆਂ ਸ਼ੁਭ ਇਛਾਵਾਂ ਸਦਾ ਹੀ ਆਪ ਜੀ ਦੇ ਨਾਲ ਹਨ। ਮੈਨੂੰ ਪਤਾ ਹੈ ਕਿ ਮੇਰੀ ਲਿਖਤ ਇਸ ਵਿਚ ਕਈ ਬਹਾਨਿਆ (ਲੇਖ ਲੰਬਾ ਹੈ, ਸੰਦਰਭ ਸਹੀ ਨਹੀਂ ਆਦਿ) ਤਹਿਤ ਇਸ ਵਿਚ ਨਹੀਂ ਛਪ ਸਕਦੀ।

... ਮਾਸਟਰ ਅਮਰੀਕ ਸਿੰਘ ਬਾਰੇ ਵਰਿਆਮ ਦਾ ਅੰਕ ਇਕ ਬਹੁਤ ਹੀ ਵਧੀਆ ਸੰਖਿਪਤ ਅਭੀਨੰਦਨ ਗ੍ਰੰਥ ਹੀ ਬਣ ਗਿਆ ਹੈ ਜੀ ਵਧਾਈ ਅਤੇ ਧੰਨਵਾਦ! ਮਾਸਟਰ ਜੀ ਨਾਲੋਂ ਜੋ ਆਪ ਜੀ ਨੇ ਜਾਣਕਾਰੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਬਾਬਤ 'ਗੂੰਗੇ ਪਾਸੋਂ ਗੀਤਾ ਦਾ ਗਿਆਨ' ਕਰਵਾਉਣ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਇਹਨਾਂ ਸਾਹਿਤਕਾਰਾਂ ਦੀ ਰਹਿਨੁਮਾਈ ਦੀਆਂ ਬਖਸ਼ਸ਼ਾਂ ਦਾ ਜ਼ਿਕਰ ਲੇਖਾਂ ਵਿਚ ਹੋਇਆ ਹੈ, ਇਹ ਸਭ ਕਾਬਲੇ ਤਾਰੀਫ਼ ਹੈ। ਦਾਸ ਦੀ ਸਿਹਤ ਵੀ ਇੰਨੀ ਚੰਗੀ ਨਹੀਂ ਉਮਰ ਆਪਣੇ ਅੰਤ ਵੱਲ ਬੜੀ ਤੇਜ਼ੀ ਨਾਲ ਦੌੜ ਰਹੀ ਹੈ— ਸਾਨੂੰ ਤਾਂ ਰੋਣ ਵਾਲਾ ਵੀ ਕੋਈ ਨਹੀਂ ਇਸੇ ਕਰਕੇ ਮੌਤ ਹੀ ਦੂਰ ਭੱਜਦੀ ਹੈ, ਨਹੀਂ ਤਾਂ ਸਰੀਰ ਬਿਲਕੁਲ ਸਾਥ ਨਹੀਂ ਦੇ ਰਿਹਾ।

—ਸੁਰਜੀਤ ਸਿੰਘ ਜੀਤ, ਲੰਡਨ

ਵਰਿਆਮ ਦਾ ਸਤੰਬਰ ਅੰਕ ਜੋ ਕਿ ਮਾਸਟਰ ਅਮਰੀਕ ਸਿੰਘ ਦੀ ਸਰਵਪੱਖੀ ਸ਼ਖਸ਼ੀਅਤ ਨੂੰ ਸਮਰਪਤ ਜੀਂਦੇ ਜੀ ਪ੍ਰਕਾਸ਼ਤ ਕਰਕੇ ਵਰਿਆਮ ਦੇ ਸੰਪਾਦਕ ਸ. ਜਗਦੀਸ਼ ਸਿੰਘ ਵਰਿਆਮ ਨੇ ਸਾਹਿਤਕ ਹਲਕਿਆਂ ਵਿਚ ਪਹਿਲ ਕਦਮੀ ਕਰਕੇ ਸਾਹਿਤਕਾਰਾਂ ਨੂੰ ਹੋਰ ਮਿਆਰੀ ਪੜ੍ਹਨ ਤੇ ਲਿਖਣ ਲਈ ਪ੍ਰੇਰਤ ਕੀਤਾ ਹੈ। ਮਾਸਟਰ ਅਮਰੀਕ ਸਿੰਘ ਦੇ ਜੀਵਨ ਨਾਲ ਸਬੰਧ ੨੫ ਰੰਗਦਾਰ ਤਸਵੀਰਾਂ ਪ੍ਰਭਾਵਸ਼ਾਲੀ ਹਨ। ਜਗਦੀਸ਼ ਜੀ ਨੇ ਬਹੁਤ ਵਧੀਆਂ ਤਜਰਬਾ ਕੀਤਾ ਹੈ ਕਿ 'ਸੰਤ ਤਰਨ ਸਿੰਘ ਵਹਿਮੀ ਪੁਰਸਕਾਰ' ਨਾਲ ਸਨਮਾਨਤ ਅਮਰੀਕ ਸਿੰਘ ਨੂੰ ਵਰਿਆਮ ਵਿਸ਼ੇਸ਼ ਅੰਕ ਵਿਚ ਹੀਰੋ ਵਜੋਂ ਉਭਾਰਿਆ ਹੈ। ਮਾਸਟਰ ਜੀ ਬਾਰੇ ਸੰਪਾਦਕੀ ਬਹੁਤ ਢੁੱਕਵੀ ਤੇ ਭਰਪੂਰੀ ਸ਼ੈਲੀ ਵਿਚ ਹੈ। ਵਰਿਆਮ ਨਾਮਧਾਰੀ ਸੰਘਰਸ਼ ਦੇ ਸੰਗਰਾਮੀਆਂ ਬਾਰੇ ਛਾਪਕੇ ਅਜੋਕੇ ਲੇਖਕਾਂ ਨੂੰ ਦੇਸ਼ ਭਗਤੀ ਲਈ ਲਿਖਣ ਲਈ ਉਕਸਾਉਂਦਾ ਹੈ। ਵਰਿਆਮ ਮੇਰੀ ਕਾਵਿਕ ਤੇ ਵਾਰਤਿਕ ਰਚਨਾ ਦਾ ਪ੍ਰੇਰਨਾ ਸ੍ਰੋਤ ਹੈ। ਵਰਿਆਮ ਦਾ ਭੱਵਿਖ ਉੱਜਲ ਹੈ ਕਿਉਂਕਿ ਹਰ ਅੰਕ ਵਿਚ ਸਮੱਗਰੀ ਨਵੀ ਦਿਲਚਸਪ ਤੇ ਇਤਿਹਾਸਕ ਪ੍ਰਸੰਗ ਪੇਸ਼ ਕਰਦੀ ਹੈ। ਜਗਦੀਸ਼ ਜੀ ਦਾ ਸੰਘਰਸ਼ ਕਾਬਲੇ ਤਾਰੀਫ਼ ਹੈ।

ਕੁਲਦੀਪ ਸਿੰਘ ਪੱਟੀ
੬੪੪ ਮੋਰੀ ਮਹੱਲਾ ਬਹਾਦਰਪੁਰ, ਹੁਸ਼ਿਆਰਪੁਰ

ਅੱਜ ਹੀ ਮੇਰੇ ਪਾਸ ਆਪ ਜੀ ਦਾ ਭੇਜਿਆ ਪਰਚਾ, ਵਰਿਆਮ ਪਹੁੰਚਿਆ ਹੈ ਅਤੇ ਹੱਥ ਵਿਚ ਫੜਦਿਆਂ ਸਾਰ ਮਾਸਟਰ ਅਮਰੀਕ ਸਿੰਘ ਜੀ ਦੀ ਫੋਟੋ ਦੇ ਦਰਸ਼ਨ ਹੋਏ। ਅਤੇ ਸੰਤ ਤਰਨ ਸਿੰਘ ਦੀ ਵਹਿਮੀ ਪੁਰਸਕਾਰ ਹਰਿਆਣਾ ਸਰਕਾਰ

੨੦੦੮ ਲਿਖਿਆ ਪੜ੍ਹਿਆ ਤਾਂ ਮਨ ਨੂੰ ਬਹੁਤ ਖੁਸ਼ੀ ਹੋਈ ਅਤੇ ਫੋਲਿਆ ਕੁਝ ਪੜ੍ਹਿਆ ਤਾਂ ਹੋਰ ਖੁਸ਼ੀ ਹੋਈ ਕਿਉਂਕਿ ਇਹ ਅੰਕ ਜੋ ਤੁਸੀਂ ਛਾਪਿਆ ਹੈ, ਇਕ ਨਵੀਂ ਚੀਜ਼ ਛਾਪੀ ਹੈ ਜਿਹੜੀ ਅੱਜ ਤੱਕ ਮੇਰੇ ਸਾਹਮਣੇ ਨਹੀਂ ਆਈ। ਭਾਵੇਂ ਕਿਸਾਨ ਜੀ ਨੇ ਆਪ ਜੀ ਨੂੰ ਹਿਮਤ ਦਿੱਤੀ ਹੈ, ਪਰ ਆਪ ਜੀ ਨੇ ਲਿਖਾਰੀਆਂ ਪਾਸੋਂ ਵੱਧ ਤੋਂ ਵੱਧ ਫੁੱਲ ਇਕੱਠੇ ਕਰਕੇ ਸਤਿਕਾਰ ਵਜੋਂ ਮਾਸਟਰ ਜੀ ਦੇ ਹੱਥਾਂ ਵਿਚ ਬਹੁਤ ਪਿਆਰ ਭਰਿਆ ਗੁਲਦੱਸਤਾ ਭੇਂਟ ਕੀਤਾ ਹੈ।

ਮੈਂ ਆਪ ਜੀ ਦਾ ਬਹੁਤ ਧੰਨਵਾਦ ਕਰਦਾ ਹਾਂ। ਆਪ ਜੀ ਨੇ ਮਾਸਟਰ ਜੀ ਦੇ ਜੀਉਂਦੇ ਜੀ ਇਹ ਅੰਕ ਸਾਡੇ ਸਾਹਮਣੇ ਲਿਆਂਦਾ ਹੈ। ਅੱਜ ਤਕ ਪਿੱਛੇ ਬਹੁਤ ਕੁਝ ਹੋ ਚੁੱਕਿਆ ਹੈ। ਮੈਂ ਕਿਸਾਨ ਜੀ ਦਾ ਵੀ ਬਹੁਤ ਧੰਨਵਾਦੀ ਹਾਂ, ਜਿਨ੍ਹਾਂ ਇੱਕ ਨਵਾਂ ਉਪਰਾਲਾ ਕਰਵਾਇਆ ਅਤੇ ਕੀਤਾ ਹੈ।

ਅੰਦਰ ਵੱਲਵਲੇ ਬਹੁਤ ਹਨ ਪਰ ਮੈਂ ਲਿਖਾਰੀ ਨਹੀਂ ਹਾਂ ਲਿਖ ਨਹੀਂ ਸਕਦਾ।

—ਜਸਵੰਤ ਸਿੰਘ,
ਨਾਮਧਾਰੀ ਟੇਲਰ ਦਿੱਲੀ

ਵਰਿਆਮ ਦਾ ਸਤੰਬਰ ੨੦੦੮ ਅੰਕ ਮਾਸਟਰ ਅਮਰੀਕ ਸਿੰਘ ਵਿਸ਼ੇਸ਼ ਅੰਕ ਹੈ ਜੋ ਚੰਗਾ ਲੱਗਾ। ਮਾਸਟਰ ਜੀ ਨਾਲ ਮੇਰਾ ਬਹੁਤਾ ਵਾਹ ਤਾਂ ਨਹੀਂ ਪਿਆ ਪਰ ਇੱਕ ਵਾਰ ਉਨ੍ਹਾਂ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ। ਕਈ ਸਾਲ ਪਹਿਲਾ ਸਾਹਿਤ ਸਭਾ ਤਲਵੰਡੀ ਸਾਬੋ ਦਾ ਸਮਾਗਮ ਸੀ। ਉਸ ਵਿਚ ਕਈ ਨਾਮਧਾਰੀ ਕਵੀਆਂ ਨੇ ਉਤਸ਼ਾਹ ਪੂਰਵਕ ਭਾਗ ਲਿਆ ਸੀ। ਉਨ੍ਹਾਂ ਵਿਚ ਮਾਸਟਰ ਜੀ ਦੀ ਸ਼ਖਸੀਅਤ ਵਿਲੱਖਣ ਸੀ। ਇਸ ਅੰਕ ਵਿੱਚ ਮਾਸਟਰ ਜੀ ਬਾਰੇ ਚੋਖੀ ਜਾਣਕਾਰੀ ਦਿੱਤੀ ਗਈ ਹੈ ਜੋ ਸਲਾਹੁਣ ਯੋਗ ਹੈ। ਇਹ ਸਭ ਜਗਦੀਸ਼ ਸਿੰਘ ਵਰਿਆਮ ਦੀ ਹਿੰਮਤ ਹੈ ਕਿ ਉਨ੍ਹਾਂ ਨੇ ਇੱਕ ਵਿਸ਼ੇਸ਼ ਸੰਪਰਦਾ ਦਾ ਪਰਚਾ ਹੋਣ ਦੇ ਬਾਵਜੂਦ ਇਸ ਦਾ ਸਾਹਿਤਕ ਮਿਆਰ ਕਾਇਮ ਰੱਖਿਆ ਹੋਇਆ ਹੈ, ਜਿਸ ਵਿਚ ਉੱਘੇ ਲੇਖਕ ਯੋਗਦਾਨ ਪਾ ਰਹੇ ਹਨ।

—ਨਵਰਾਗੀ ਘੁਗਿਆਣਵੀ
ਪ੍ਰਧਾਨ, ਪੰਜਾਬੀ ਸਾਹਿਤ ਸਭਾ, ਫਰੀਦਕੋਟ

ਤੁਸੀਂ ਸਤੰਬਰ ੨੦੦੮ ਦੇ ਵਰਿਆਮ ਦਾ ਮਾਸਟਰ ਅਮਰੀਕ ਸਿੰਘ ਵਿਸ਼ੇਸ਼ ਅੰਕ ਪ੍ਰਕਾਸ਼ਤ ਕਰਕੇ ਵੱਡਾ ਪਰਉਪਕਾਰੀ ਕੰਮ ਕੀਤਾ ਹੈ। ਸ੍ਰੀ ਜੀਵਨ ਨਗਰ ਸਾਹਿਤਕ ਲਹਿਰ ਦੇ ਥੰਮ ਸੰਤ ਤਰਨ ਸਿੰਘ ਵਹਿਮੀ ਹੁਰਾਂ ਦੀ ਯਾਦ ਵਿਚ ਹਰਿਆਣਾ ਸਰਕਾਰ ਦੀ 'ਹਰਿਆਣਾ ਪੰਜਾਬੀ ਸਾਹਿਤ ਅਕਾਡਮੀ' ਵੱਲੋਂ ਐਵਾਰਡ ਜਾਰੀ ਕਰਨਾ ਹਰਿਆਣਾ ਸਰਕਾਰ ਦਾ ਇਕ ਉਤਮ ਅਤੇ ਸਹੀ ਫੈਸਲਾ ਹੈ। ਫੇਰ ਇਹ ਐਵਾਰਡ ਮਾਸਟਰ ਅਮਰੀਕ ਸਿੰਘ ਹੁਰਾਂ ਨੂੰ ਮਿਲਣਾ ਹੋਰ ਵੀ ਸੋਨੇ ਤੇ ਸੁਹਾਗੇ ਵਾਲੀ ਗੱਲ ਹੈ। ਆਪ ਸੰਤ ਤਰਨ ਸਿੰਘ, ਪ੍ਰੀਤਮ ਸਿੰਘ ਕਵੀ ਹੁਰਾਂ ਦੀ ਆਰੰਭ ਕੀਤੀ ਨਾਮਧਾਰੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਦੇ ਸਰਗਰਮ ਆਗੂ ਹਨ। ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿ. ਨਾਲ ਸੰਬੰਧਤ ਇਹ ਸਭਾ ਇਲਾਕੇ ਵਿਚ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੀ ਪ੍ਰਫੁਲਤਾ ਲਈ ਸਿਰਤੋੜ ਯਤਨ ਕਰ ਰਹੀ ਹੈ। ਮਾਸਟਰ ਅਮਰੀਕ ਸਿੰਘ ਕੋਈ ਅੱਠ ਸਾਲ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਜ਼ਿਲ੍ਹਾ ਸਿਰਸਾ ਦੇ ਪ੍ਰਧਾਨ ਰਹੇ ਹਨ। ਆਪ ਜੀ ਦੀ ਕਲਮ ਤੋਂ ਮਿੱਠੀਆਂ ਮਿਰਚਾਂ, ਦਰਦ ਦਾ ਅਹਿਸਾਸ, ਸੱਚੀ ਤੇਗੀ ਸ਼ਿਫਤ ਉਚ-ਪਾਏ ਦੀਆਂ ਕਾਵਿ-ਪੁਸਤਕਾਂ ਦੀ ਰਚਨਾ ਹੋਈ ਹੈ।

ਸਾਧੂ ਸਿੰਘ ਕਿਸਾਨ ਜੀ ਨੇ 'ਵਰਿਆਮ' ਦਾ ਮਾਸਟਰ ਅਮਰੀਕ ਸਿੰਘ ਵਿਸ਼ੇਸ਼ ਅੰਕ ਪ੍ਰਕਾਸ਼ਤ ਕਰਾਉਣ ਬਾਰੇ ਆਪ ਜੀ ਨਾਲ ਇਕ ਸਹੀ ਅਤੇ ਉਤਮ ਸਲਾਹ ਕੀਤੀ, ਜਿਸਨੂੰ ਤੁਸੀਂ ਅਮਲੀ ਜਾਮਾ ਪਹਿਨਾ ਕੇ ਪਾਠਕਾਂ ਦੇ ਰੂ-ਬ-ਰੂ ਕਰ ਦਿਤਾ। ਮਾਸਟਰ ਅਮਰੀਕ ਸਿੰਘ ਜੀ ਨੂੰ ਮੇਰੀ ਵਲੋਂ ਵਰਿਆਮ ਦਾ ਵਿਸ਼ੇਸ਼ ਅੰਕ ਪ੍ਰਕਾਸ਼ਤ ਹੋਣ ਅਤੇ ਸੰਤ ਤਰਨ ਸਿੰਘ ਵਹਿਮੀ ਯਾਦਗਾਰੀ ਐਵਾਰਡ ਮਿਲਣ ਤੇ ਬਹੁਤ ਵਧਾਈ ਅਤੇ ਸ਼ੁਭ ਕਾਮਨਾਵਾਂ!

—ਤੇਜਵੰਤ ਮਾਨ (ਡਾ.)
ਜਨਰਲ ਸਕੱਤਰ
ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿ.)

ਨਾਮਧਾਰੀ ਅੰਦੋਲਨ ਜੀ ਡੇਢ ਸ਼ਤਾਬਦੀ ਪੂਰੀ ਹੋਣ ਤੇ ਪੰਜਾਬ ਸਰਕਾਰ ਵੱਲੋਂ ਨਾਮਧਾਰੀਆਂ ਦੇ ਸਹਿਯੋਗ ਨਾਲ ਸਰਕਾਰੀ ਪੱਧਰ ਤੇ ਵਿਚਾਰ ਗੋਸ਼ਟੀਆਂ ਜਾਂ ਸਮਾਗਮਾਂ ਦਾ ਆਯੋਜਨ ਵੱਖ-ਵੱਖ ਪੱਧਰ ਤੇ ਹੋ ਰਿਹਾ ਹੈ। ਇਸੇ ਲੜੀ ਵਿਚ ਡੀ.ਏ.ਵੀ. ਕਾਲਜ ਜਲੰਧਰ ਤੇ ਬਨਾਰਸੀਦਾਸ ਆਰੀਆ ਕਾਲਜ ਜਲੰਧਰ ਛਾਉਣੀ ਵਿਚ ਵੀ ਸਮਾਗਮ ਹੋ ਚੁੱਕੇ ਹਨ ਜਿਨ੍ਹਾਂ ਦੀ ਚਰਚਾ ਪੜ੍ਹਨ ਵਿਚ ਬਹੁਤ ਘਟ ਆਈ ਹੈ। ਇਸੇ ਸਬੰਧ ਵਿਚ ਕੁਝ ਵੱਖਰੀ ਕਿਸਮ ਦਾ ਸਮਾਗਮ ਭਾਸ਼ਾ ਵਿਭਾਗ ਪੰਜਾਬ ਵਲੋਂ ਪੰਜਾਬੀ ਭਵਨ ਲੁਧਿਆਣਾ ਵਿਚ, ਵੀ ਕਰਵਾਇਆ ਗਿਆ ਸੀ ਤੇ ਫਿਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਪੰਜਾਬ ਜਰਾਇਤੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਵੀ ਇਸ ਤਰ੍ਹਾਂ ਦਾ ਯੋਗਦਾਨ ਪਾਇਆ ਗਿਆ ਹੈ। ਨਾਮਧਾਰੀ ਸਾਹਿਤ ਅਤੇ ਇਤਿਹਾਸ ਦੀ ਖੋਜ ਦੇ ਲੇਖੇ ਆਪਣਾ ਜੀਵਨ ਲਾਇਆ ਹੋਣ ਕਾਰਨ ਮੈਨੂੰ ਉਕਤ ਸਾਰੇ ਸਮਾਗਮਾਂ ਵਿਚ ਸ੍ਰੋਤਿਆਂ ਦੇ ਦਰਸ਼ਨ ਕਰਨ ਦਾ ਅਵਸਰ ਪ੍ਰਾਪਤ ਹੁੰਦਾ ਰਿਹਾ ਹੈ। ਇਹ ਗੱਲ ਵੱਖਰੀ ਹੈ ਕਿ ਇਨ੍ਹਾਂ ਦੀਆਂ ਛਪੀਆਂ ਰਿਪੋਰਟਾਂ ਵਿਚੋਂ ਮੈਂ ਅਕਸਰ ਅਲੋਪ ਰਿਹਾ ਹਾਂ।

ਮੇਰੀ ਜਾਚੇ ਜ਼ਰਾਇਤੀ ਯੂਨੀਵਰਸਿਟੀ ਵਿਚ ਹੋਇਆ ਸਮਾਗਮ ਬਹੁਤਾ ਸਫਲ ਤੇ ਪ੍ਰਭਾਵਸ਼ਾਲੀ ਸੀ ਕਿਉਂਕਿ ਇਸ

ਵਿਚ ਸ੍ਰੋਤਿਆਂ ਵਿਚ ਯੂਨੀਵਰਸਿਟੀ, ਪ੍ਰੋਫੈਸਰ, ਇਤਿਹਾਸਕਾਰ, ਵਿਦਵਾਨ ਤੇ ਵਿਦਿਆਰਥੀ ਵੀ ਸ਼ਾਮਲ ਸਨ ਤੇ ਇਸ ਸਮਾਗਮ ਨੂੰ ਸੰਬੋਧਨ ਕਰਨ ਵਾਲਿਆਂ ਵਿਚ ਡਾ. ਪ੍ਰਿਥੀਪਲ ਸਿੰਘ ਕਪੂਰ ਜਹੇ ਇਤਿਹਾਸਕਾਰ ਤੇ ਡਾਕਟਰ ਸਰਦਾਰਾ ਸਿੰਘ ਜੌਹਲ ਜਹੇ ਆਰਥਿਕ ਵਿਗਿਆਨੀ ਤੇ ਨਾਮਧਾਰੀਆਂ ਦੇ ਇਤਿਹਾਸ ਦੇ ਗਿਆਤਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚਲੀ ਸਤਿਗੁਰੂ ਰਾਮ ਸਿੰਘ ਚੇਅਰ ਦੇ ਮੁਖੀ ਡਾਕਟਰ ਜੋਗਿੰਦਰ ਸਿੰਘ ਜਹੇ ਉਚ ਕੋਟੀ ਦੇ ਵਿਦਵਾਨ ਸ਼ਾਮਲ ਸਨ।

ਇਸ ਸਮਾਗਮ ਵਿਚ ਡਾ. ਪ੍ਰਿਥੀਪਾਲ ਸਿੰਘ ਕਪੂਰ ਹੋਰਾਂ ਤੋਂ ਪਿਛੋਂ ਮੈਨੂੰ ਸ੍ਰੋਤਿਆਂ ਨਾਲ ਵਿਚਾਰ ਸਾਂਝੇ ਕਰਨ ਦਾ ਮੌਕਾ ਪ੍ਰਾਪਤ ਹੋਇਆ। ਮੈਂ ਇਹ ਸੋਚ ਕੇ ਕਿ ਹਾਲ ਵਿਚ ਹਾਜ਼ਰ ਉਚ ਕੋਟੀ ਦੇ ਸ੍ਰੋਤਿਆਂ ਦੇ ਨਾਲ-ਨਾਲ ਇਸ ਗੱਲ ਨੂੰ ਵੀ ਧਿਆਨ ਵਿਚ ਰੱਖਦਿਆਂ ਕਿ ਅਕਸਰ ਸਾਰੇ ਪੜ੍ਹੇ ਲਿਖੇ ਜਾਂ ਨਾਮਧਾਰੀ ਇਤਿਹਾਸ ਬਾਰੇ ਕਲਮ ਚੁਕਣ ਵਾਲੇ ਪਹਿਲਾਂ ਡਾਕਟਰ ਗੰਡਾ ਸਿੰਘ ਰਚਿਤ ਕੂਕਿਆਂ ਦੀ ਵਿਥਿਆ ਪੜ੍ਹ ਕੇ ਜੋ ਪ੍ਰਭਾਵ ਲੈਂਦੇ ਹਨ ਉਸੇ ਨੂੰ ਹੀ ਪਾਠਕਾਂ ਅਗੇ ਰੱਖ ਦਿੰਦੇ ਹਨ ਜਿਸ ਦਾ ਪ੍ਰਭਾਵ ਗਲਤ ਪੈਣਾ ਅਗਿਉਂ ਅਗੇ ਜਾਰੀ ਰਹਿੰਦਾ ਹੈ। ਆਪਣੀ ਗੱਲ ਡਾਕਟਰ ਗੰਡਾ ਸਿੰਘ ਤੋਂ ਹੀ ਸ਼ੁਰੂ ਕਰਦਿਆਂ ਦਸਿਆ ਸੀ ਕਿ ਨਾਮਧਾਰੀ ਇਤਿਹਾਸ ਵਿਚ ਜਿੰਨੀ ਤੋੜ ਭੰਨ ਤੇ ਮਿਲਾਵਟ ਡਾਕਟਰ ਗੰਡਾ ਸਿੰਘ ਜੀ ਨੇ ਇਕ ਵਿਸੇਸ਼ ਉਦੇਸ਼ ਨਾਲ ਕੀਤੀ ਹੈ, ਓਨੀ ਕਿਸੇ ਹੋਰ ਨਾਮੀ ਇਤਿਹਾਸਕਾਰ ਨੇ ਨਹੀਂ ਕੀਤੀ। ਆਪਣੀ ਗੱਲ ਦੀ ਪੁਸ਼ਟੀ ਲਈ ਮੈਂ ਇੱਕ ਉਦਾਹਰਣ ਵੀ ਦਿਤੀ ਸੀ।

ਮੇਰੇ ਲਈ ਹੈਰਾਨੀ ਵਾਲੀ ਗੱਲ ਇਹ ਹੈ ਕਿ ਇਸ ਗੋਸ਼ਟੀ ਦੀ ਜੋ ਰਿਪੋਰਟ ਵਰਿਆਮ ਸਮੇਤ ਹੋਰ ਕਈ ਅਖਬਾਰਾਂ ਰਸਾਲਿਆਂ ਵਿਚ ਛਪੀ ਹੈ, ਉਸ ਵਿਚ ਮੇਰੇ ਨਾਂ ਤੇ ਸ਼ਬਦ ਇਹੋ ਜਹੇ ਛਪੇ ਹਨ ਜਿਵੇਂ ਮੈਂ ਡਾਕਟਰ ਗੰਡਾ ਸਿੰਘ ਜੀ ਦੀ ਵਕਾਲਤ ਕੀਤੀ ਹੋਵੇ। ਛਪਿਆ ਇਹ ਹੈ ਕਿ ਡਾਕਟਰ ਗੰਡਾ ਸਿੰਘ ਹੋਰਾਂ ਦੀ ਲਿਖਤ ਵਿਚ ਊਣਤਾਈਆਂ ਇਸ ਕਰ ਕੇ ਕਿ ਉਨ੍ਹਾਂ ਕੋਲ ਸ੍ਰੋਤਾਂ ਦੀ ਘਾਟ ਸੀ ਜਦਕਿ ਨਾ ਮੈਂ ਇਹ ਗੱਲ ਹੀ ਆਖੀ ਹੈ ਤੇ ਨਾ ਹੀ ਮੇਰਾ ਭਾਵ ਇਹ ਸੀ। ਡਾਕਟਰ ਗੰਡਾ ਸਿੰਘ ਕੋਲ ਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਦੀਆਂ ਨਕਲਾਂ ਵੀ ਸਨ ਚਾਹੇ ਅਸੀਂ ਉਨ੍ਹਾਂ ਨੂੰ ਭ੍ਰਿਸ਼ਟ ਮੰਨਦੇ ਹਾਂ, ਸਰਕਾਰੀ ਰਿਕਾਰਡ ਤਕ ਉਨ੍ਹਾਂ ਦੀ ਉਦੋਂ ਪਹੁੰਚ ਸੀ ਜਦੋਂ ਕਿਸੇ ਨਾਮਧਾਰੀ ਨੂੰ ਰਿਕਾਰਡ ਦਫਤਰ ਦੇ ਨੇੜਿਉਂ ਵੀ ਸ਼ਾਇਦ ਲੰਘਣ ਨਾ ਦਿਤਾ ਜਾਂਦਾ ਹੋਵੇ। ਹੋਰ ਕਿਹੜਾ ਰਿਕਾਰਡ ਉਨ੍ਹਾਂ ਨੂੰ ਚਾਹੀਦਾ ਸੀ। ਅਸਲ ਗੱਲ ਉਹੀ ਹੈ ਕਿ ਰਿਕਾਰਡ ਉਦੋਂ ਵੀ ਸੀ ਜਿਹੜਾ ਹੁਣ ਨਾਮਧਾਰੀ ਖੋਜੀ ਲੱਭ ਕੇ ਕਢ ਰਹੇ ਹਨ ਪਰ ਡਾਕਟਰ ਸਾਹਿਬ ਦੀ ਅੱਖ ਹੋਰ ਤਰ੍ਹਾਂ ਦੀ ਸੀ ਉਹ ਨਾਮਧਾਰੀਆਂ ਦੇ ਚੁਣ ਚੁਣ ਕੇ ਕੀੜੇ ਕਢਣ ਦੇ ਆਦੀ ਸਨ ਇਸ ਲਈ ਉਨ੍ਹਾਂ ਨੇ ਰਿਕਾਰਡ ਉਸੇ ਤਰ੍ਹਾਂ ਦਾ ਪੇਸ਼ ਕੀਤਾ ਤੇ ਜਿਹੜਾ ਸੋਭਾ ਅੰਗਰੇਜ਼ਾਂ ਦੀ ਵਧਾਉਂਦਾ ਸੀ।

ਫਿਰ, ਸਭ ਥਾਈਂ ਰਿਪੋਰਟਾਂ ਦੀ ਇਕੋ ਸ਼ਬਦਾਵਲੀ ਵਿਚ ਛਪੀਆਂ ਹੋਣਾ ਇਸ ਗੱਲ ਦਾ ਪ੍ਰਮਾਣ ਹੈ ਕਿ ਰਿਪੋਰਟ ਇਕ ਵਿਅਕਤੀ ਦੀ ਤਿਆਰ ਕੀਤੀ ਹੀ ਸਭ ਨੇ ਪ੍ਰਯੋਗ ਕੀਤੀ ਹੈ। ਅੰਗਰੇਜ਼ੀ ਵਿਚ ਜਿਥੇ ਵੀ ਰਿਪੋਰਟ ਛਪੀ ਹੈ ਉਸ ਵਿਚੋਂ ਮੇਰਾ ਨਾਂ ਉਂਜ ਹੀ ਅਲੋਪ ਹੈ। ਰਿਪੋਰਟ ਵਿਚ ਗਲਤ ਸ਼ਬਦ ਛਪਣ ਨਾਲ ਸਾਡਾ ਹੀ ਇਤਿਹਾਸ ਵਿਗੜਦਾ ਹੈ। ਇਸ ਲਈ ਮੈਨੂੰ ਇਹ ਸਪਸ਼ਟੀ ਕਰਨ ਲਿਖਣਾ ਪਿਆ ਹੈ ਕਿ ਮੈਂ ਤਾਂ ਡਾਕਟਰ ਗੰਡਾ ਸਿੰਘ ਦੀ ਕਲਈ ਖੋਲ੍ਹਣ ਦਾ ਜਤਨ ਕੀਤਾ ਸੀ, ਇਉਂ ਨਹੀਂ ਸੀ ਆਖਿਆ ਜਿਵੇਂ ਛਪਿਆ ਹੈ।

ਸਵਰਨ ਸਿੰਘ ਸਨੇਹੀ
ਸ਼ਾਹਪੁਰ (ਫਿਲੌਰ)

ਵਰਿਆਮ ਨੂੰ ਸਹਾਇਤਾ

- ਸ. ਗੁਰਮੁਖ ਸਿੰਘ ਸਪੁੱਤਰ ਸੰਤ ਤਰਨ ਸਿੰਘ ਵਹਿਮੀ ਰਾਮਪੁਰ ਥੁਥੀਆੜੀ (ਸਰਸਾ) ਆਪਣੇ ਸਪੁੱਤਰ ਨਵਰਾਜ ਸਿੰਘ ਗੁਰਾਇਆ ਅਤੇ ਬੀਬੀ ਨਿਰਮਲ ਕੌਰ ਸਪੁਤਰੀ ਸ. ਬਲਦੇਵ ਸਿੰਘ ਭੁੱਲਰ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ	੫੦੦-੦੦
- ਸ. ਸੇਵਾ ਸਿੰਘ ਬਲਸੂਰ ਦੀ ਮਾਤਾ ਅਤਰ ਕੌਰ-ਸਪਤਨੀ ਸਵ: ਸੰਤ ਖੜਕ ਸਿੰਘ ਨਾਮਧਾਰੀ (ਦਾਦੀ ਸੰਤ ਸੁਰਿੰਦਰ ਸਿੰਘ ਛਿੰਦਾ) ੧੦ ਅਗਸਤ ੨੦੦੮ ਨੂੰ ਸਦੀਵੀ ਵਿਛੋੜਾ ਦੇ ਗਏ। ਉਹਨਾਂ ਨਮਿਤ ਭੋਗ ੨੪ ਅਗਸਤ ਨੂੰ ਪਾਇਆ ਗਿਆ। ਇਸ ਅਵਸਰ ਤੇ ਸ. ਸੇਵਾ ਸਿੰਘ ਦੀ ਵਲੋਂ ਸਹਾਇਤਾ	੫੦੦-੦੦
- ਸੰਤ ਸਤਵਿੰਦਰ ਸਿੰਘ ਨਾਮਧਾਰੀ, ਡਾਲਟਨ ਗੰਜ ਵੱਲੋਂ ਬੀਬੀ ਗੁਰਚਰਨ ਕੌਰ ਨਮਿਤ ਭੋਗ ਦੇ ਅਵਸਰ ਤੇ	੫੦੦-੦੦
- ਸ. ਅਜੀਤ ਸਿੰਘ ਸੱਗੂ ਬੀਬੀ ਕਲਮਜੀਤ ਕੌਰ ਇੰਗਲੈਂਡ ਵਲੋਂ ਕਾਕਾ ਕ੍ਰਿਸ਼ਨ ਤਾਰਾ ਸਿੰਘ (ਪੋਤਰਾ ਸੰਤ ਤਾਰਾ ਸਿੰਘ ਅਨਜਾਣ ਦੇ ਜਨਮ ਦੀ ਖੁਸ਼ੀ ਵਿਚ	੫੦ ਪੌਂਡ
- ਸੰਤ ਸੁਲੱਖਣ ਸਿੰਘ ਜੀ ਭੱਟੀ ਦਿੱਲੀ ਵੱਲੋਂ ਅੰਮ੍ਰਿਤਸਰ ਦੇ ਸ਼ਹੀਦਾਂ ਦੀ ਯਾਦ ਵਿੱਚ ਮੇਲੇ ਸਮੇਂ ਆਪਣੇ ਮਾਤਾ-ਪਿਤਾ ਦੀ ਯਾਦ ਵਿਚ	੫੦੦-੦੦



ਕਵਿਤਾ ਕੇਂਦਰ ਚੰਡੀਗੜ੍ਹ ਦੀ ਵਿਸ਼ੇਸ਼ ਬੈਠਕ 'ਚ ਸ਼ਹੀਦ ਭਗਤ ਸਿੰਘ ਅਣਥੱਕ ਜੀਵਨ ਗਾਥਾ ਦਾ ਵਿਮੋਚਨ ਕਰਦੇ ਹੋਏ ਪ੍ਰੋ. ਅਨੂਪ ਸਿੰਘ ਵਿਰਕ, ਨ੍ਰਿਪਇੰਦਰ ਸਿੰਘ ਰਤਨ, ਪ੍ਰੋ. ਜਗਮੋਹਨ ਸਿੰਘ, ਡਾ. ਬੀ.ਕੇ. ਪੰਨੂ ਪ੍ਰਵਾਜ, ਸ਼ਾਇਰਾ ਇੰਦਰਜੀਤ ਨੰਦਨ, ਕਰਮ ਸਿੰਘ ਵਕੀਲ ਅਤੇ ਡਾ. ਲਾਭ ਸਿੰਘ ਖੀਵਾ।



ਪ੍ਰਸਿੱਧ ਕਮਿਊਨਿਸਟ ਨੇਤਾ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੇ ਨਿਧਨ ਬਾਦ ਉਹਨਾਂ ਦੇ ਜੱਦੀ ਪਿੰਡ ਬੰਡਾਲਾ ਜ਼ਿਲ੍ਹਾ ਜਲੰਧਰ ਵਿਚ ਮਹਾਨ ਸ਼ਰਧਾਂਜਲੀ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਸੇਸ਼ ਪ੍ਰਤੀਨਿਧ ਸੂਬਾ ਬਲਵਿੰਦਰ ਸਿੰਘ ਝੱਲ ਪ੍ਰਧਾਨ ਨਾਮਧਾਰੀ ਵਿਦਿਅਕ ਜਥਾ। ਸਟੇਜ ਤੇ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ, ਮਾਰਕਸੀ ਕਮਿਊਨਿਸਟ ਪਾਰਟੀ ਦੇ ਨੇਤਾ, ਪ੍ਰਕਾਸ਼ ਕਰਾਤ, ਬ੍ਰਿੰਦਾ ਕਰਾਤ, ਸੀਤ ਰਾਮ ਯੇਚੁਰੀ, ਕਾਮਰੇਡ ਸੁਰਜੀਤ ਦੀ ਧਰਮਪਤਨੀ ਸ੍ਰੀਮਤੀ ਪ੍ਰੀਤਮ ਕੌਰ ਅਤੇ ਹੋਰ ਪ੍ਰਮੁਖ ਨੇਤਾ

Registered No. PB 0016 (2006-2008) Monthly Wariam Ladowali Road, Jalandhar - 144 001
Regd. RNI No. 26453/75
October 2008





ਨਿਊਯਾਰਕ ਅਮਰੀਕਾ ਵਿਚ ਨਾਮਧਾਰੀ ਫਾਊਂਡੇਸ਼ਨ ਵਲੋਂ ਕੂਕਾ ਮੂਵਮੈਂਟ ਦਾ ਇਤਿਹਾਸ ਦਰਸਾਉਂਦੀਆਂ ਝਾਕੀਆਂ

ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫੋਨ : 0181-2222543, ਨਿਵਾਸ : 0181-2456289